ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

The Motto of Our University
(SEWA)

SKILL ENHANCEMENT
EMPLOYABILITY
WISDOM
ACCESSIBILITY

SELF-INSTRUCTIONAL STUDY MATERIAL FOR JGND PSOU

ALL COPYRIGHTS WITH JGND PSOU, PATIALA

JAGAT GURU NANAK DEV
PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

M.A (PUNJABI)
(PBIM21418T)

ਪਰਚਾ ਅਠਾਰਵਾਂ

SEMESTER-IV

Head Quarter: C/28, The Lower Mall, Patiala-147001
WEBSITE: www.psou.ac.in

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

JAGAT GURU NANAK DEV PUNJAB STATE OPEN UNIVERSITY, PATIALA
(Established by Act No. 19 of 2019 of the Legislature of State of Punjab)

COURSE COORDINATOR AND EDITOR:
DR. AMARJIT SINGH
ASSISTANT PROFESSOR IN PUNJABI

WRITERS:-

1. DR. JASWINDER KAUR
2. DR. DAVINDER SINGH
3. DR. MANJEET SINGH
4. DR. SARABJEET SINGH
5. DR. PAWAN KUMAR

JAGAT GURU NANAK DEV PUNJAB STATE OPEN UNIVERSITY
PATIALA
(Established by Act No. 19 of 2019 of the Legislature of State of Punjab)

PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof. G.S Batra
Dean Academic Affairs

M.A (PUNJABI)
(ਸਮੈਸਟਰ–ਚੌਥਾ)

ਅਠਾਰਵਾਂ ਪਰਚਾ : ਪੰਜਾਬੀ ਭਾਸ਼ਾ ਤੇ ਗੁਰਮੁਖੀ ਆਰਥੋਗਰਾਫ਼ੀ

ਕੁੱਲ ਅੰਕ : 100
ਬਾਹਰੀ ਮੁਲਾਂਕਣ:70
ਅੰਦਰੂਨੀ ਮੁਲਾਂਕਣ:30
ਪਾਸ: 40%
ਕ੍ਰੈਡਿਟ:4

ਉਦੇਸ਼:
ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਪੰਜਾਬੀ ਭਾਸ਼ਾ ਤੇ ਗੁਰਮੁਖੀ ਆਰਥੋਗਰਾਫ਼ੀ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਪੰਜਾਬੀ ਭਾਸ਼ਾ ਤੇ ਗੁਰਮੁਖੀ ਆਰਥੋਗਰਾਫ਼ੀ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਤੇ ਗੁਰਮੁਖੀ ਆਰਥੋਗਰਾਫ਼ੀ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

INSTRUCTIONS FOR THE PAPER SETTER/EXAMINER:

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions each from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

INSTRUCTIONS FOR THE CANDIDATES:

Candidates are required to attempt any two questions each from the sections A, and B of thequestion paper, and any ten short answer questions from Section C. They have to attempt questions only at one place and only once. Second or subsequent attempts, unless the earlierones have been crossed out, shall not be evaluated.

ਭਾਗ ੳ– ਪੰਜਾਬੀ ਦੀਆਂ ਵਿਆਕਰਨ ਇਕਾਈਆਂ : ਵਿਆਕਰਣਕ ਇਕਾਈਆਂ – ਪਰਿਭਾਸ਼ਾ ਅਤੇ ਬਣਤਰ ਵਾਕ – ਪੰਜਾਬੀ ਵਾਕ ਬਣਤਰ : ਉਪਵਾਕ, ਸਵਾਧੀਨ ਅਤੇ ਪਰਾਧੀਨ ਵਾਕ ਨਾਂਵ ਵਾਕੰਸ਼ ਅਤੇ ਕਿਰਿਆ ਵਾਕੰਸ਼ : ਸ਼ਬਦ ਰੂਪ ਅਤੇ ਕਾਰਜ ਦੇ ਆਧਾਰ ਉੱਤੇ ਸ਼੍ਰੇਣਿਕ ਵੰਡ, ਸ਼ਬਦ ਰਚਨਾ ਦੀਆਂ ਵਿਧੀਆਂ, ਭਾਵੰਸ਼ ਸਥਾਪਨ ਦੇ

ਆਧਾਰ, ਰੂਪ , ਸਹਿਰੂਪ ਅਤੇ ਭਾਵੰਸ਼ ਦਾ ਨਿਖੇੜਾ,ਭਾਵੰਸ਼ ਦੀਆਂ ਕਿਸਮਾਂ - ਮੁਕਤ, ਯੁਕਤ, ਸਮਧੁਨੀ ਧਾਤੂ ਅਤੇ ਵਧੇਤਰ ਦਾ ਨਿਖੇੜਾ

ੳ.1 ਵਧੇਤਰ ਵੰਨਗੀਆਂ - ਅਗੇਤਰ ਅਤੇ ਪਿਛੇਤਰ ਦੇ ਮੁੱਖ ਲੱਛਣ ਵਧੇਤਰਾਂ ਦੇ ਕਾਰਜੀ ਪੱਖ - ਵਿਉਂਤਪਤੀ ਅਤੇ ਰੂਪਾਂਤਰੀ ; ਸ਼੍ਰੇਣੀ ਰਖਿਅਕ ਅਤੇ ਸ਼੍ਰੇਣੀ ਬਦਲੂ ਪੰਜਾਬੀ ਦੇ ਵਿਆਕਰਣਕ ਵਰਗ : ਵਚਨ, ਲਿੰਗ, ਕਾਲ, ਵਾਚ, ਪੁਰਖ

ੳ.2 ਕਾਰਕ ਅਤੇ ਆਸਪੈਕਟ ਦੀ ਸਥਾਪਨਾ ਦੇ ਆਧਾਰ

ਭਾਗ ਅ- ਅਰਥ-ਵਿਗਿਆਨ : ਪਰਿਭਾਸ਼ਾ, ਭਾਰਤੀ ਅਰਥ ਸਿਧਾਂਤ, ਕੋਸ਼ਕਾਰੀ ਅਤੇ ਪੰਜਾਬੀ ਕੋਸ਼ਕਾਰੀ - ਸਥਿਤੀ ਤੇ ਸੰਭਾਵਨਾਵਾਂ ਕੋਸ਼ਕਾਰੀ ਦੇ ਪਰਿਪੇਖ ਵਿਚ ਸ਼ਾਬਦਿਕ ਅਤੇ ਪ੍ਰਸੰਗਿਕ ਅਰਥ ਦਾ ਨਿਖੇੜਾ,ਅਰਥ ਆਧਾਰਤ ਸ਼ਬਦਵੰਨਗੀਆਂ -ਸਮਾਨਾਰਥਕ, ਵਿਰੋਧਾਰਥਕ, ਬਹੁ-ਅਰਥਕ, ਸਮੂਹ ਅਰਥਕ, ਸਮਨਾਮ ਸ਼ਬਦ;ਅਰਥ ਪਰਿਵਰਤਨ ਦੀਆਂ ਦਿਸ਼ਾਵਾਂ ਅਰਥ ਵਿਸਤਾਰ, ਅਰਥ ਸੰਕੋਚ, ਅਰਥ ਪਲਟਾ ਭਾਰਤੀ ਭਾਸ਼ਾਈ ਪਰਿਵਾਰ : ਭਾਰਤੀ ਆਰੀਆਈ ਭਾਸ਼ਾ ਪਰਿਵਾਰ ਦਾ ਵਿਕਾਸ; ਪ੍ਰਾਚੀਨ ਭਾਰਤੀ ਆਰੀਆਈ ਭਾਸ਼ਾ ਪਰਿਵਾਰ ਨਾਲ ਪੰਜਾਬੀ ਦਾ ਸੰਬੰਧ ਪੰਜਾਬੀ ਭਾਸ਼ਾ ਦਾ ਨਿਕਾਸ; ਪੰਜਾਬੀ ਭਾਸ਼ਾ ਦਾ ਵਿਕਾਸ : ਜੁਗਤ ਤੇ ਵਰਤੋ ਦਾ ਵਿਕਾਸ

ਅ.1 ਉਪ-ਭਾਸ਼ਾ ਵਿਗਿਆਨ : ਭਾਸ਼ਾ ਅਤੇ ਉਪ-ਭਾਸ਼ਾਵਾਂ - ਸਿਧਾਂਤਕ ਸੰਕਲਪ, ਲੱਛਣ ਅਤੇ ਸਥਾਪਤੀ ਪੰਜਾਬੀ ਦੀਆਂ ਉਪ-ਭਾਸ਼ਾਵਾਂ : ਜਾਣ-ਪਛਾਣ, ਖੇਤਰ ਅਤੇ ਵਿਸ਼ੇਸ਼ਤਾਵਾਂ

ਅ.2 ਗੁਰਮੁਖੀ ਆਰਥੋਗਰਾਫ਼ੀ : ਆਰਥੋਗਰਾਫ਼ੀ ਦੇ ਤੱਤ : ਖਾਕਾ, ਤਰਕੀਬਾਂ, ਲਿਪੀ, ਵਿਰਾਮ ਚਿੰਨ੍ਹ, ਸ਼ਬਦਜੋੜ : ਗੁਰਮੁਖੀ ਅੱਖਰਾਂ ਤੇ ਲਗਾਂ ਮਾਤਰਾਂ ਦੀ ਵਰਤੋ ਦੇ ਨੇਮ - ਮਾਤਰਾ ਅਤੇ ਮਾਤਰਾ-ਵਾਹਕ ਪੰਜਾਬੀ ਸੁਰ ਅਤੇ ਗੁਰਮੁਖੀ, ਬਿੰਦੀ, ਟਿੱਪੀ ਤੇ ਅੱਧਕ; ਪੰਜਾਬੀ ਸ਼ਬਦ-ਜੋੜ; ਗੁਰਮੁਖੀ ਲਿਪੀ ਦਾ ਨਿਕਾਸ ਅਤੇ ਵਿਕਾਸ : ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ

ਭਾਗ-ੲ

ਭਾਗ ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।

ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ

1. ਭਾਗ ੳ.1 ਵਿੱਚੋਂ ਪੰਜਾਬੀ ਦੀਆਂ ਵਿਆਕਰਨ ਇਕਾਈਆਂ ਨਾਲ ਸੰਬੰਧ ਦੇ ਵਿਸ਼ਾ ਖੇਤਰ ਵਿੱਚੋਂ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਵਧੇਤਰ ਵੰਨਗੀਆਂ ਦੀ ਵਿਆਖਿਆ।
3. ਭਾਗ ੳ.2 ਕਾਰਕ ਅਤੇ ਆਸਪੈਕਟ ਦੀ ਸਥਾਪਨਾ ਦੇ ਆਧਾਰ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਕਾਰਕ ਅਤੇ ਆਸਪੈਕਟ ਦੀ ਸਥਾਪਨਾ ਦੇ ਆਧਾਰ ਦੇ ਰੂਪਾਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
5. ਅਰਥ-ਵਿਗਿਆਨ ਦੇ ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਅਰਥ-ਵਿਗਿਆਨ, ਉਪ-ਭਾਸ਼ਾ ਵਿਗਿਆਨ, ਗੁਰਮੁਖੀ ਆਰਥੋਗਰਾਫ਼ੀ ਨਾਲ ਸਬੰਧਤ ਪ੍ਰਸ਼ਨ ਪੁੱਛੇ ਜਾਣਗੇ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

ਅੰਦਰੂਨੀ ਮੁਲਾਂਕਣ 30 ਅੰਕ

ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਅਰਥ-ਵਿਗਿਆਨ, ਉਪ-ਭਾਸ਼ਾ ਵਿਗਿਆਨ, ਗੁਰਮੁਖੀ ਆਰਥੋਗਰਾਫ਼ੀ ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ ’ਤੇ ਅਧਾਰਿਤ ਹੋਣਗੇ।

ਸਹਾਇਕ ਪਾਠ-ਸਮੱਗਰੀ

ਖੋਜ-ਪੁਸਤਕਾਂ

ਲੇਖਕ	ਸਾਲ	ਸਿਰਲੇਖ	ਪਬਲਿਸ਼ਰ
ਹਰਕੀਰਤ ਸਿੰਘ	2000	ਭਾਸ਼ਾ ਅਤੇ ਭਾਸ਼ਾ ਵਿਗਿਆਨ	ਲਾਹੌਰ ਬੁੱਕ ਸ਼ਾਪ,ਲੁਧਿਆਣਾ
ਸੁਖਵਿੰਦਰ ਸਿੰਘ ਸੰਘਾ	2011	ਗੁਰਮੁਖੀ ਲਿਪੀ ਭਾਸ਼ਾ ਤੇ ਸਾਹਿਤ	ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
ਪ੍ਰੇਮ ਪ੍ਰਕਾਸ਼ ਸਿੰਘ	2014	ਸਿਧਾਂਤਕ ਭਾਸ਼ਾ ਵਿਗਿਆਨ	ਮਦਾਨ ਪ੍ਰਕਾਸ਼ਨ, ਪਟਿਆਲਾ

ਸੰਬੰਧਿਤ ਪੁਸਤਕਾਂ

ਲੇਖਕ	ਸਾਲ	ਸਿਰਲੇਖ	ਪਬਲਿਸ਼ਰ
ਜੀ. ਬੀ. ਸਿੰਘ	1997	ਗੁਰਮੁਖੀ ਲਿਪੀ ਦਾ ਜਨਮ ਅਤੇ ਵਿਕਾਸ	ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
ਹਰਕੀਰਤ ਸਿੰਘ	1995	ਪੰਜਾਬੀ ਬਾਰੇ	ਪੰਜਾਬੀ ਯੂਨੀਵਰਸਿਟੀ, ਪਟਿਆਲਾ

M.A (PUNJABI)
(ਸਮੈਸਟਰ–ਚੌਥਾ)
ਅਠਾਰਵਾਂ ਪਰਚਾ : ਪੰਜਾਬੀ ਭਾਸ਼ਾ ਤੇ ਗੁਰਮੁਖੀ ਆਰਥੋਗਰਾਫ਼ੀ

SECTION A

Table of Contents

Sr. No.	UNIT NAME	Page No.
Unit 1	ਪੰਜਾਬੀ ਦੀਆਂ ਵਿਆਕਰਨ ਇਕਾਈਆਂ:ਵਿਆਕਰਣਕ ਇਕਾਈਆਂ–ਪਰਿਭਾਸ਼ਾ ਅਤੇ ਬਣਤਰ ਵਾਕ–ਪੰਜਾਬੀ ਵਾਕ ਬਣਤਰ: ਉਪਵਾਕ, ਸਵਾਧੀਨ ਅਤੇ ਪਰਾਧੀਨ ਵਾਕ, ਨਾਂਵ ਵਾਕੰਸ਼ ਅਤੇ ਕਿਰਿਆ ਵਾਕੰਸ਼ : ਸ਼ਬਦ ਰੂਪ ਅਤੇ ਕਾਰਜ ਦੇ ਆਧਾਰ ਉੱਤੇ ਸ਼੍ਰੇਣਿਕ ਵੰਡ, ਸ਼ਬਦ ਰਚਨਾ ਦੀਆਂ ਵਿਧੀਆਂ, ਭਾਵੰਸ਼ ਸਥਾਪਨ ਦੇ ਆਧਾਰ, ਰੂਪ , ਸਹਿਰੂਪ ਅਤੇ ਭਾਵੰਸ਼ ਦਾ ਨਿਖੇੜਾ,ਭਾਵੰਸ਼ ਦੀਆਂ ਕਿਸਮਾਂ - ਮੁਕਤ, ਯੁਕਤ, ਸਮਧੁਨੀ ਧਾਤੂ ਅਤੇ ਵਧੇਤਰ ਦਾ ਨਿਖੇੜਾ	9
Unit 2	ਵਧੇਤਰ ਵੰਨਗੀਆਂ - ਅਗੇਤਰ ਅਤੇ ਪਿਛੇਤਰ ਦੇ ਮੁੱਖ ਲੱਛਣ ਵਧੇਤਰਾਂ ਦੇ ਕਾਰਜੀ ਪੱਖ - ਵਿਉਂਤਪਤੀ ਅਤੇ ਰੂਪਾਂਤਰੀ ; ਸ਼੍ਰੇਣੀ ਰਖਿਅਕ ਅਤੇ ਸ਼੍ਰੇਣੀ ਬਦਲੂ ਪੰਜਾਬੀ ਦੇ ਵਿਆਕਰਣਕ ਵਰਗ : ਵਚਨ, ਲਿੰਗ, ਕਾਲ, ਵਾਚ, ਪੁਰਖ	26
Unit 3	ਕਾਰਕ ਅਤੇ ਆਸਪੈਕਟ ਦੀ ਸਥਾਪਨਾ ਦੇ ਆਧਾਰ	34
Unit 4	ਅਰਥ–ਵਿਗਿਆਨ : ਪਰਿਭਾਸ਼ਾ, ਭਾਰਤੀ ਅਰਥ ਸਿਧਾਂਤ, ਕੋਸ਼ਕਾਰੀ ਅਤੇ ਪੰਜਾਬੀ ਕੋਸ਼ਕਾਰੀ - ਸਥਿਤੀ ਤੇ ਸੰਭਾਵਨਾਵਾਂ ਕੋਸ਼ਕਾਰੀ ਦੇ ਪਰਿਪੇਖ ਵਿਚ ਸ਼ਾਬਦਿਕ ਅਤੇ ਪ੍ਰਸੰਗਿਕ ਅਰਥ ਦਾ ਨਿਖੇੜਾ,ਅਰਥ ਆਧਾਰਤ ਸ਼ਬਦਵੰਨਗੀਆਂ -ਸਮਾਨਾਰਥਕ, ਵਿਰੋਧਾਰਥਕ, ਬਹੁ–ਅਰਥਕ, ਸਮੂਹ ਅਰਥਕ, ਸਮਨਾਮ ਸ਼ਬਦ;ਅਰਥ ਪਰਿਵਰਤਨ ਦੀਆਂ ਦਿਸ਼ਾਵਾਂ ਅਰਥ ਵਿਸਤਾਰ, ਅਰਥ ਸੰਕੋਚ, ਅਰਥ ਪਲਟਾ	36
Unit 5	ਭਾਰਤੀ ਭਾਸ਼ਾਈ ਪਰਿਵਾਰ : ਭਾਰਤੀ ਆਰੀਆਈ ਭਾਸ਼ਾ ਪਰਿਵਾਰ ਦਾ ਵਿਕਾਸ; ਪ੍ਰਾਚੀਨ ਭਾਰਤੀ ਆਰੀਆਈ ਭਾਸ਼ਾ ਪਰਿਵਾਰ ਨਾਲ ਪੰਜਾਬੀ ਦਾ ਸੰਬੰਧ ਪੰਜਾਬੀ ਭਾਸ਼ਾ ਦਾ ਨਿਕਾਸ; ਪੰਜਾਬੀ ਭਾਸ਼ਾ ਦਾ ਵਿਕਾਸ : ਜੁਗਤ ਤੇ ਵਰਤੋ ਦਾ ਵਿਕਾਸ	49

SECTION- B

Unit 6	ਉਪ–ਭਾਸ਼ਾ ਵਿਗਿਆਨ : ਭਾਸ਼ਾ ਅਤੇ ਉਪ–ਭਾਸ਼ਾਵਾਂ - ਸਿਧਾਂਤਕ ਸੰਕਲਪ, ਲੱਛਣ ਅਤੇ ਸਥਾਪਤੀ ਪੰਜਾਬੀ ਦੀਆਂ ਉਪ–ਭਾਸ਼ਾਵਾਂ : ਜਾਣ–ਪਛਾਣ, ਖੇਤਰ ਅਤੇ ਵਿਸ਼ੇਸ਼ਤਾਵਾਂ	70
Unit 7	ਗੁਰਮੁਖੀ ਆਰਥੋਗਰਾਫ਼ੀ : ਆਰਥੋਗਰਾਫ਼ੀ ਦੇ ਤੱਤ : ਖਾਕਾ, ਤਰਕੀਬਾਂ, ਲਿਪੀ, ਵਿਰਾਮ ਚਿੰਨ੍ਹ, ਸ਼ਬਦਜੋੜ : ਗੁਰਮੁਖੀ ਅੱਖਰਾਂ ਤੇ ਲਗਾਂ ਮਾਤਰਾਂ ਦੀ ਵਰਤੋ ਦੇ ਨੇਮ -ਮਾਤਰਾ ਅਤੇ ਮਾਤਰਾ–ਵਾਹਕ, ਪੰਜਾਬੀ ਸੁਰ ਅਤੇ ਗੁਰਮੁਖੀ, ਬਿੰਦੀ, ਟਿੱਪੀ ਤੇ ਅੱਧਕ	80
Unit 8	ਪੰਜਾਬੀ ਸ਼ਬਦ–ਜੋੜ	86
Unit 9	ਗੁਰਮੁਖੀ ਲਿਪੀ ਦਾ ਨਿਕਾਸ ਅਤੇ ਵਿਕਾਸ	88
Unit 10	ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ	98

ਪੰਜਾਬੀ ਦੀਆਂ ਵਿਆਕਰਨ ਇਕਾਈਆਂ

1.1 ਪਾਠ ਪਹਿਲਾ:ਵਿਆਕਰਨਿਕ ਇਕਾਈਆਂ
1.1.1 ਭੂਮਿਕਾ
1.1.2 ਪਾਠ ਦਾ ਮੰਤਵ
1.1.3 ਵਿਆਕਰਨਿਕ ਇਕਾਈਆਂ: ਪਰਿਭਾਸ਼ਾ ਅਤੇ ਬਣਤਰ
1.1.4 ਵਾਕ: ਪੰਜਾਬੀ ਵਾਕ ਬਣਤਰ
1.1.5 ਸ਼ਬਦ ਰੂਪ ਅਤੇ ਕਾਰਜ ਦੇ ਆਧਾਰ ਉੱਤੇ ਸ਼੍ਰੇਣਿਕ ਵੰਡ
1.1.6 ਸ਼ਬਦ ਰਚਨਾ ਦੀਆਂ ਵਿਧੀਆਂ
1.1.7 ਕਾਰਜ ਵਿਧੀ ਅਨੁਸਾਰ ਵਾਕ-ਵੰਡ
1.1.7.1 ਸ਼ਬਦ ਰਚਨਾ ਦੀਆਂ ਵਿਧੀਆਂ-2
1.1.7.2 ਭਾਵੰਸ਼ ਸਥਾਪਨ ਦੇ ਆਧਾਰ-ਰੂਪ,ਸਹਿਰੂਪ ਅਤੇ ਭਾਵੰਸ਼ ਦਾ ਨਿਖੇੜਾ
1.1.7.3 ਭਾਵੰਸ਼ ਦੀਆਂ ਕਿਸਮਾਂ-ਮੁਕਤ ਅਤੇ ਯੁਗਤ
1.1.7.4 ਵਧੇਤਰ ਵੰਨਗੀਆਂ
1.1.7.5 ਪੰਜਾਬੀ ਦੇ ਵਿਆਕਰਣਕ ਵਰਗ:ਵਚਨ,ਲਿੰਗ,ਕਾਲ,ਵਾਚ,ਪੁਰਖ
1.1.7.6 ਕਾਰਕ ਅਤੇ ਆਸਪੈਕਟ ਦੀ ਸਥਾਪਨਾ ਦੇ ਆਧਾਰ
1.1.7.7 ਅਰਥ ਵਿਗਿਆਨ
1.1.7.8 ਭਾਰਤੀ ਆਰੀਆਈ ਭਾਸ਼ਾ ਪਰਿਵਾਰ
1.1.8 ਅਭਿਆਸ ਲਈ ਪ੍ਰਸ਼ਨ
1.1.9 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ

1.1.1 **ਭੂਮਿਕਾ:** ਇਸ ਪਾਠ ਵਿਚ ਪੰਜਾਬੀ ਦੀਆਂ ਵਿਆਕਰਨ ਇਕਾਈਆਂ: ਪਰਿਭਾਸ਼ਾ ਅਤੇ ਬਣਤਰ ਵਾਕ ਪੰਜਾਬੀ ਵਾਕ ਬਣਤਰ: ਉਪਵਾਕ, ਸਵਾਧੀਨ ਅਤੇ ਪਰਾਧੀਨ ਵਾਕ, ਨਾਂਵ ਵਾਕੰਸ਼ ਅਤੇ ਕਿਰਿਆ ਵਾਕੰਸ਼ : ਸ਼ਬਦ ਰੂਪ ਅਤੇ ਕਾਰਜ ਦੇ ਆਧਾਰ ਉੱਤੇ ਸ਼੍ਰੇਣਿਕ ਵੰਡ, ਸ਼ਬਦ ਰਚਨਾ ਦੀਆਂ ਵਿਧੀਆਂ, ਭਾਵੰਸ਼ ਸਥਾਪਨ ਦੇ ਆਧਾਰ, ਰੂਪ,ਸਹਿਰੂਪ ਅਤੇ ਭਾਵੰਸ਼ ਦਾ ਨਿਖੇੜਾ,ਭਾਵੰਸ਼ ਦੀਆਂ ਕਿਸਮਾਂ-ਮੁਕਤ, ਯੁਕਤ, ਸਮਧੁਨੀ ਧਾਤੂ ਅਤੇ ਵਧੇਤਰ ਦਾ ਨਿਖੇੜਾ ਆਦਿ ਵਰਤਾਰਿਆਂ ਦਾ ਅਧਿਐਨ ਕੀਤਾ ਜਾਵੇਗਾ।

1.1.2 **ਪਾਠ ਦਾ ਮੰਤਵ:** ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਤੇ ਗੁਰਮੁਖੀ ਆਰਥੋਗਰਾਫ਼ੀ ਨੂੰ ਪੜ੍ਹਨ ਅਤੇ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ।ਪੰਜਾਬੀ ਭਾਸ਼ਾ ਤੇ ਗੁਰਮੁਖੀ ਆਰਥੋਗਰਾਫ਼ੀ ਦੇ ਜ਼ਰੀਏ ਪੰਜਾਬੀ ਦੀਆਂ ਵਿਆਕਰਨ ਇਕਾਈਆਂ:ਵਿਆਕਰਣਕ ਇਕਾਈਆਂ-ਪਰਿਭਾਸ਼ਾ ਅਤੇ ਬਣਤਰ ਵਾਕ-ਪੰਜਾਬੀ ਵਾਕ ਬਣਤਰ: ਉਪਵਾਕ, ਸਵਾਧੀਨ ਅਤੇ ਪਰਾਧੀਨ ਵਾਕ, ਨਾਂਵ ਵਾਕੰਸ਼ ਅਤੇ ਕਿਰਿਆ ਵਾਕੰਸ਼ : ਸ਼ਬਦ ਰੂਪ ਅਤੇ ਕਾਰਜ ਦੇ ਆਧਾਰ ਉੱਤੇ ਸ਼੍ਰੇਣਿਕ ਵੰਡ, ਸ਼ਬਦ ਰਚਨਾ ਦੀਆਂ ਵਿਧੀਆਂ, ਭਾਵੰਸ਼ ਸਥਾਪਨ ਦੇ ਆਧਾਰ, ਰੂਪ,ਸਹਿਰੂਪ ਅਤੇ ਭਾਵੰਸ਼ ਦਾ ਨਿਖੇੜਾ,ਭਾਵੰਸ਼ ਦੀਆਂ ਕਿਸਮਾਂ-ਮੁਕਤ, ਯੁਕਤ, ਸਮਧੁਨੀ ਧਾਤੂ ਅਤੇ ਵਧੇਤਰ ਦਾ ਨਿਖੇੜਾ ਆਦਿ ਵਰਤਾਰਿਆਂ ਨੂੰ ਵੀ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।ਗੁਰਮੁਖੀ ਆਰਥੋਗਰਾਫ਼ੀ ਦੀਆਂ ਵੱਖ-ਵੱਖ ਪਰਤਾਂ ਨੂੰ ਕਿਵੇਂ ਖੋਲ੍ਹਣਾ ਅਤੇ ਸਮਝਣਾ ਹੈ, ਇਹੀ ਇਸ ਪਾਠ ਦਾ ਉਦੇਸ਼ ਹੈ। ਇਸ ਪਾਠ ਵਿਚ ਪੰਜਾਬੀ ਭਾਸ਼ਾ ਤੇ ਗੁਰਮੁਖੀ ਆਰਥੋਗਰਾਫ਼ੀ ਦੀਆਂ ਵਿਸ਼ੇਸ਼ਤਾਵਾਂ ਰਾਹੀਂ ਸਿੱਧਾਂਤਕ ਅਧਿਐਨ ਦੇ ਵਿਵਹਾਰ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਇਸ ਨੂੰ ਸਮਝਣ ਦੇ ਕਾਬਿਲ ਹੋ ਸਕਣ।

1.3 ਵਿਆਕਰਨਿਕ ਇਕਾਈਆਂ: ਪਰਿਭਾਸ਼ਾ ਅਤੇ ਬਣਤਰ

ਪੰਜਾਬੀ ਇੱਕ ਹਿੰਦ-ਆਰਿਆਈ ਬੋਲੀ ਹੈ ਜੀਹਨੂੰ ਮੂਲ ਤੌਰ ਉੱਤੇ ਬੋਲਣ ਵਾਲ਼ੇ ਭਾਰਤ ਅਤੇ ਪਾਕਿਸਤਾਨ ਦੇ ਪੰਜਾਬ ਵਿੱਚ ਵਸਦੇ ਹਨ ਅਤੇ ਆਪਣੇ ਆਪ ਨੂੰ ਪੰਜਾਬੀ ਲੋਕ ਅਖਵਾਉਂਦੇ ਹਨ। ਪੰਜਾਬੀ ਦੀਆਂ ਵਿਆਕਰਨ ਇਕਾਈਆਂ ਦਾ ਵੇਰਵਾ ਹੈ:-

- ਧੁਨੀ
- ਭਾਵੰਸ਼
- ਸ਼ਬਦ
- ਵਾਕੰਸ਼
- ਉਪਵਾਕ
- ਵਾਕ

ਜਦੋਂ ਕਿਸੇ ਭਾਸ਼ਾ ਦੀ ਬਣਤਰ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਇਹਨਾਂ ਇਕਾਈਆਂ ਨੂੰ ਉਪਰੋਕਤ ਕ੍ਰਮ ਵਿਚ ਹੀ ਵਿਚਾਰਿਆ ਜਾਂਦਾ ਹੈ। ਇਸੇ ਲਈ ਪੰਜਾਬੀ ਵਾਕ ਦੀ ਬਣਤਰ ਦਾ ਪਹਿਲਾ ਤੱਤ ਧੁਨੀ ਹੈ ਅਤੇ ਆਖ਼ਰੀ ਵਾਕ। ਭਾਸ਼ਾ ਵਿਗਿਆਨ ਵਿੱਚ ਧੁਨੀ ਨੂੰ ਭਾਸ਼ਾ ਦੀ ਛੋਟੀ ਤੋਂ ਛੋਟੀ ਵਿਆਕਰਨਿਕ ਇਕਾਈ ਮੰਨਿਆ ਜਾਂਦਾ ਹੈ। ਭਾਵੰਸ਼ ਨੂੰ ਛੋਟੀ ਤੋਂ ਛੋਟੀ ਸਾਰਥਕ ਇਕਾਈ ਮੰਨਿਆ ਜਾਂਦਾ ਹੈ ਅਤੇ ਵਾਕ ਨੂੰ ਭਾਸ਼ਾ ਦੀ ਸਭ ਤੋਂ ਵਡੀ ਇਕਾਈ ਮੰਨਿਆ ਜਾਂਦਾ ਹੈ।

1.1.4 ਵਾਕ: ਪੰਜਾਬੀ ਵਾਕ ਬਣਤਰ

ਵਾਕ ਵਿਗਿਆਨ (Syntax) ਵਾਕ ਬਣਤਰ ਦੇ ਸੰਬੰਧ ਵਿਚ ਗਿਆਨ ਦੇਣ ਵਾਲੇ ਵਿਗਿਆਨ ਨੂੰ ਵਾਕ ਵਿਗਿਆਨ ਦਾ ਨਾਂ ਦਿੱਤਾ ਜਾਂਦਾ ਹੈ।ਵਾਕ ਵਿਗਿਆਨ ਵਿਚ ਵਾਕ ਦੀ ਪਰਿਭਾਸ਼ਾ, ਵਾਕ ਦੀਆਂ ਕਿਸਮਾਂ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ। ਭਾਸ਼ਾ ਦੀ ਉਹ ਵੱਡੀ ਤੋਂ ਵੱਡੀ ਇਕਾਈ ਜਿਸ ਵਿਚ ਵਿਆਕਰਨ ਦੀਆਂ ਲਗਪਗ ਸਾਰੀਆਂ ਇਕਾਈਆਂ ਦਾ ਅਧਿਐਨ ਕੀਤਾ ਜਾ ਸਕੇ, ਵਾਕ ਅਖਵਾਉਂਦੀ ਹੈ। ਮੁਕੰਮਲ ਖਿਆਲ ਪ੍ਰਗਟ ਕਰਨ ਵਾਲਾ ਸ਼ਬਦ ਜਾਂ ਸ਼ਬਦ ਸਮੂਹ ਵਾਕ ਹੈ। ਮੁਕੰਮਲ ਅਰਥ ਨੂੰ ਜਤਲਾਉਣ ਵਾਲਾ ਸ਼ਬਦ ਜਾਂ ਸ਼ਬਦ ਸਮੂਹ ਵਾਕ ਹੈ। ਵਾਕ ਵਿਗਿਆਨ ਅੰਦਰ ਵਾਕ ਦੀਆਂ ਕਿਸਮਾਂ ਵਾਕ ਦੇ ਉਪ-ਸਮੂਹ ਵਾਕ ਦੀ ਬਣਤਰ ਆਦਿ ਮਸਲੇ ਵਿਚਾਰੇ ਜਾਂਦੇ ਹਨ। ਸਾਧਾਰਨ ਵਾਕ ਅੰਦਰ ਕੇਵਲ ਇੱਕ ਹੀ ਕਿਰਿਆ ਹੁੰਦੀ ਹੈ। ਸੰਯੁਕਤ ਵਾਕ ਅੰਦਰ ਦੋ ਕਿਰਿਆਵਾਂ ਹੋ ਸਕਦੀਆਂ ਹਨ। ਮਿਸ਼ਰਤ ਵਾਕ ਅੰਦਰ ਦੋ ਤੋਂ ਵਧੇਰੇ ਕਿਰਿਆਵਾਂ ਦੀ ਹੋਂਦ ਹੁੰਦੀ ਹੈ।

ਪੰਜਾਬੀ ਵਿਚ ਵਾਕ ਬਣਤਰ ਦੀ ਤਰਤੀਬ ਕਰਤਾ + ਕਰਮ + ਕਿਰਿਆ ਹੁੰਦੀ ਹੈ ।

ਉਪਵਾਕ

ਵਾਕ ਬਣਤਰ ਵਿਚ ਉਪਵਾਕ ਇਕ ਅਧੀਨ ਵਿਆਕਰਣਕ ਇਕਾਈ ਹੁੰਦੀ ਹੈ। ਜਿਸ ਦਾ ਆਪਣਾ ਉਦੇਸ਼ ਤੇ ਵਿਧੇਅ ਹੁੰਦਾ ਹੈ। ਵਾਕੰਸ਼ ਵਾਕ ਦੀ ਛੋਟੀ ਤੋਂ ਛੋਟੀ ਭਾਵ ਭੂਰਤ ਇਕਾਈ ਹੁੰਦੀ ਹੈ। ਇਹ ਸ਼ਬਦਾਂ ਦੇ ਬਦਲ ਵਜੋਂ ਕਾਰਜਸ਼ੀਲ ਹੁੰਦੀ ਹੈ।ਵਿਆਕਰਨ ਅੰਦਰ ਵਾਕ ਵਿਗਿਆਨ ਦਾ ਅਧਿਐਨ ਇਸ ਲਈ ਮਹੱਤਵ ਰੱਖਦਾ ਹੈ ਕਿਉਂਕਿ ਇਸ ਦੁਆਰਾ ਲਗਭਗ ਸਾਰੀਆਂ ਹੀ ਇਕਾਈਆਂ ਦਾ ਅਧਿਐਨ ਹੋ ਜਾਂਦਾ ਹੈ।

ਸਵਾਧੀਨ ਤੇ ਪਰਾਧੀਨ ਵਾਕ

ਇਸ ਸੰਕਲਪ ਦੀ ਵਰਤੋਂ ਵਿਆਕਰਨਕ ਇਕਾਈਆਂ ਦੀ ਸਥਾਪਤੀ ਵੇਲੇ ਕੀਤੀ ਜਾਂਦੀ ਹੈ। ਵਾਕ ਇਕ ਵੱਡੀ ਤੋਂ ਵੱਡੀ ਵਿਆਕਰਨਕ ਇਕਾਈ ਹੈ ਜਦੋਂ ਕਿ ਸ਼ਬਦ ਭਾਵਾਂਸ ਛੋਟੀ ਤੋਂ ਛੋਟੀ ਇਕਾਈ ਹੈ। ਵਾਕੰਸ਼, ਸ਼ਬਦ ਵਰਗੀ ਅਤੇ ਉਪਵਾਕ, ਵਾਕ ਵਰਗੀ ਇਕਾਈ ਹੈ। ਪਰੰਪਰਾਵਾਦੀ ਵਿਆਕਰਨਕਾਰ ਉਪਵਾਕਾਂ ਦੀ ਵੰਡ ਦੇ ਭਾਗਾਂ ਵਿਚ ਕਰਦੇ ਹਨ : (i) ਸਵਾਧੀਨ ਉਪਵਾਕ ਅਤੇ (1) ਪਰਾਧੀਨ ਉਪਵਾਕ ਸਵਾਧੀਨ ਉਪਵਾਕਾਂ ਦੀ ਵਰਤੋਂ ਸਾਵੀਆਂ ਬਣਤਰਾਂ ਵਿਚ ਕੀਤੀ ਜਾਂਦੀ ਹੈ ਜਦੋਂ ਕਿ ਪ੍ਰਾਧੀਨ ਉਪਵਾਕਾਂ ਦੀ ਵਰਤੋਂ ਅਸਾਵੀਆਂ ਬਣਤਰਾਂ ਵਿਚ ਕੀਤੀ ਜਾਂਦੀ ਹੈ। ਸੰਯੁਕਤ ਵਾਕਾਂ ਦੀ ਬਣਤਰ ਵਿਚ ਵਿਚਰਨ ਵਾਲੇ ਉਪਵਾਕਾਂ ਨੂੰ ਸਵਾਧੀਨ ਉਪਵਾਕ ਕਿਹਾ ਜਾਂਦਾ ਹੈ ਬਣਤਰ ਅਤੇ ਕਾਰਜ ਦੇ ਪੱਖ ਤੋਂ ਸਵਾਧੀਨ ਉਪਵਾਕਾਂ ਦੀ ਬਣਤਰ ਵਿਚ ਵਿਚਰਨ ਵਾਲੇ ਕਿਰਿਆ ਵਾਕੰਸ਼ ਕਾਲਕੀ (ਵੇਖੋ ਕਾਲਕੀ ਕਿਰਿਆ ਵਾਕੰਸ਼) ਹੁੰਦੇ ਹਨ, ਇਨ੍ਹਾਂ ਉਪਵਾਕਾਂ ਦੀ ਬਣਤਰ ਵਿਚ ਉਦੇਸ਼ ਅਤੇ ਵਿਧੇ ਦੋਵੇਂ ਤੱਤ ਵਿਚਰਦੇ ਹਨ। ਇਹ ਉਪਵਾਕ ਸੁਤੰਤਰ ਤੌਰ 'ਤੇ ਵਾਕ ਵਜੋਂ ਵਿਚਰ ਸਕਣ ਦੀ ਸਮਰੱਥਾ ਰੱਖਦੇ ਹਨ, ਇਨ੍ਹਾਂ ਉਪਵਾਕਾਂ ਦੀ ਵਰਤੋਂ ਅਤੇ ਕਾਰਜ ਸਧਾਰਨ ਵਾਕਾਂ ਵਾਲਾ ਹੀ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਜਿਨ੍ਹਾਂ ਉਪਵਾਕਾ ਵਿਚ ਸਧਾਰਨ ਵਾਕਾਂ ਵਾਲੇ ਸਾਰੇ ਲੱਛਣ ਹੁੰਦੇ ਹਨ ਉਨ੍ਹਾਂ ਉਪਵਾਕਾਂ ਨੂੰ ਸਵਾਧੀਨ ਉਪਵਾਕਾਂ ਦੀ ਸੂਚੀ ਵਿਚ ਰੱਖਿਆ ਜਾਂਦਾ ਹੈ, ਜਿਵੇਂ : ਬੱਚਾ ਰੋ ਰਿਹਾ ਸੀ ਅਤੇ ਮਾਂ ਉਸ ਨੂੰ ਚੁੱਪ ਕਰਾ ਰਹੀ ਸੀ। ਇਕ ਸੰਯੁਕਤ ਵਾਕ ਹੈ। ਇਸ ਵਾਕ ਵਿਚ ਦੋ ਉਪਵਾਕ ਹਨ ਇਹ ਦੋਵੇਂ ਉਪਵਾਕ ਸਾਵੇਂ ਹਨ ਤੇ ਯੋਜਕ ਅਤੇ ਨਾਲ ਜੁੜੇ ਹੋਏ ਹਨ। ਅਤੇ ਯੋਜਕ ਨੂੰ ਵਾਕ ਦੀ ਬਣਤਰ ਵਿਚੋਂ ਕੱਢ ਦੇ ਨਾਲ ਸੰਯੁਕਤ ਵਾਕ ਵਿਚ ਵਿਚਰਨ ਵਾਲੇ ਉਪਵਾਕ ਸੁਤੰਤਰ ਵਾਕਾਂ ਵਜੋਂ ਵਿਚਰਨ ਲੱਗ ਜਾਂਦੇ ਹਨ। ਇਹ ਪ੍ਰਯੋਗ ਉਨ੍ਹਾਂ ਸਾਰੇ ਵਾਕਾ ਤੇ ਲਾਗੂ ਕੀਤਾ ਜਾ ਸਕਦਾ ਹੈ ਜਿਹੜੇ ਸੰਯੁਕਤ ਵਾਕ ਸਾਵੇ ਯੋਜਕਾਂ ਤੇ ਅਤੇ ਜਾਂ ਜਾਂ ਫਿਰ ਰਾਹੀਂ ਜਾਂ ਕੌਮੇ ਦੀ ਵਰਤੋਂ ਚਾਹੀ ਜੁੜੇ ਹੋਏ ਹੋ। ਇਕ ਸੰਯੁਕਤ ਵਾਕ ਦੀ ਬਣਤਰ ਵਿਚ ਘੱਟੋ ਘੱਟ ਦੇ ਸਵਾਧੀਨ ਉਪਵਾਕ ਵਿਚਰਦੇ ਹਨ ਅਤੇ ਗਿਣਤੀ ਦੇ ਪੱਖ ਤੋਂ ਇਕ ਸੰਯੁਕਤ ਵਾਕ ਦੀ ਬਣਤਰ ਵਿਚ ਅਸੀਮਤ ਸਵਾਧੀਨ ਉਪਵਾਕ ਵਿਚਰ ਸਕਦੇ ਹਨ। ਮਿਸ਼ਰਤ ਵਾਕਾਂ ਦੀ ਬਣਤਰ ਵਿਚ ਘੱਟੋ-ਘੱਟ ਇਕ ਸਵਾਧੀਨ ਉਪਵਾਕ ਵਿਚਰ ਰਿਹਾ ਹੁੰਦਾ ਹੈ।

ਨਾਂਵ ਵਾਕੰਸ਼ ਤੇ ਕਿਰਿਆ ਵਾਕੰਸ਼

ਆਮ ਬੋਲ-ਚਾਲ ਦੀ ਭਾਸ਼ਾ ਵਿੱਚ, ਵਾਕੰਸ਼ (ਅੰਗਰੇਜ਼ੀ:Phrase) ਸ਼ਬਦਾਂ ਦੇ ਸਮੂਹ ਨੂੰ ਕਿਹਾ ਜਾ ਸਕਦਾ ਹੈ। ਵਾਕ ਵਿੱਚ ਵਰਤੇ ਗਏ ਵਿਆਕਰਨਿਕ ਵਰਗ (ਵਿਸ਼ੇਸ਼ਣ, ਕਿਰਿਆ, ਕਿਰਿਆ ਵਿਸ਼ੇਸ਼ਣ, ਨਾਂਵ, ਪੜਨਾਂਵ, ਸੰਬੰਧਕ, ਯੋਜਕ ਅਤੇ ਵਿਸਮਿਕ) ਦੇ ਸੂਚਕ ਸ਼ਬਦ ਜਾਂ ਸ਼ਬਦ-ਸਮੂਹ ਵਾਕੰਸ਼ ਕਹਾਉਂਦੇ ਹਨ।ਭਾਸ਼ਾ ਵਿਗਿਆਨ ਵਿੱਚ, ਵਾਕੰਸ਼ ਸ਼ਬਦਾਂ ਦਾ ਉਹ ਸਮੂਹ (ਕਦੇ-ਕਦੇ ਇੱਕ ਸ਼ਬਦ) ਹੈ ਜੋ ਇੱਕ ਵਾਕ ਦੀ ਵਾਕ-ਰਚਨਾ ਵਿੱਚ ਇੱਕ ਇਕਾਈ ਵਜੋਂ ਕਾਰਜ ਕਰੇ। ਵਾਕ ਵਿੱਚ ਵਰਤੇ ਗਏ ਵਿਆਕਰਨਿਕ ਵਰਗ (ਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਵਿਸਮਿਕ) ਦੇ ਸੂਚਕ ਸ਼ਬਦ ਜਾਂ ਸ਼ਬਦ-ਸਮੂਹ ਨੂੰ ਵਾਕੰਸ਼ ਕਿਹਾ ਜਾਂਦਾ ਹੈ।

ਵਾਕੰਸ਼ ਉਪਵਾਕ ਤੋਂ ਛੋਟੀ ਅਤੇ ਸ਼ਬਦ ਤੋਂ ਵੱਡੀ ਵਿਆਕਰਨਿਕ ਇਕਾਈ ਹੈ। ਇੱਕ ਸ਼ਬਦ ਸਮੂਹ ਨੂੰ, ਜੋ ਵਿਆਕਰਨਿਕ ਪੱਧਰ 'ਤੇ ਇੱਕ ਸ਼ਬਦ ਦੇ ਬਰਾਬਰ ਦਾ ਕਾਰਜ ਨਿਭਾਉਂਦਾ ਹੋਵੇ, ਵਾਕੰਸ਼ ਕਿਹਾ ਗਿਆ ਹੈ। ਹੇਠਾਂ ਦਿੱਤੇ ਵਾਕ ਵੇਖੋ-

1. ਕਾਕਾ ਰੋਇਆ।
2. ਨਿੱਕਾ ਕਾਕਾ ਰੋਇਆ।
3. ਸਾਡਾ ਨਿੱਕਾ ਕਾਕਾ ਰੋਇਆ।
4. ਕਾਕਾ ਬਹੁਤ ਰੋਇਆ।
5. ਕਾਕਾ ਅੱਜ ਬਹੁਤ ਰੋਇਆ ਸੀ।

ਪਹਿਲੇ ਵਾਕ ਵਿੱਚ ਦੋ ਸ਼ਬਦ ਸੀ। 'ਕਾਕਾ' ਨਾਂਵ ਹੈ, ਪਰ 'ਰੋਇਆ' ਕਿਰਿਆ। 'ਕਾਕਾ' ਨਾਂਵ ਵਾਕੰਸ਼ ਹੈ 'ਤੇ 'ਰੋਇਆ' ਕਿਰਿਆ ਵਾਕੰਸ਼। ਦੂਜੇ ਵਾਕ ਵਿੱਚ 'ਰੋਇਆ' ਤੋਂ ਪਹਿਲਾਂ ਦੋ ਸ਼ਬਦ ਅਤੇ ਤੀਜੇ ਵਿੱਚ ਤਿੰਨ ਸ਼ਬਦ ਹਨ। ਨਾਂਵ ਵਰਗ ਦਾ ਕਾਰਜ ਹੀ ਨਿਭਾ ਰਹੇ ਹਨ। ਇਸ ਕਰਕੇ ਇਹ ਨਾਂਵ ਵਾਕੰਸ਼ ਹਨ। ਚੌਥੇ ਵਾਕ ਵਿੱਚ ਦੋ ਸ਼ਬਦ 'ਬਹੁਤ ਰੋਇਆ' ਅਤੇ ਪੰਜਵੇਂ ਵਿੱਚ ਪੰਜ ਸ਼ਬਦ 'ਅੱਜ ਸਵੇਰੇ ਬਹੁਤ ਰੋਇਆ ਸੀ' ਕਿਰਿਆ ਵਰਗ ਦਾ ਕਾਰਜ ਨਿਭਾਉਂਦੇ ਹਨ, ਇਸ ਕਰਕੇ ਉਹ ਕਿਰਿਆ ਵਾਕੰਸ਼ ਹਨ।

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਵਿਆਕਰਨਿਕ ਵਰਗਾਂ ਦੀਆਂ ਜਿੰਨੀਆਂ ਕਿਸਮਾਂ ਹਨ, ਓਨੀਆਂ ਕਿਸਮਾਂ ਦੇ ਹੀ ਵਾਕੰਸ਼ ਬਣ ਸਕਦੇ ਹਨ, ਜਿਵੇਂ ਨਾਂਵ ਵਾਕੰਸ਼, ਵਿਸ਼ੇਸ਼ਣ ਵਾਕੰਸ਼, ਕਿਰਿਆ ਵਾਕੰਸ਼, ਕਿਰਿਆ ਵਿਸ਼ੇਸ਼ਣ ਵਾਕੰਸ਼, ਸੰਬੰਧਕੀ ਵਾਕੰਸ਼, ਯੋਜਕੀ ਵਾਕੰਸ਼ ਅਤੇ ਵਿਸਮਕੀ ਵਾਕੰਸ਼, ਪਰ ਇਨ੍ਹਾਂ ਵਿੱਚੋਂ ਵਾਕੰਸ਼ ਦੀਆਂ ਦੋ ਕਿਸਮਾਂ ਹੀ ਪ੍ਰਮੁੱਖ ਹਨ- ਨਾਂਵ ਵਾਕੰਸ਼ ਅਤੇ ਕਿਰਿਆ ਵਾਕੰਸ਼। ਬਾਕੀ ਵਾਕੰਸ਼ ਇਨ੍ਹਾਂ ਦੋਹਾਂ ਦੇ ਅੰਗ ਬਣਕੇ ਹੀ ਰਹਿ ਜਾਂਦੇ ਹਨ।

ਨਾਂਵ ਵਾਕੰਸ਼

ਕਿਸੇ ਵਾਕਾਤਮਕ ਬਣਤਰ ਵਿਚ ਜੋ ਇਕਾਈ ਨਾਂਵ ਦੇ ਕਾਰਜ ਨੂੰ ਪੂਰਿਆਂ ਕਰਦੀ ਹੈ ਅਤੇ ਨਾਂਵ ਦੇ ਸਥਾਨ 'ਤੇ ਵਿਚਰਦੀ ਹੈ, ਉਸ ਇਕਾਈ ਨੂੰ ਨਾਂਵ ਵਾਕੰਸ ਆਖਿਆ ਜਾਂਦਾ ਹੈ। ਪੰਜਾਬੀ ਨਾਵ ਵਾਕੰਸ਼ ਦੀ ਵਿਹਾਰ ਬਣਤਰ ਵਿਚ ਲਾਜਮੀ ਤੱਤ ਅਤੇ ਗੈਰ-ਲਾਜ਼ਮੀ ਤੱਤ ਵਿਚਰਦੇ ਹਨ। ਲਾਜ਼ਮੀ ਤੱਤਾਂ ਦੁਆਰਾ ਨਾਂਵ ਵਾਕੰਸ਼ ਦੀ ਸਿਰਜਨਾ ਹੁੰਦੀ ਹੈ ਅਤੇ ਗੈਰ-ਲਾਜ਼ਮੀ ਤੱਤਾਂ ਦੁਆਰਾ ਲਾਜ਼ਮੀ ਤੱਤ ਦੇ ਅਰਥਾਂ ਵਿਚ ਪਰਿਵਰਤਨ ਵਾਪਰਦਾ ਹੈ। ਪੰਜਾਬੀ ਨਾਂਵ ਵਾਕੰਸ਼ ਦੀ ਬਣਤਰ ਵਿਚ ਨਾਂਵ ਸ਼ਰੇਣੀ ਦੇ ਸ਼ਬਦ ਕੇਂਦਰੀ ਤੱਤਾਂ ਵਜੋਂ ਕਾਰਜ ਕਰਦੇ ਹਨ। ਨਾਂਵ ਵਾਕੰਸ਼ ਦੀ ਬਣਤਰ ਵਿਚ ਕੇਵਲ ਕੇਂਦਰੀ ਤੱਤ ਹੀ ਵਿਚਰਦਾ ਹੈ ਪਰ ਕੇਂਦਰੀ ਤੱਤਾਂ ਦੇ ਮੈਂਬਰਾਂ ਦੀ ਗਿਣਤੀ ਇਕ ਤੋਂ ਵਧੇਰੇ ਵੀ ਹੋ ਸਕਦੀ ਹੈ, ਜਿਵੇਂ : ਮੈਂ, ਤੂੰ ਤੇ ਉਹ ਸੈਰ ਲਈ ਜਾਵਾਂਗੇ' ਵਿਚ ਕੇਂਦਰੀ ਤੱਤਾਂ (ਸ਼ਬਦਾਂ) ਦੀ ਗਿਣਤੀ ਚਾਰ ਹੈ। ਇਹ ਤੱਤ ਕੇਂਦਰੀ ਤੱਤਾਂ ਵਜੋਂ ਵਿਚਰਦੇ ਹਨ ਅਤੇ ਕੇਂਦਰੀ ਤੱਤ ਦੇ ਸਰੂਪ ਨੂੰ ਨਿਰਧਾਰਤ ਕਰਦੇ ਹਨ ਅਤੇ ਸਾਰੇ ਸ਼ਬਦ ਮਿਲ ਕੇ ਇਕ ਤੱਤ ਨੂੰ ਉਜਾਗਰ ਕਰਦੇ ਹਨ। ਦੂਜੇ ਸ਼ਬਦਾਂ ਵਿਚ ਕੇਂਦਰੀ ਤੱਤ ਇਕ ਸਬਦੀ ਵੀ ਹੋ ਸਕਦੇ ਹਨ ਅਤੇ ਇਕ ਤੋਂ ਵਧੇਰੇ ਸ਼ਬਦ ਰੂਪ-ਕੇਂਦਰੀ ਤੱਤ ਦੇ ਮੈਂਬਰ ਵੀ ਹੋ ਸਕਦੇ ਹਨ। ਇਹ ਸਾਰੇ ਰੂਪ ਮਿਲ ਕੇ ਇਕ

ਕੇਂਦਰੀ ਤੱਤ ਦੀ ਸਿਰਜਨਾ ਕਰਦੇ ਹਨ। ਨਾਂਵ ਵਾਕੰਸ਼ ਦੀ ਬਣਤਰ ਵਿਚ ਭਾਵੇਂ ਕੇਂਦਰੀ ਤੱਤਾਂ ਦੀ ਗਿਣਤੀ ਇਕ ਹੋਵੇ ਤੇ ਭਾਵੇਂ ਇਕ ਤੋਂ ਵੱਧ, ਇਨ੍ਹਾ ਨੂੰ ਇਕ-ਸ਼ਬਦੀ ਵਾਕੰਸ਼ ਹੀ ਕਿਹਾ ਜਾਂਦਾ ਹੈ। ਦੂਜੇ ਪਾਸੇ ਜਦੋਂ ਕੇਂਦਰੀ ਤੱਤਾਂ ਦੇ ਨਾਲ ਨਾਲ ਬਾਹਰੀ ਤੱਤ ਵੀ ਨਾਂਵ ਵਾਕੰਸ ਦੀ ਸਿਰਜਨਾ ਵਿਚ ਸ਼ਾਮਲ ਹੁੰਦੇ ਹਨ ਉਨਾਂ ਨੂੰ ਬਹੁ-ਸਬਦੀ ਨਾਂਵ ਵਾਕੰਸ਼ ਕਿਹਾ ਜਾਂਦਾ ਹੈ, ਜਿਵੇਂ : 'ਬਹੁਤ ਸੋਹਣਾ ਮੁੰਡਾ'। ਨਾਂਵ ਵਾਕੰਸ ਦਾ ਸਰੂਪ ਨਾਵ ਸਰੇਈ ਦੇ ਸ਼ਬਦ 'ਤੇ ਅਧਾਰਤ ਹੁੰਦਾ ਹੈ ਭਾਵ ਜਿਸ ਵਾਕੰਸ਼ ਦਾ ਕੇਂਦਰੀ ਤੱਤ ਨਾਵ ਹੋਵੇ ਉਸ ਵਾਕੰਸ਼ ਨੂੰ ਨਾਂਵ ਵਾਕੰਸ ਆਖਿਆ ਜਾਂਦਾ ਹੈ। ਬਣਤਰ ਦੇ ਪੱਖ ਤੋਂ ਪੰਜਾਬੀ ਨਾਂਵ ਵਾਕੰਸ਼ ਵਿਚ ਇਕ ਤੋਂ ਲੈ ਕੇ ਛੇ ਤੱਕ ਸ਼ਬਦ ਆ ਸਕਦੇ ਹਨ ਜਿਵੇਂ : ਇਕ ਬਹੁਤ ਹੀ ਸੋਹਣੇ ਮੁੰਡੇ ਨੇ ਪਰ ਇਸ ਤੋਂ ਇਲਾਵਾ ਦਾ' ਵਰਗ ਦੇ ਸਬੰਧਕਾਂ ਦੀ ਵਰਤੋਂ ਨਾਲ ਨਾਂਵ ਵਾਕੰਸ਼ ਨੂੰ ਇਸ ਤੋਂ ਵੀ ਲੰਮਾ ਕੀਤਾ ਜਾ ਸਕਦਾ ਹੈ ਜਿਵੇਂ : ਸਾਡੇ ਪਿੰਡ ਦੇ ਮੁੰਡਿਆਂ ਦੇ ਮਾਪਿਆਂ ਦੀ....'। ਨਾਵ ਵਾਕੰਸ਼ ਦੀ ਬਣਤਰ ਵਿਚ 'ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਸਬੰਧਕ, ਯੋਜਕ, ਪਾਰਟੀਕਲਜ਼' ਆਦਿ ਸੁਰੇਈਆਂ ਦੇ ਮੈਂਬਰ ਵਿਚਰ ਸਕਦੇ ਹਨ। ਨਾਵ ਪੜਨਾਂਵ ਤੋਂ ਬਿਨਾਂ ਸਾਰੇ ਸ਼ਬਦਾਂ ਨੂੰ ਵਿਸ਼ੇਸ਼ਕ (Modifier) ਆਖਿਆ ਜਾਂਦਾ ਹੈ। ਵਿਚਰਨ ਸਥਾਨ ਦੇ ਪੱਖ ਤੋਂ ਨਾਂਵ ਵਾਕੰਸ਼ ਦੀ ਬਣਤਰ ਵਿਚ ਨਾਂਵ ਦਾ ਸਥਾਨ ਵਾਕੰਸ਼ ਦੇ ਸੱਜੇ ਪਾਸੇ ਹੁੰਦਾ ਹੈ ਜਿਵੇਂ : ਇਕ ਬਹੁਤ ਹੀ ਛੋਟਾ ਕਾਲਾ ਸੱਪ' ਅਤੇ ਇਸ ਤੋਂ ਪਿਛੋਂ ਕੇਵਲ ਨੇ, ਨੂੰ, ਤੋਂ ਆਦਿ ਸਬੰਧਕ ਹੀ ਵਿਚਰ ਸਕਦੇ ਹਨ। ਪੰਜਾਬੀ ਨਾਵ ਵਾਕੰਸ਼ ਦੀ ਪਛਾਣ ਦੇ ਤਿੰਨ ਅਧਾਰ ਹਨ : (i) ਸ਼ਬਦ ਦੀ ਸਈ, () ਸਬੰਧਕ ਅਤੇ ( ) ਕਾਰਜ ਨਾਵ ਵਾਕੰਸ ਦਾ ਮੁੱਖ ਸ਼ਬਦ ਨਾਂਵ ਪੜਨਾਂਵ ਹੁੰਦਾ ਹੈ। ਪੜਨਾਂਵ ਸ਼ਬਦ ਨਾਂਵ ਦਾ ਵਿਕਲਪੀ ਹੁੰਦਾ ਹੈ, ਜਿਵੇਂ : ਮੁੰਡੇ ਉਹ ਸ਼ਹਿਰ ਗਏ। ਪੜਨਾਂਵ ਦੀ ਵਰਤੋਂ ਇਕ ਸ਼ਬਦੀ ਵਾਕੰਸ ਵਿਚ ਹੀ ਹੁੰਦੀ ਹੈ ਜਿਵੇਂ ਉਹ ਆਇਆ" ਕਲਾਸ ਦੇ ਸਾਰੇ ਉਹ (ਮੁੰਡੇ)। ਇਸ ਪਛਾਣ-ਵਿਧੀ ਦਾ ਇਕ ਅਪਵਾਦ ਵੀ ਹੈ ਜਿਵੇਂ : ਉਹ ਸ਼ਹਿਰ ਗਿਆ ਵਿਚ 'ਸ਼ਹਿਰ ਸਥਾਨ ਸੂਚਕ ਸ਼ਬਦ ਹੈ ਅਤੇ ਨਾਵ ਸਈ ਦਾ ਮੈਂਬਰ ਹੁੰਦਾ ਹੋਇਆ ਵੀ ਨਾਂਵ ਵਾਕੰਸ਼ ਵਜੋਂ ਕਾਰਜ ਨਹੀਂ ਕਰਦਾ। ਨਾਂਵ ਵਾਕੰਸ਼ ਦੀ ਦੂਜੀ ਪਛਾਣ-ਵਿਧੀ ਸਬੰਧਕਾਂ 'ਤੇ ਅਧਾਰਤ ਹੈ। ਪੰਜਾਬੀ ਨਾਂਵ ਵਾਕੰਸ ਜਦੋਂ ਸਬੰਧਕੀ ਰੂਪ ਵਿਚ ਵਿਚਰਦੇ ਹਨ ਤਾਂ ਇਨ੍ਹਾਂ ਤੋਂ ਪਿਛੋਂ ਕੇ ਨੈ ਤੋਂ ਵਧੇਰੇ ਪੜ ਨਾਲ, ਰਾਹੀਂ ਆਦਿ ਸਬੰਧਕ ਵਿਚਰਦੇ ਹਨ। ਇਹ ਸਬੰਧਕ ਵਾਕੰਸ਼ ਮਾਰਕਰ ਵੀ ਹਨ ਅਤੇ ਕਾਰਕ-ਸੂਚਕ ਵੀ। ਇਨਾ ਸਬੰਧਕਾਂ ਤੋਂ ਪਿਛੋਂ ਦੂਜਾ ਵਾਕੰਸ਼ ਸ਼ੁਰੂ ਹੋ ਜਾਂਦਾ ਹੈ। ਤੋਂ, ਸਬੰਧਕ ਸਥਾਨ-ਸੂਚਕ ਹੁੰਦਾ ਹੈ ਪਰ ਕੁਝ ਦਲਤਾ ਵਿਚ ਇਹ ਨਾਵ ਵਾਕੰਸ ਦਾ ਮਾਰਕਰ ਵੀ ਹੁੰਦਾ ਹੈ ਜਿਵੇਂ : ਇਹ ਪੈਸਾ ਸਾਮ ਤੋਂ ਮਿਲਿਆ। ਕਾਰਜ ਤੀਜੀ ਪਰਕਾਰ ਦੀ ਪਛਾਣ ਵਿਧੀ ਹੈ। ਕਾਰਜ ਦੇ ਪੱਖ ਤੋਂ ਪੰਜਾਬੀ ਨਾਂਵ ਵਾਕੰਸ਼ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ । ਕਰਤਾ ਨਾਵ ਵਾਕੰਸ਼ (ਮਾ ਨੇ) (I) ਕਰਮ ਨਾਂਵ ਵਾਕੰਸ਼ (ਦੁੱਧ) (ਮਾਂ ਨੇ (ਬੱਚੇ ਨੂੰ) ਦੁੱਧ ਪਿਆਇਆ।) ਕਰਮ ਨਾਂਵ ਵਾਕੰਸ ਨੂੰ ਅੱਗੇ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ (ਪਰਧਾਨ ਕਰਮ (ਦੁੱਧ) ਅਤੇ ਅਪ੍ਰਧਾਨ ਕਰਮ (ਬੰਦੇ ਨੂੰ)। ਇਹ ਸਧਾਰਨ ਬਿਆਨੀਆ ਵਾਕ ਵਿਚ ਨਾਂਵ ਵਾਕੰਸਾ ਦੀ ਗਿਣਤੀ ਤਿੰਨ ਤੱਕ ਹੋ ਸਕਦੀ ਹੈ ਪਰ ਪਰਨਾਰਥਕ ਕਿਰਿਆ ਵਾਲੇ ਵਾਕਾਂ ਵਿਚ ਇਨ੍ਹਾਂ ਦੀ ਗਿਣਤੀ ਚਾਰ ਤੱਕ ਹੋ ਸਕਦੀ ਹੈ। ਇਸ ਪ੍ਰਕਾਰ ਦੇ ਵਾਕਾਂ ਵਿਚ ' ਪ੍ਰਧਾਨ ਕਰਮ ਦੇ ਏਵੇਂ ਰੂਪ ਲੈਣ ਵਾਲਾ ਅਤੇ ਦੇਣ ਵਾਲਾ ਸ਼ਾਮਲ ਹੁੰਦੇ ਹਨ : "ਸਰਕਾਰ ਨੇ ਲੋਕਾਂ ਨੂੰ ਸਾਹੂਕਾਰਾਂ ਤੋਂ ਕਰਜਾ ਦਿਵਾਇਆ। ਪੰਜਾਬੀ ਐਸ. ਓ. ਵੀ ਗਰੁੱਪ ਦੀ ਭਾਸ਼ਾ ਹੈ। ਸਧਾਰਨ ਬਿਆਨੀਆ ਵਾਕਾਂ ਦੀ ਟਕਸਾਲੇ ਤਰਤੀਬ (ਕਰਤਾ)- (ਅਪਰਧਾਨ ਕਰਮ) - (ਪਰਧਾਨ ਕਰਮ) ਵਾਲੀ ਹੁੰਦੀ ਹੈ। "ਮਾ ਨੇ ਬੱਚੇ ਨੂੰ ਦੁੱਧ ਦਿੱਤਾ। ਪੰਜਾਬੀ ਵਿਚ ਇਕ ਵਾਕੰਸ਼ ਨੂੰ ਦੂਜੀ ਥਾਂ 'ਤੇ ਵਰਤਿਆ ਜਾ ਸਕਦਾ

ਹੈ, ਬੱਚੇ ਨੂੰ ਮਾਂ ਨੇ ਦੁੱਧ ਦਿੱਤਾ ਦੁੱਧ ਦਿੱਤਾ ਮਾਂ ਨੇ ਬੜੇ ਨੇਂ ਪਰ ਵਾਕੰਸ਼ ਦੀ ਅੰਦਰੂਨੀ ਤਰਤੀਬ ਨੂੰ ਅੱਗੇ ਪਿਛੇ ਨਹੀਂ ਕੀਤਾ ਜਾ ਸਕਦਾ।

ਕਿਰਿਆ ਵਾਕੰਸ਼

ਇਸ ਸੰਕਲਪ ਦੀ ਵਰਤੋਂ ਵਿਆਕਰਨਕ ਵਿਸ਼ਲੇਸਣ ਲਈ ਕੀਤੀ ਜਾਂਦੀ ਹੈ। ਕਿਸੇ ਵਾਕਾਤਮਕ ਬਣਤਰ ਵਿਚ ਜੋ ਇਕਾਈ ਕਿਰਿਆ ਦੇ ਕਾਰਜ ਨੂੰ ਪੂਰਿਆਂ ਕਰਦੀ ਹੈ ਅਤੇ ਕਿਰਿਆ ਦੇ ਸਥਾਨ ਤੇ ਵਿਚਰਦੀ > ਵਿਹਾਰਕ ਭਾਸ਼ਾ ਹੈ ਉਸ ਇਕਾਈ ਨੂੰ ਕਿਰਿਆ ਵਾਕੰਸ਼ ਆਖਿਆ ਜਾਂਦਾ ਹੈ। ਪੰਜਾਬੀ ਕਿਰਿਆ ਵਾਕੰਸ਼ ਦੀ ਬਣਤਰ ਵਿਚ ਇਕ ਤੋਂ ਲੈ ਕੇ ਸੰਤ ਤੱਕ ਸ਼ਬਦ ਵਿਚਰ ਸਕਦੇ ਹਨ। ਦਬਾ-ਬੋਧਕ ਅਤੇ ਨਾਂਹ-ਪੱਖੀ ਸ਼ਬਦਾਂ ਨੂੰ ਛੱਡ ਕੇ ਬਾਕੀ ਸਾਰੇ ਸ਼ਬਦ ਕਿਰਿਆ ਦੀ ਸ਼ਬਦਾਵਲੀ ਦੇ ਮੈਂਬਰ ਹੁੰਦੇ ਹਨ। ਕਿਰਿਆ ਵਾਕੰਸ਼ ਦੀ ਬਣਤਰ ਵਿਚ ਤਿੰਨ ਪ੍ਰਕਾਰ ਦੇ ਕਿਰਿਆ ਸ਼ਬਦ ਵਿਚਰਦੇ ਹਨ : (1) ਮੁੱਖ ਕਿਰਿਆ (2) ਸਹਾਇਕ ਕਿਰਿਆ ਅਤੇ (3) ਸੰਚਾਲਕ ਕਿਰਿਆ। ਮੁੱਖ ਕਿੱਦਿਆ ਕਿਰਿਆ ਵਾਕੰਸ਼ ਦਾ ਕੇਂਦਰੀ ਤੱਤ ਹੈ। ਕਿਰਿਆ ਵਾਕੰਸ਼ ਦੀ ਬਣਤਰ ਨਾਂਵ ਵਾਕੰਸ਼ ਤੋਂ ਉਲਟ ਖੱਬੇ ਤੋਂ ਸੱਜੇ ਵੱਲ ਚਲਦੀ ਹੈ। ਹਰ ਉਸ ਕਿਰਿਆ ਸ਼ਬਦ ਨੂੰ ਮੁੱਖ ਕਿਰਿਆ ਆਖਿਆ ਜਾਂਦਾ ਹੈ ਜੋ ਪਹਿਲੇ ਸਥਾਨ 'ਤੇ ਵਿਚਰਦਾ ਹੈ। ਜਿਵੇਂ "ਉਹ ਪਿੰਡ ਜਾ ਰਿਹਾ ਹੁੰਦਾ ਸੀ, ਉਹ ਫਿਲਮ ਦੇਖਦਾ ਰਿਹਾ। ਮੁੱਖ ਕਿਰਿਆ, ਵਾਕੰਸ਼ ਦੇ ਮੂਲ ਸਰੂਪ ਨੂੰ ਪੇਸ਼ ਕਰਦੀ ਹੈ ਜਦੋਂ ਕਿ ਸੰਚਾਲਕ ਤੇ ਸਹਾਇਕ ਕਿਰਿਆਵਾਂ ਇਸ ਸਰੂਪ ਦੇ ਵਿਆਕਰਨਕ ਲੱਛਣਾ ਨੂੰ ਪ੍ਰਸਤੁਤ ਕਰਦੀਆਂ ਹਨ। ਸੰਚਾਲਕ ਕਿਰਿਆ ਚਾਰ ਪਰਕਾਰ ਦੀ ਹੁੰਦੀ ਹੈ : ਮੁੱਢਲੀ, ਕਰਮਵਾਚੀ, ਗਤੀਵਾਦੀ ਅਤੇ ਸੰਭਾਵਕ ਸੰਚਾਲਕ ਕਿਰਿਆ। ਮੁੱਢਲੀ ਸੰਚਾਲਕ ਕਿਰਿਆ ਮੁੱਖ ਕਿਰਿਆ ਤੋਂ ਤੁਰੰਤ ਪਿਛੋਂ ਵਿਚਰਦੀ ਹੈ। ਇਸ ਕਿਰਿਆ ਦੇ ਉੱਤੀ ਰੂਪ ਹਨ ਕਰਮਵਾਚੀ ਕਿਰਿਆ ਦੇ ਦੋ 'ਜਾ ਤੇ ਹੋ ਰੂਪ ਹਨ, ਗਤੀ ਵਾਚੀ ਸੰਚਾਲਕ ਕਿਰਿਆ ਦਾ ਇਕੋ ਇਕ ਰੂਪ ਰਹਿ ਹੈ ਅਤੇ ਸੰਭਾਵਕ ਸੰਚਾਲਕ ਕਿਰਿਆ ਦੇ 'ਸਕ, ਚੁਕ, ਦਸ, ਹੈ, ਕਰ ਅਤੇ ਇਸ ਤੇ ਰੂਪ ਹਨ। ਇਹ ਸਾਰੇ ਰੂਪ ਵਿਆਕਰਨਕ ਵਿਸ਼ੇਸ਼ਤਾਵਾਂ ਅਨੁਸਾਰ ਵਿਚਰਦੇ ਹਨ। ਇਨ੍ਹਾਂ ਦੋਹਾਂ ਉਪ-ਸ੍ਰੇਣੀਆ ਦੇ ਮੈਂਬਰ ਕਿਰਿਆ ਵਾਕੰਸ਼ ਦੀ ਬਣਤਰ ਵਿਚ ਆਪਣੀ ਨਿਸ਼ਚਿਤ ਥਾਂ 'ਤੇ ਕਦੇ ਵੀ ਇਕ ਤੋਂ ਵੱਧ ਵਾਰ ਨਹੀਂ ਆ ਸਕਦੇ। ਸਹਾਇਕ ਕਿਰਿਆ ਦੇ ਦੋ ਰੂਪ ਹੈ ਸੀ ਹਨ। ਇਹ ਦੋਵੇਂ ਰੂਪ ਆਪਣੀ ਵਿਆਕਰਨਕ ਵਿਸ਼ੇਸਤਾ ਦੀ ਪੂਰਤੀ ਵਜੋਂ ਵਿਚਰਦੇ ਹਨ ਅਤੇ ਕਾਲ, ਵਚਨ ਤੇ ਪੁਰਖ ਦੀ ਸੂਚਨਾ ਦੇ ਵਾਹਕ ਹੁੰਦੇ ਹਨ। ਕਿਰਿਆ ਵਾਕੰਸ਼ ਦੀ ਬਣਤਰ ਵਿਚ ਵਿਚਰਨ ਵਾਲੇ ਕਿਰਿਆ ਸਬਦ ਰੂਪ ਪੱਖੋਂ ਦੋ ਪ੍ਰਕਾਰ ਦੇ ਹੁੰਦੇ ਹਨ (1) ਕਾਲਕੀ ਅਤੇ (1) ਅਕਾਲਕੀ। ਉਨ੍ਹਾਂ ਕਿਰਿਆ ਰੂਪਾਂ ਨੂੰ ਕਾਲਕੀ ਕਿਰਿਆ ਰੂਪ ਕਿਹਾ ਜਾਂਦਾ ਹੈ ਜਿਨ੍ਹਾਂ ਦਾ ਰੂਪ ਵਿਆਕਰਨਕ ਸ਼ਰੇਣੀਆਂ ਅਨੁਸਾਰ ਰੂਪਾਂਤਰਤ ਹੁੰਦਾ ਹੋਵੇ, ਜਿਵੇਂ ਕਰਦਾ ਕਰਦੀ ਕਰਦੀਆ' ਦੂਜੇ ਪਾਸੇ ਉਨ੍ਹਾਂ ਕਿਰਿਆ ਰੂਪਾਂ ਨੂੰ ਅਕਾਲਕੀ ਕਿਰਿਆ ਰੂਪ ਕਿਹਾ ਜਾਂਦਾ ਹੈ ਜਿਨ੍ਹਾਂ ਦਾ ਰੂਪ ਵਿਆਕਰਨਕ ਸਰੇਣੀਆਂ ਅਨੁਸਾਰ ਰੂਪਾਂਤਰਤ ਨਾ ਹੁੰਦਾ ਹੋਵੇ। ਇਸ ਪਰਕਾਰ ਦੇ ਕਿਰਿਆ ਰੂਪਾਂ ਦੀ ਗਿਣਤੀ ਸੱਤਾ ਹੈ। ਕਿਰਿਆ ਧਾਤੂ ਤੋਂ ਇਲਾਵਾ ਇਨ੍ਹਾਂ ਕਿਰਿਆ ਰੂਪਾਂ ਦੇ ਅੰਤਕ ' ਚ ਦਿਆ, ਇਆ, ਨੇ, ਅਏ ਨਈ ਹੁੰਦੇ ਹਨ। ਇਕ ਕਾਲਕੀ ਕਿਰਿਆ ਵਾਕੰਸ਼ ਦੀ ਬਣਤਰ ਵਿਚ ਅਕਾਲਕੀ ਅਤੇ ਕਾਲਕੀ ਦੋਵੇਂ ਭਾਂਤ ਦੇ ਕਿਰਿਆ ਰੂਪ ਵਿਚੜ ਸਕਦੇ ਹਨ ਪਰ ਕਿਰਿਆ ਵਾਕੰਸ਼ ਦਾ ਅੰਤਲਾ ਮੈਂਬਰ ਕਾਲਕੀ ਰੂਪ ਵਾਲਾ ਹੁੰਦਾ ਹੈ, ਜਿਵੇਂ ਨਹੀਂ ਸੀ ਜਾ ਰਿਹਾ ਹੁੰਦਾ (ਨਾਂਹ-ਸੂਚਕ ਕਾਲਕੀ, ਅਕਾਲਕੀ ਕਾਲਕੀ-ਕਾਲਕੀ) ਦੂਜੇ ਪਾਸੇ

ਅਕਾਲਕੀ ਕਿਰਿਆ ਵਾਸ ਵੀ ਬ ਵਿਚ ਵੀ ਕਾਲਕੀ ਅਤੇ ਅਕਾਲਕੀ ਦੋਵੇਂ ਰੂਪ ਵਿਚਰ ਸਕਦੇ ਹਨ ਪਰ ਅਕਾਲਕੀ ਕਿਰਿਆ ਵਾਕੰਸ਼ ਦਾ ਅੰਤਲਾ ਸ਼ਬਦ ਅਕਾਲਕੀ ਕਿਰਿਆ ਰੂਪੀ ਹੁੰਦਾ ਹੈ, ਜਿਵੇਂ : ਬਾਹਰ ਨਿਕਲਣ ਲਗਿਆਂ... ਅਕਾਲ ਜੀ ਅਕਾਲਕੀ ।

1.1.5 ਸ਼ਬਦ ਰੂਪ ਅਤੇ ਕਾਰਜ ਦੇ ਆਧਾਰ ਉੱਤੇ ਸ਼੍ਰੇਣਿਕ ਵੰਡ

"ਸ਼ਬਦ" ਦੀ ਵਿਆਖਿਆ ਲਈ ਵਿਦਵਾਨਾਂ ਦੇ ਅਲੱਗ-ਅਲੱਗ ਵਿਚਾਰ ਹਨ। ਪ੍ਰਸਿੱਧ ਅਮਰੀਕੀ ਭਾਸ਼ਾ ਵਿਗਿਆਨੀ ਲਿਉਨਾਰਦ ਬਲੂਮਫ਼ੀਲਡ ਨੇ ਕਿ 'ਸ਼ਬਦ' ਬਾਰੇ ਕਿਹਾ ਹੈ: “ A word is a minimal free form” ਅਰਥਾਤ “ਸ਼ਬਦ ਇੱਕ ਲਘੂਤਮ ਸੁਤੰਤਰ ਇਕਾਈ ਹੈ।“ ਬਲੂਮਫ਼ੀਲਡ ਦੀ ਇਹ ਪਰਿਭਾਸ਼ਾ ਹੁਣ ਤੱਕ ਮਿਲਦੀਆਂ ਸਾਰੀਆਂ ਪਰਿਭਾਸ਼ਾਵਾਂ ਨਾਲੋਂ ਮੁਕਾਬਲਨ ਵਧੇਰੇ ਮਕਬੂਲ ਹੈ। ਇਸ ਪਰਿਭਾਸ਼ਾ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਾਨੂੰ ਸੁਤੰਤਰ ਬੰਧੇਜੀ ਰੂਪਾਂ ਦੀ ਪ੍ਰਕ੍ਰਿਤੀ ਸਮਝ ਲੈਣੀ ਚਾਹੀਦੀ ਹੈ। ਇਸ ਸੰਬੰਧ ਵਿੱਚ ਪਹਿਲੀ ਸ਼ਰਤ ਇਹ ਹੈ ਕਿ ਆਮ ਹਾਲਤਾਂ ਵਿੱਚ ਪ੍ਰਵਚਨ ਜਾਂ ਵਾਕ ਵਿੱਚ ਇੱਕਲੇ ਵਿਚਰਨ ਵਾਲੇ ਸ਼ਬਦ ਰੂਪ ਨੂੰ ਸੁਤੰਤਰ ਕਿਹਾ ਜਾਂਦਾ ਹੈ ਜੋ ਪ੍ਰਯੋਗ ਤੇ ਅਰਥ ਸੰਚਾਰ ਲਈ ਹੋਰ ਕਿਸੇ ਤੱਤ ਉੱਤੇ ਨਿਰਭਰ ਨਾ ਹੋਵੇ। ਇਹਨਾਂ ਅਰਥਾਂ ਵਿੱਚ “ਸ਼ਬਦ” ਆਤਮ ਨਿਰਭਰ ਹੈ। ਦੂਜੀ ਸ਼ਰਤ ਇਹ ਹੈ ਕਿ “ਸ਼ਬਦ” ਉਹ ਹੈ ਜੋ ਲਘੂਤਮ (minimal) ਹੈ ਉਸ ਦੇ ਹੋਰ ਟੋਟੇ ਨਹੀਂ ਹੋ ਸਕਦੇ। ਇਸ ਤਰ੍ਹਾਂ ਬਲੂਮਫ਼ੀਲਡ ਦੀ “ਸ਼ਬਦ” ਸੰਬੰਧੀ ਪਰਿਭਾਸ਼ਾ ਦੀ ਵਿਆਖਿਆ ਪੇਸ਼ ਕੀਤੀ ਗਈ ਹੈ।ਸ਼ਬਦ ਇੱਕ ਸ਼ੁਤੰਤਰ ਧੁੰਨੀ ਹੈ ਜੋ ਵਾਕ ਸੰਰਚਨਾ ਲਈ ਸਹਾਇਕ ਹੁੰਦੀ ਹੈ।

1.1.6 ਸ਼ਬਦ ਰਚਨਾ ਦੀਆਂ ਵਿਧੀਆਂ-1

ਡੇਵਿਡ ਕ੍ਰਿਸਟਲ ਨੇ ਸ਼ਬਦ ਦੀ ਪਛਾਣ ਕਰਨ ਦੀਆਂ ਪੰਜ ਕਸੌਟੀਆਂ ਪੇਸ਼ ਕੀਤੀਆਂ ਹਨ।

ਸੰਭਾਵੀ ਠਹਰਾਉ (potential pause)

ਜੇਕਰ ਕਿਸੇ ਨੂੰ ਕਿਹਾ ਜਾਵੇ ਕਿ ਉਹ ਵਾਕ ਉੱਚੀ –ਉੱਚੀ ਬੋਲੇ, ਅਤੇ ਬਾਅਦ ਵਿੱਚ ਕਿਸੇ ਹੋਰ ਨੂੰ ਆਖਿਆ ਜਾਵੇ ਕਿ ਉਹ ਉਸੇ ਵਾਕ ਨੂੰ ਠਹਿਰਾਉ ਦੇ-ਦੇ ਕੇ ਹੌਲੀ-ਹੌਲੀ ਦੁਹਰਾਏ। ਅਜਿਹੇ ਦੁਹਰਾਉ ਸ਼ਬਦਾਂ ਦੇ ਦਰਮਿਆਨ ਹੋਣਗੇ ਅਤੇ ਸ਼ਬਦਾਂ ਦੇ ਅੰਦਰਵਾਰ ਨਹੀਂ ਹੋਣਗੇ। ਪਰ ਇਹ ਤਰੀਕਾ ਪੂਰੀ ਤਰ੍ਹਾਂ ਸਹੀ ਨਹੀਂ ਹੈ ਕਿਉਂਕਿ ਇੱਕ ਬੁਲਾਰਾ ਇੱਕ ਉਚਾਰਖੰਡਵਾਲੇ ਸ਼ਬਦਾਂ ਨੂੰ ਆਸਾਨੀ ਨਾਲ ਤੋੜ ਸਕਦਾ ਹੈ ਪਰ ਦੋ ਜਾਂ ਦੋ ਵੱਧ ਇੱਕੋ ਜਿਹਾ ਸੰਬੰਧ ਰੱਖਣ ਵਾਲੇ ਸ਼ਬਦਾਂ ਨੂੰ ਤੋੜਨ ਵਿੱਚ ਅਸਮੱਰਥ ਹੁੰਦਾ ਹੈ।

ਅਵੰਡਤਾ (indivisibility)

ਇਸ ਵਿੱਚ ਇੱਕ ਬੁਲਾਰੇ ਨੂੰ ਉੱਚੀ–ਉੱਚੀ ਬੋਲਣ ਨੂੰ ਕਿਹਾ ਜਾਂਦਾ ਹੈ ਅਤੇ ਵਿੱਚ ਉਸੇ ਵਾਕ ਵਿੱਚ ਹੋਰ ਸ਼ਬਦ ਜੋੜਨ ਲਈ ਕਿਹਾ ਜਾਂਦਾ ਹੈ। ਇਸ ਦੌਰਾਨ ਤੁਸੀਂ ਦੇਖੋਗੇ ਕਿ ਨਵੇਂ ਜੁੜੇ ਸ਼ਬਦ ਪਹਿਲਾਂ ਵਾਲੇ ਸ਼ਬਦਾਂ ਦੀਆਂ ਵਿੱਥਾਂ

ਵਿੱਚ ਜੁੜਦੇ ਹਨ ਨਾ ਕਿਸੇ ਵਾਕ ਦੇ ਅੰਦਰੂਨੀ ਹਿੱਸਿਆਂ ਵਿੱਚ। ਜਿਵੇਂ:'ਉਹ ਲੜਕਾ ਪੜ੍ਹਦਾ ਹੈ' 'ਉਹ ਲੜਕਾ ਜਿਸਨੇ ਕਾਲੀ ਕਮੀਜ਼ ਪਾਈ ਹੈ, ਪੜ੍ਹਦਾ ਹੈ। ਕਈ ਭਾਸ਼ਾਵਾਂ ਵਿੱਚ ਮਧੇਤਰ ਹੁੰਦੇ ਹਨ ਜੋ ਅਸਲ ਵਾਕ ਦੇ ਵਿੱਚ ਜੁੜ ਕੇ ਉਸਨੂੰ ਲੰਬਾ ਕਰ ਦਿੰਦੇ ਹਨ।

ਲਘੁਤਮ ਸੁਤੰਤਰ ਰੂਪ (minimal free)

ਸ਼ਬਦ ਸੁਤੰਤਰ ਰੂਪ ਹੈ ਜੋ ਇੱਕਲਾ ਹੀ ਅਲੱਗ-ਥਲੱਗ ਹੋ ਕੇ ਵਿਚਰ ਸਕਦਾ ਹੈ, ਅਤੇ ਉਹ ਵਾਕ ਵਿੱਚ ਕਿਤੇ ਵੀ ਸਥਾਨਾਂਤਰ ਕਰ ਸਕਦਾ ਹੈ।

ਉਚਾਰਣ-ਗਤ ਹੱਦਬੰਦੀ

ਕਈ ਭਾਸ਼ਾਵਾਂ ਵਿੱਚ ਉਚਾਰਨ ਦੇ ਕੁੱਝ ਖਾਸ ਨਿਯਮ ਹੁੰਦੇ ਹਨ ਜਿਸ ਤੋਂ ਕਿਸੇ ਸ਼ਬਦ ਦੀ ਹੱਦਬੰਦੀ ਦਾ ਪਤਾ ਲੱਗਦਾ ਹੈ ਮਤਲਬ ਕਿ ਸ਼ਬਦ ਦਾ ਉਚਾਰਨ ਕਿੱਥੋਂ ਸ਼ੁਰੂ ਹੋਇਆ ਹੈ ਅਤੇ ਕਿੱਥੇ ਖਤਮ ਹੋਇਆ ਹੈ। ਉਦਹਾਰਣ ਦੇ ਤੌਰ ਤੇ ਜੇਕਰ ਕਿਸੇ ਭਾਸ਼ਾ ਵਿੱਚ ਸ਼ਬਦ ਦੇ ਅਖੀਰਲੇ ਉਚਾਰਖੰਡ ਤੇ ਬਲ ਪੈਦਾਂ ਹੈ ਤਾਂ ਉਸਦੀ ਭਾਸ਼ਾ ਦੀ ਧੁਨੀਆਤਮਕ ਹੱਦਬੰਦੀ ਸ਼ਬਦ ਦੇ ਅਖੀਰਲੇ ਉਚਾਰਖੰਡ ਤੇ ਪਏ ਬਲ ਤੋਂ ਬਾਅਦ ਸ਼ੁਰੂ ਹੁੰਦੀ ਹੈ।

ਅਰਥਾਤਮਕ ਇਕਾਈਆਂ (semantic units)

ਕਿਸੇ ਭਾਸ਼ਾ ਵਿੱਚ ਸ਼ਬਦ ਅਰਥ ਵਾਹਕ ਦਾ ਵੀ ਕੰਮ ਕਰਦੇ ਹਨ। 'ਲੜਕਾ ਪੜ੍ਹਦਾ ਹੈ' ਵਾਕ ਤਿੰਨ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ। ਇਹ ਤਿੰਨੋਂ ਸ਼ਬਦ ਅਰਥ ਵਾਹਕ ਦਾ ਵੀ ਕੰਮ ਕਰਦੇ ਹਨ। ਇਸ ਤਰ੍ਹਾਂ ਅਰਥਾਤਮਕ ਪੱਖੋਂ ਅਰਥ ਵਾਹਕ ਇਕਾਈਆਂ ਸ਼ਬਦ ਹੀ ਹਨ। ਇਹਨਾਂ ਹੱਦਬੰਦੀਆਂ ਤੋਂ ਇਲਾਵਾ ਕਈ ਅਹਿਜੇ ਸਕੰਲਪ ਵੀ ਹਨ ਜਿਹੜੇ 'ਸ਼ਬਦ' ਨਾਮਕ ਵਿਆਕਰਣਿਕ ਇਕਾਈ ਨੂੰ ਪਰਿਭਾਸ਼ਿਤ ਕਰਦੇ ਹਨ।

ਲਿਪੀਆਤਮਕ ਸ਼ਬਦ (Orthographic word)

ਲਿਪੀਆਤਮਕ ਸ਼ਬਦ 'ਸ਼ਬਦਾਂ ਦੇ ਉਸ ਦੇ ਲਿਖਤੀ ਰੂਪ ਨੂੰ ਆਖਦੇ ਹਨ ਜਿਨ੍ਹਾਂ ਵਿਚਕਾਰ ਲਿਖਣ ਸਮੇਂ ਸ਼ਬਦਾਂ ਵਿੱਚ ਖਾਲੀ ਜਗ੍ਹਾ ਦਿੱਤੀ ਜਾਂਦੀ ਹੈ। ਭਾਸ਼ਾ ਵਿੱਚ ਉਸਦੀ ਸਾਹਿਤਕ ਪ੍ਰੰਪਰਾ ਅਨੁਸਾਰ ਲਿਪੀਆਤਕਮ ਅਤੇ ਇੱਕ ਪ੍ਰਸ਼ਨ ਕਿ ਸ਼ਬਦ ਦੇ ਅਰਥ ਨੂੰ ਕਿਵੇਂ ਲਿਆ ਜਾਂਦਾ ਹੈ, ਵਿਚਕਾਰ ਅੰਤਰ ਸੰਬੰਧ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਇੱਕ ਸ਼ਬਦ "ਉਚਾਰ-ਖੰਡ", "ਉਚਾਰ ਖੰਡ" ਅਤੇ ਉਚਾਰਖੰਡ ਲੈਂਦੇਂ ਹਾਂ। ਤਿੰਨਾਂ ਰੂਪਾਂ ਦਾ ਅਰਥ ਇੱਕੋ ਹੀ ਹੈ ਪਰ ਪਹਿਲੇ ਦੋ ਰੂਪ ਲਿਪੀਆਤਮਕ ਹਨ। ਇਸ ਤਰ੍ਹਾਂ ਪੰਜਾਬੀ ਲਿਪੀਆਤਮਕ ਰੂਪ ਇਹੋ ਕਿਹਾ ਕੋਈ ਨਿਯਮ ਨਹੀਂ ਦੱਸਦੀ ਕਿ ਕਿਸ ਸਮਾਸੀ ਸ਼ਬਦ (compound) ਨੂੰ ਨਿਖੇੜ ਕਿ ਲਿਖਣਾ ਹੈ ਅਤੇ ਕਿਸਨੂੰ ਨਹੀਂ। ਇਸ ਲਈ ਇੱਕ ਲਿਖਾਰੀ ਇਹਨਾਂ ਨੂੰ ਆਪਣੀ ਮਰਜ਼ੀ ਨਾਲ ਲਿਖਦਾ ਹੈ ਅਤੇ ਗਲਤ ਨਹੀਂ ਮੰਨੇ ਜਾਂਦੇ। ਪਰ ਹਰੇਕ ਭਾਸ਼ਾ ਵਿੱਚ ਲਿਪੀਆਤਮਕ ਰੂਪ ਅਜਿਹਾ ਨਹੀਂ ਵਰਤਿਆ ਗਿਆ। ਕਈ ਪੁਰਾਤਨ ਯੂਰਪੀ ਭਾਸ਼ਾਵਾਂ ਵਿੱਚ ਇਸ ਤਰ੍ਹਾਂ ਦਿ

ਸ਼ਬਦਾਂ ਵਿਚਕਾਰ ਜਗ੍ਹਾ ਨਹੀਂ ਛੱਡੀ ਜਾਂਦੀ ਸੀ। ਉਦਾਹਰਣ ਦੇ ਤੌਰ ਤੇ ਯੂਨਾਨੀ ਅਤੇ ਲਾਤੀਨੀ ਭਾਸ਼ਾ। ਪੁਰਾਤਨ ਪੰਜਾਬੀ ਦਾ ਸਾਹਿਤ ਵੀ ਇਸੇ ਰੂਪ ਵਿੱਚ ਮਿਲਦਾ ਹੈ। 12ਵੀਂ ਸਦੀ ਵਿੱਚ ਬਾਬਾ ਫ਼ਰੀਦ ਜੀ ਤੋਂ ਇਲਾਵਾ ਨਾਥ ਜੋਗੀਆਂ ਨੇ ਵੀ ਪੰਜਾਬੀ ਦੀਆਂ ਲਿਖਤਾਂ ਇਸੇ ਰੂਪ ਵਿੱਚ ਘੜੀਆਂ ਹਨ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਇਸੀ ਰੂਪ ਵਿੱਚ ਕੀਤਾ ਗਿਆ ਹੈ।

ਅੰਗਰੇਜ਼ਾਂ ਨੇ ਭਾਰਤ ਵਿੱਚ ਜਦੋਂ ਕਿਤਾਬਾਂ ਦੀ ਛਪਾਈ ਲਈ ਮਸ਼ੀਨ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਤਾਂ ਦੋ ਸ਼ਬਦਾਂ ਦੇ ਵਿਚਕਾਰ ਦੇ ਠਹਿਰਾਓ ਨੂੰ ਦਰਸਾਉਣ ਲਈ ਖਾਲੀ ਜਗ੍ਹਾ ਛੱਡੀ ਜਾਂਦੀ ਸੀ। ਇਸ ਲਈ ਜਦੋਂ ਪੰਜਾਬੀ ਕਿਤਾਬਾਂ ਦੀ ਮਸ਼ੀਨੀ ਛਪਾਈ ਸ਼ੁਰੂ ਹੋਈ ਤਾਂ ਹੋਲੀ ਹੋਲੀ ਪੰਜਾਬੀ ਵਿੱਚ ਵੀ ਸ਼ਬਦਾਂ ਵਿਚਾਲੇ ਜਗ੍ਹਾ ਛੱਡਣ ਦਾ ਰਿਵਾਜ ਬਣਿਆ। ਕੁੱਝ ਪੁਰਾਤਨ ਭਾਸ਼ਾਵਾਂ ਅਜਿਹੀਆਂ ਵੀ ਸਨ ਜਿੰਨ੍ਹਾਂ ਵਿੱਚ ਸ਼ਬਦਾਂ ਨੂੰ ਨਿਖੇੜਨ ਲਈ ਬਿੰਦੂਆਂ ਦੀ ਵਰਤੋਂ ਕੀਤੀ ਜਾਂਦੀ ਸੀ। ਹੇਠਾਂ ਪੁਰਾਤਨ ਇਟਲੀ ਦੀ ਭਾਸ਼ਾ ਓਸਕਨ (Oscan) ਦੀ ਉਦਹਾਰਣ ਲੈਂਦੇਂ ਹਾਂ; ਇੱਥੇ ਇਹ ਬਿੰਦੂਆਂ ਦਾ ਵੀ ਉਹੀ ਕੰਮ ਹੈ ਜੋ ਸ਼ਬਦਾਂ ਵਿਚਲੇ ਠਹਿਰਾਓ ਨੂੰ ਦਰਸਾਓਣ ਲਈ ਕੀਤਾ ਜਾਂਦਾ ਹੈ।

ਵੇਦਾਂ ਵਿੱਚ ਵੀ ਇਸੀ ਤਰ੍ਹਾਂ ਦੋ ਸ਼ਬਦਾਂ ਦੇ ਵਿਚਕਾਰ ਖਾਲੀ ਜਗ੍ਹਾ ਨਹੀਂ ਛੱਡੀ ਜਾਂਦੀ ਸੀ। ਜਿਵੇਂ ਕਿ ਤਸਵੀਰ ਵਿੱਚ ਵੇਦਾਂ ਦੀ ਲਿਪੀ ਦੇਵਨਾਗਰੀ ਹੈ ਅਤੇ ਇਸਦੇ ਸਾਰੇ ਸ਼ਬਦ ਆਪਸ ਵਿੱਚ ਜੁੜੇ ਹੋਏ ਹਨ।

ਧੁਨੀਆਤਮਕ ਸ਼ਬਦ

ਧੁਨੀਆਤਮਕ ਸ਼ਬਦ ਬੋਲ ਦਾ ਇੱਕ ਹਿੱਸਾ ਹੁੰਦਾ ਹੈ ਜੋ ਓਚਾਰਨ ਦੀ ਇੱਕ ਇਕਾਈ ਵਾਂਗ ਕੰਮ ਕਰਦਾ ਹੈ ਅਤੇ ਇਹ ਹਰੇਕ ਭਾਸ਼ਾ ਵਿੱਚ ਅਲੱਗ ਅੱਲਗ ਹੂੰਦਾ ਹੈ। ਧੁਨੀਆਤਮਕ ਸ਼ਬਦ ਧੁਨੀ ਪ੍ਰਕਿਰਿਆ ਦੀ ਉਪਲਬਧੀ ਹੈ।ਸ਼ਬਦ ਦੇ ਧੁਨੀਆਤਮਕ ਰੂਪ ਦੀ ਉਸਾਰੀ ਵਿੱਚ ਕਿਸੇ ਵਿਸ਼ੇਸ਼ ਭਾਸ਼ਾ ਦੀਆਂ ਧੁਨੀਆਂ ਅਤੇ ਉਚਾਰ ਖੰਡਾਂ ਦਾ ਸੰਯੋਗ ਹੁੰਦਾ ਹੈ। ਧੁਨੀਆਤਮਕ ਸ਼ਬਦ ਸੁਣਨ ਯੋਗ ਹੁੰਦੇ ਹਨ। ਪਰ ਜੋ ਸ਼ਬਦ ਲਿਪੀਗਤ ਅੱਖਰਾਂ ਦੀ ਸ਼ਕਲ ਵਿੱਚ ਸਾਕਾਰ ਹੁੰਦਾ ਹੈ ਉਹ ਲਿਪੀਆਤਮਕ ਸ਼ਬਦ ਦੇਖਣ ਯੋਗ ਹੁੰਦਾ ਹੈ ਅਤੇ ਉਹ ਪ੍ਰਤੱਖ ਤੌਰ ਤੇ ਦਰਸ਼ਨੀ ਹੁੰਦਾ ਹੈ। ਮਿਸਾਲ ਤੌਰ ਤੇ "ਲੜਕਾ ਹੱਸਦਾ ਹੈ" ਇੱਕ ਵਾਰ ਵਿੱਚ 'ਲੜਕਾ' /ਲ ਅ ੜ ਅ ਕ ਆ/ ਇਹਨਾਂ ਧੁਨੀਆਂ ਦੁਆਰਾ ਧੁਨੀਆਤਮਕ ਸ਼ਬਦ ਵਜੋਂ ਸਾਕਾਰ ਹੁੰਦਾ ਹੈ।

ਵਿਆਕਰਣਕ ਸ਼ਬਦ

'ਸ਼ਬਦ' ਦਾ ਦੂਜਾ ਭਾਵ 'ਵਿਆਕਰਣਕ ਸ਼ਬਦ' ਹੈ। ਉਦਾਹਰਣ ਵਜੋਂ ਮੁੰਡਾ, ਮੁੰਡਿਆਂ, ਮੁੰਡੇ, ਮੁੰਡਿਓ ਆਦਿ ਸਾਰੇ ਵਿਆਕਰਣਕ ਇਕਾਈਆਂ ਹਨ ਜੋ ਇੱਕੋ ਕੋਸ਼ਗਤ ਇਕਾਈ 'ਮੁੰਡਾ' ਤੋਂ ਬਣੇ ਹਨ। ਕਈ ਵਾਰ ਇੱਕ ਕੋਸ਼ਗਤ ਇਕਾਈ ਕੇਵਲ ਇੱਕ ਵਿਆਕਰਣਕ ਇਕਾਈ ਹੀ ਬਣਾਉਂਦੀ ਹੈ। ਉਦਾਹਰਣ ਦੇ ਤੌਰ ਤੇ 'ਨੂੰ' 'ਨਹੀਂ, 'ਉਹ' ਆਦਿ ਅਜਿਹੀਆਂ ਕੋਸ਼ਗਤ ਇਕਾਈਆਂ ਹਨ ਜਿੰਨ੍ਹਾਂ ਦੀ ਕੇਵਲ ਇੱਕ ਹੀ ਵਿਆਕਰਣਕ ਇਕਾਈ ਹੀ ਬਣਾਉਂਦੀ ਹੈ। ਪਰ ਫਿਰ ਵੀ ਇਹ ਕੋਸ਼ਗਤ ਇਕਾਈਆਂ ਵਿਆਕਰਣਕ ਇਕਾਈਆਂ ਤੋਂ ਵੱਖਰੀਆਂ ਹੁੰਦੀਆਂ ਹਨ। ਸ਼ਬਦ ਭਾਵੇਂ ਧੁਨੀਆਤਮਕ ਤੌਰ ਤੇ ਉਚਾਰਿਆ ਜਾਂਦਾ ਹੈ ਅਤੇ ਲਿਪੀਆਤਮਿਕ ਤੌਰ ਤੇ ਲਿਖਿਆ ਜਾਂਦਾ ਹੈ, ਲੇਕਿਨ ਜਦੋਂ ਸ਼ਬਦ ਵਾਕਾਤਮਕ ਸੰਦਰਭ

ਵਿੱਚ ਪ੍ਰਯੁਕਤ ਹੁੰਦਾ ਹੈ ਤਾਂ ਹੀ ਸ਼ਬਦ ਦਾ ਵਿਆਕਰਣਕ ਕਾਰਜ ਪਛਾਣਿਆ ਜਾਂਦਾ ਹੈ। ਵਿਆਕਰਣਿਕ ਸ਼ਬਦਾਂ ਦੀ ਪਛਾਣ ਕਿਆਕਰਣਕ ਸੰਦਰਭ ਵਿੱਚ ਹੀ ਸੰਭਵ ਹੈ।

ਕੋਸ਼ਾਤਮਕ ਸ਼ਬਦ

'ਸ਼ਬਦ" ਦੀ ਵਰਤੋਂ ਇੱਕ ਹੋਰ ਅਮੂਰਤ ਭਾਵਾਰਥ ਵਿੱਚ ਕੀਤੀ ਜਾਂਦੀ ਹੈ ਜਿਸ ਨੂੰ ਕੋਸ਼ਾਤਮਕ ਸ਼ਬਦ ਕਿਹਾ ਜਾਂਦਾ ਹੈ। ਇੱਕ ਕੋਸੀ ਸ਼ਬਦ ਉਹ ਭਾਵ ਹੁੰਦਾ ਹੈ ਜਿਸਦਾ ਇੰਦਰਾਜ ਕੋਸ਼ਗਤ (DICTIONARY) ਵਿੱਚ ਹੁੰਦਾ ਹੈ। ਇੱਕ ਕੋਸ਼ਗਤ ਇਕਾਈ ਇੱਕ ਅਮੂਰਤ ਇਕਾਈ ਹੁੰਦੀ ਹੈ ਅਤੇ ਇਹ ਲਿਖਤੀ ਅਤੇ ਧੁਨੀਆਤਮਕ ਪੱਧਰ ਤੇ ਵਰਤੀ ਜਾਂਦੀ ਹੈ ਇਹਨਾਂ ਦੀ ਵਰਤੋਂ ਮਿਲਦੇ ਜੁਲਦੇ ਸ਼ਬਦਾਂ ਵਿੱਚੋਂ ਕੀਤੀ ਜਾਂਦੀ ਹੈ। ਡੈਵਿਡ ਕ੍ਰਿਸਟਲ ਅਨੁਸਾਰ 'ਸ਼ਬਦ' ਦਾ ਇੱਕ ਹੋਰ ਅਮੂਰਤ ਭਾਵ ਵੀ ਮਿਲਦਾ ਹੈ ਜਿਹੜਾ ਕਿ ਅਜਿਹਾ ਸਾਂਝਾ ਤੱਤ ਹੈ ਜੋ ਕਿ ਵਿਵਿਧ ਭਾਂਤ ਦੇ ਰੂਪਾਂ ਦਾ ਅਧਾਰ ਹੈ। ਇਹ ਵਿਵਧ ਰੂਪ ਇਕੋ ਹੀ ਯੂਨਿਟ ਦੇ ਬਦਲਵੇਂ ਰੂਪਾਂਤਰ ਹਨ ਜਿਵੇਂ ਕਿ ਅੰਗਰੇਜ਼ੀ ਭਾਸ਼ਾ ਦੇ ਵਿਆਕਰਣ ਵਿੱਚ /walk, walking, walks/ ਇੱਕੋ ਕੋਸ਼ਕ walk ਦੇ ਵਿਭਕਤੀ ਰੂਪ (inflexion) ਹਨ[ਅਹਿਜੇ ਆਧਾਰ ਭੂਤ ਸਾਂਝੇ ਸ਼ਬਦ ਯੂਨਿਟ ਨੂੰ 'ਕੋਸ਼ਕ' ਕਿਹਾ ਜਾਂਦਾ ਹੈ। ਕੋਸ਼ਕ, ਸ਼ਬਦ ਕੋਸ਼ ਦੀਆਂ ਇਕਾਈਆਂ ਹਨ, ਅਤੇ ਇਹ ਡਿਕਸ਼ਨਰੀਆਂ ਵਿੱਚ ਇੰਦਰਾਜਾਂ (entries) ਦੇ ਤੌਰ ਤੇ ਮੁੱਢਲੀ ਇਕਾਈਆਂ ਵਜੋਂ ਦਰਜ ਕੀਤੇ ਜਾਂਦੇ ਹਨ। ਕੋਸ਼ਕਾਂ ਵਾਲੇ ਭਾਵਾਰਥ ਨੂੰ ਸੂਚਿਤ ਕਰਨ ਕਰਕੇ ਸ਼ਬਦ ਦੇ ਇਸ ਸੰਦਰਭਗਤ ਭੇਦ ਨੂੰ 'ਕੋਸ਼ਗਾਤਮਕ ਸ਼ਬਦ' ਕਿਹਾ ਜਾਂਦਾ ਹੈ।

ਮੁੱਢਲੇ ਕੋਸ਼ਾਤਮਕ ਸ਼ਬਦਾਂ ਦਾ ਰੂਪਾਂਤਰ ਵਿਭਕਤੀ-ਰੂਪਾਂ ਵਿੱਚ ਹੁੰਦਾ ਹੈ। ਇਹਨਾਂ ਕੋਸ਼ਕੀ ਬਹੁਵਿਧ ਸ਼ਬਦ-ਰੂਪਾਂ ਨੂੰ ਰੂਪਾਵਲੀ ਕਿਹਾ ਜਾਂਦਾ ਹੈ। ਉਦਹਾਰਣ ਦੇ ਤੌਰ ਤੇ /ਚਲ/ ਇੱਕ ਮੁੱਢਲੀ ਕੋਸ਼ਕ (lexeme) ਇਸ ਦੀ ਰੂਪਾਵਲੀ ਵੇਖੋ:

ਵਿਕਾਰੀ ਅਤੇ ਅਵਿਕਾਰੀ ਸ਼ਬਦ

ਭਾਸ਼ਾ ਦੇ ਸ਼ਬਦ ਕੋਸ਼ ਨੂੰ ਦੋ ਹੋਰ ਰੂਪ-ਭੇਦਾਂ ਵਿਕਾਰੀ ਅਤੇ ਅਵਿਕਾਰੀ ਵਿੱਚ ਵੰਡਿਆ ਜਾਂਦਾ ਹੈ। ਵਿਕਾਰੀ ਸ਼ਬਦ – ਉਹ ਸ਼ਬਦ ਜਿੰਨ੍ਹਾਂ ਦੇ ਵਿੱਚ ਰੂਪਾਂ ਵਿੱਚ ਕੋਈ ਵਿਕਾਰ ਜਾਂ ਤਬਦੀਲੀ ਵਾਪਰਦੀ ਹੈ। ਮਿਸਾਲ ਵਜੋਂ /ਲੜਕਾ, ਕੁਰਸੀ, ਮੇਜ/ ਆਦਿ ਅਹਿਜੇ ਸ਼ਬਦ ਹਨ ਜੋ ਵਿਕਾਰੀ ਹਨ ਕਿਉਂਕਿ ਇਹਨਾਂ ਦੇ ਰੂਪਾਂ ਵਿੱਚ ਤਬਦੀਲੀ ਆ ਜਾਂਦੀ ਹੈ। ਇਹਨਾਂ ਤੋਂ ਕ੍ਰਮਵਾਰ /ਲੜਕਿਆਂ, ਲੜਕੇ /ਆਦਿ ਰੂਪ ਬਣਦੇ ਹਨ। ਇਹਨਾਂ ਰੂਪਾਂ ਨੂੰ ਲੜਕਾ ਸ਼ਬਦ ਦੀ ਨਾਂਵੀ/ਨਾਮਾਤਮਕ ਰੂਪਾਵਲੀ (nominal paradigm) ਕਿਹਾ ਜਾਂਦਾ ਹੈ। ਅਵਿਕਾਰੀ ਸ਼ਬਦ ਉਹ ਸ਼ਬਦ ਹੁੰਦੇ ਹਨ ਜਿੰਨ੍ਹਾਂ ਦੇ ਰੂਪ ਵਿੱਚ ਤਬਦੀਲੀ ਜਾਂ ਵਿਕਾਰ ਨਹੀਨ ਵਾਪਰਦਾ। ਉਹ ਹਮੇਸ਼ਾ ਇੱਕ ਰੂਪ ਵਿੱਚ ਰਹਿੰਦੇ ਹਨ। ਪਜਾਬੀ ਵਿੱਚ ਇਹ ਆਮ ਤੌਰ ਤੇ ਸੰਬੰਧਕ, ਯੋਜਕ, ਵਿਸਮਿਕ ਸ਼ਬਦ ਆਦਿ ਅਵਿਕਾਰੀ ਸ਼ਬਦ ਹਨ। ਜਿਵੇਂ; ਯੋਜਕ - ਅਤੇ, ਕਿ, ਜੇਕਰ, ਕਿਉਂਕਿ, ਪਰ ਆਦਿ। ਸੰਬੰਧਕ – ਨੂੰ, ਤੋਂ, ਨਾਲ, ਵਿੱਚ, ਨੇ, ਦੁਆਰਾ ਆਦਿ। ਇਹਨਾਂ ਅਵਿਕਾਰੀ ਸ਼ਬਦਾਂ ਨੂੰ ਵਿਆਕਰਣਕ ਰੂਪਾਂ ਦੇ ਬਰਾਬਰ ਰੱਖਿਆ ਜਾਂਦਾ ਹੈ।

ਸਾਧਾਰਣ ਸ਼ਬਦ ਅਤੇ ਮਿਸ਼ਰਿਤ ਸ਼ਬਦ

ਸਾਧਾਰਣ ਸ਼ਬਦ ਉਹ ਸ਼ਬਦ ਹਨ ਜੋ ਅਵੰਡ ਹੁੰਦੇ ਹਨ ਭਾਣ ਉਹਨਾਂ ਨੂੰ ਹੋਰ ਵੱਖ ਵੱਖ ਟੋਟਿਆਂ ਵਿੱਚ ਵੰਡ ਕਿ ਹੋਰ ਛੋਟੀਆਂ ਸਾਰਥਕ ਇਕਾਈਆਂ ਵਿੱਚ ਨਹੀਂ ਤੋੜਿਆ ਜਾ ਸਕਦਾ। ਜਿਵੇਂ ਪੜ੍ਹਨਾਂਵ (ਤੂੰ, ਮੈਂ, ਉਹ) ਯੋਜਕ (ਜੇਕਰ, ਅਗਰ, ਮਗਰ ਕਿਉਂਕਿ) ਮਿਸ਼ਰਿਤ ਸ਼ਬਦ ਉਹ ਸ਼ਬਦ ਹੁੰਦੇ ਹਨ ਜਿੰਨ੍ਹਾ ਦੇ ਨਿਰਮਾਣ ਵਿੱਚ ਇੱਕ ਤੋਂ ਵੱਧ ਤੱਤ ਕਾਰਜਸ਼ੀਲ ਹੁੰਦੇ ਹਨ। ਇਹਨਾਂ ਨੂੰ ਹੋਰ ਛੋਟਿਆਂ ਟੋਟਿਆਂ ਵਿੱਚ ਤੋੜਿਆ ਜਾ ਸਕਦਾ ਹੈ ਅਤੇ ਹਰੇਕ ਟੋਟਾ ਕੋਈ ਨਾ ਕੋਈ ਅਰਥ ਪ੍ਰਗਟ ਕਰਦਾ ਹੈ। ਜਿਵੇਂ ਕੁਰਸੀਆਂ, ਘਰਾਂ ਆਦਿ। ਇਹਨਾਂ ਸ਼ਬਦਾਂ ਵਿੱਚ ਇੱਕ ਤੋਂ ਵੱਧ ਤੱਤ ਕਾਰਜਸ਼ੀਲ ਹਨ। ਜਿਵੇਂ ਘਰਾਂ (ਘਰਾ+ ਆਂ) ਕੁਰਸੀਆਂ (ਕੁਰਸੀ+ਆਂ) ਸੰਯੁਕਤ ਸ਼ਬਦ ਅਤੇ ਸਮਾਸੀ ਸ਼ਬਦ ਗੁੰਝਲਦਾਰ, ਜਟਿਲ ਬਣਤਰਾਂ ਵਾਲੇ ਹੁੰਦੇ ਹਨ।

1.1.7 ਕਾਰਜ ਵਿਧੀ ਅਨੁਸਾਰ ਵਾਕ – ਵੰਡ
(Sentence distribution according to procedure)

ਕਾਰਜ ਤੋਂ ਭਾਵ ਇਹ ਹੈ ਕਿ ਵਾਕ ਵਿੱਚ ਪੇਸ਼ ਵਿਚਾਰ, ਭਾਵ ਕਿਸ ਪ੍ਰਕਾਰ ਦੀ ਕਾਰਜਸ਼ੀਲਤਾ ਨਿਭਾ ਰਿਹਾ ਹੈ। ਕਾਰਜ ਦੇ ਅਧਾਰ 'ਤੇ ਵਾਕਾਂ ਨੂੰ ਹੇਠ ਲਿਖੇ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ।

1. **ਬਿਆਨੀਆ ਵਾਕ** (Declarative Sentences)
2. **ਆਗਿਆ – ਵਾਚਕ ਵਾਕ** (Imperative Sentences)
3. **ਵਿਸਮੈ ਵਾਚਕ ਵਾਕ** (Exclamatory Sentences)
4. **ਇੱਛਾ ਵਾਚਕ ਵਾਕ** (Optative Sentences)
5. **ਪ੍ਰਸ਼ਨ ਵਾਚਕ ਵਾਕ** (Interrogative Sentences)

ਬਿਆਨੀਆ ਵਾਕ (Declarative Sentences) : ਬਿਆਨੀਆ ਵਾਕ ਤੋਂ ਭਾਵ ਅਜਿਹੇ ਵਾਕ ਤੋਂ ਹੈ, ਜਿਸ ਵਿੱਚ ਬੋਲਣ ਵਾਲਾ ਕਿਸੇ ਜਾਣਕਾਰੀ ਨੂੰ ਬਿਆਨ ਕਰੇ ਜਾਂ ਕਿਸੇ ਚੀਜ਼ ਦਾ ਵੇਰਵਾ ਦੇਵੇ ਜਾਂ ਕਿਸੇ ਘਟਨਾ ਜਾਂ ਵਸਤੂ ਆਦਿ ਬਾਰੇ ਜਾਣਕਾਰੀ ਦੇਵੇ। ਇਸ ਕਿਸਮ ਦੇ ਵਾਕ ਨੂੰ ਬਿਆਨੀਆ ਵਾਕ ਕਿਹਾ ਜਾਂਦਾ ਹੈ; ਜਿਵੇਂ :

(1) ਉਸ ਦੀ ਭੈਣ ਡਾਕਟਰ ਹੈ।

(2) ਉਹ ਅੱਜ ਸਕੂਲ ਨਹੀਂ ਆਵੇਗਾ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਬਣਤਰ ਦੇ ਪੱਖੋਂ ਸਧਾਰਨ, ਸੰਯੁਕਤ ਜਾਂ ਮਿਸ਼ਰਿਤ ਰੂਪ ਵਿੱਚੋਂ ਕਿਸੇ ਰੂਪ ਵਾਲੇ ਵੀ ਹੋ ਸਕਦੇ ਹਨ। ਇਹਨਾਂ ਵਾਕਾਂ ਦੇ ਅੱਗੋਂ ਦੋ ਰੂਪ ਮਿਲਦੇ ਹਨ :

(ੳ) **ਹਾਂ ਵਾਚਕ ਵਾਕ(Positive Sentence)**: ਜਿਸ ਵਾਕ ਵਿੱਚ ਕਿਰਿਆ ਹਾਂ ਵਾਚਕ ਹੋਵੇ, ਉਸ ਨੂੰ ਹਾਂ ਵਾਚਕ ਆਖਦੇ ਹਨ, ਜਿਵੇਂ :

(1) ਅਸੀਂ ਆਪਣੇ ਦੇਸ਼ ਨੂੰ ਪਿਆਰ ਕਰਦੇ ਹਾਂ।

(2) ਮੈਂ ਸਕੂਲ ਦਾ ਕੰਮ ਮੁਕਾ ਲਿਆ ਹੈ।

(ਅ) **ਨਾਂਹ ਵਾਚਕ ਵਾਕ(Negative Sentence):** ਜਿਸ ਵਾਕ ਵਿੱਚ ਕਿਰਿਆ ਨਾਂਹ ਵਾਚਕ ਹੋਵੇ, ਭਾਵ ਨਾ ਤੇ ਨਹੀਂ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੋਵੇ, ਉਹਨਾਂ ਨੂੰ ਨਾਂਹ ਵਾਚਕ ਆਖਦੇ ਹਨ, ਜਿਵੇਂ :

(1) ਮਿਹਨਤੀ ਲੋਕ ਕਦੇ ਵੀ ਦੁਖੀ ਨਹੀਂ ਹੁੰਦੇ।

(2) ਮੇਰੇ ਦਾਦੀ ਜੀ ਪੜ੍ਹੇ ਲਿਖੇ ਨਹੀਂ ਹਨ।

ਆਗਿਆ ਵਾਚਕ ਵਾਕ (Imperative Sentences) : ਆਗਿਆ ਵਾਚਕ ਵਾਕ ਵਿੱਚ ਆਗਿਆ ਜਾਂ ਹੁਕਮ ਦਿੱਤੇ ਜਾਣ ਦੇ ਭਾਵ ਪ੍ਰਗਟ ਹੁੰਦੇ ਹਨ। ਇਹਨਾਂ ਵਾਕਾਂ ਵਿੱਚ 'ਕਰਤਾ' ਦੀ ਵਰਤੋਂ ਨਹੀਂ ਹੁੰਦੀ। ਇਹਨਾਂ ਵਿੱਚ ਆਦਰਵਾਦੀ ਤੱਤ; ਜਿਵੇਂ ਜੀ, ਕਿਰਪਾ ਆਦਿ ਦੀ ਵਰਤੋਂ ਹੁੰਦੀ ਹੈ। ਜਿਵੇਂ :

(1) ਕਿਰਪਾ ਕਰਕੇ ਤੁਸੀਂ ਚੁੱਪ ਕਰ ਜਾਓ।

(2) ਆਓ ਜੀ, ਚੱਲੀਏ।

ਇਸ ਤਰ੍ਹਾਂ ਉਪਰੋਕਤ ਵਾਕਾਂ ਵਿੱਚ ਕਿਰਪਾ ਅਤੇ ਜੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਵਿਸਮੈ ਵਾਚਕ ਵਾਕ (Exclamatory Sentences): ਜਿਸ ਵਾਕ ਵਿੱਚ ਮਨ ਦੀ ਖੁਸ਼ੀ, ਗ਼ਮੀ, ਹੈਰਾਨੀ ਜਾਂ ਵਿਸਮੈ ਦਾ ਭਾਵ ਪ੍ਰਗਟ ਹੋਵੇ, ਉਸ ਨੂੰ ਵਿਸਮੈ ਵਾਚਕ ਵਾਕ ਕਿਹਾ ਜਾਂਦਾ ਹੈ; ਜਿਵੇਂ :

(1) ਵਾਹ! ਕਿੰਨਾ ਸੁੰਦਰ ਫੁੱਲ ਹੈ!

(2) ਹਾਏ! ਮੈਂ ਕੀ ਕਰਾਂ!

(3) ਬੱਲੇ – ਬੱਲੇ! ਧੰਨ ਭਾਗ! ਤੁਸੀਂ ਆਏ।

(4) ਲੱਖ ਲਾਹਨਤ ਤੇਰੇ!

ਇਸ ਤਰ੍ਹਾਂ ਉਪਰੋਕਤ ਵਾਕਾਂ ਤੋਂ ਪਤਾ ਲੱਗਦਾ ਹੈ ਕਿ ਜੇਕਰ ਵਿਸਮੈ ਦਾ ਭਾਵ ਇੱਕ ਸ਼ਬਦ ਤੋਂ ਪ੍ਰਗਟ ਹੋਵੇ ਤਾਂ ਵਿਸਮਿਕ ਚਿੰਨ੍ਹ ਉਸ ਦੇ ਪਿੱਛੇ ਲੱਗਦਾ ਹੈ, ਪਰ ਜੇਕਰ ਭਾਵ ਸਾਰੇ ਵਾਕ ਵਿੱਚੋਂ ਪ੍ਰਗਟ ਹੁੰਦਾ ਹੋਵੇ ਤਾਂ ਵਿਸਮਿਕ ਚਿੰਨ੍ਹ ਵਾਕ ਦੇ ਅੰਤ ਵਿੱਚ ਲੱਗਦਾ ਹੈ।

ਇੱਛਾ ਵਾਚਕ ਵਾਕ(Optative Sentences) : ਇੱਛਾ ਵਾਚਕ ਵਾਕਾਂ ਵਿੱਚ ਕਿਸੇ ਵਿਅਕਤੀ ਲਈ ਸ਼ੁੱਭ ਇੱਛਾਵਾਂ ਜਾਂ ਅਸੀਸ ਦੇਣ ਆਦਿ ਦੇ ਭਾਵਾਂ ਨੂੰ ਪ੍ਰਗਟ ਕੀਤਾ ਗਿਆ ਹੁੰਦਾ ਹੈ। ਜਿਵੇਂ :

(1) ਤੂੰ ਸਦਾ ਸੁਖੀ ਰਹੇਂ।

(2) ਤੈਨੂੰ ਤੱਤੀ 'ਵਾ ਨਾ ਲੱਗੇ।

(3) ਬੁੱਢ ਸੁਹਾਗਣ ਹੋਵੇਂ।

ਪ੍ਰਸ਼ਨ ਵਾਚਕ ਵਾਕ (Interrogative Sentences) : ਜਿੰਨਾਂ ਵਾਕਾਂ ਵਿੱਚ ਕੋਈ ਸਵਾਲ ਜਾਂ ਪ੍ਰਸ਼ਨ ਪੁੱਛਿਆ ਜਾਂਦਾ ਹੈ ਅਤੇ ਵਾਕ ਦੇ ਅੰਤ ਵਿੱਚ ਪ੍ਰਸ਼ਨ – ਸੂਚਕ ਚਿੰਨ੍ਹ (?) ਲਾਇਆ ਜਾਂਦਾ ਹੈ, ਉਹਨਾਂ ਨੂੰ ਪ੍ਰਸ਼ਨ ਵਾਚਕ ਵਾਕ ਆਖਦੇ ਹਨ। ਅਜਿਹੇ ਵਾਕਾਂ ਵਿੱਚ ਆਮਤੌਰ 'ਤੇ 'ਕੀ', 'ਕਿਉਂ', 'ਕਿੱਧਰ', 'ਕਿੱਥੇ', 'ਕਿਹੜਾ', 'ਕਿਵੇਂ', 'ਕਿਸ ਤਰ੍ਹਾਂ' ਆਦਿ ਸ਼ਬਦਾਂ ਦੀ ਵਰਤੋਂ ਕਰਕੇ ਵਾਕ ਪੂਰਾ ਕੀਤਾ ਜਾਂਦਾ ਹੈ; ਜਿਵੇਂ :

(1) ਭਾਰਤ ਕਿਵੇਂ ਆਜ਼ਾਦ ਹੋਇਆ?

(2) ਤੇਰੇ ਭਰਾ ਦਾ ਕੀ ਨਾਂ ਹੈ?

1.1.7.1 ਸ਼ਬਦ ਰਚਨਾ ਦੀਆਂ ਵਿਧੀਆਂ-2

ਸ਼ਬਦ-ਰਚਨਾ : ਸ਼ਬਦ-ਰਚਨਾ ਦੇ ਸੰਕਲਪ ਦਾ ਸੰਬੰਧ ਭਾਸ਼ਾ ਦੇ ਸ਼ਬਦ ਭੰਡਾਰ ਦੇ ਵਾਧੇ ਨਾਲ ਜੁੜਦਾ ਹੈ। ਭਾਸ਼ਾ ਦੇ ਸ਼ਬਦ-ਭੰਡਾਰ ਵਿੱਚ ਸਮੇਂ ਦੇ ਨਾਲ-ਨਾਲ ਪਰਿਵਰਤਨ ਹੁੰਦਾ ਰਹਿੰਦਾ ਹੈ। ਭਾਸ਼ਾਵਾਂ ਵਿੱਚ ਲੋੜ ਅਨੁਸਾਰ ਨਵੇਂ ਸ਼ਬਦ ਬਣਦੇ/ਆਉਂਦੇ ਰਹਿੰਦੇ ਹਨ ਅਤੇ ਪੁਰਾਣੇ ਸ਼ਬਦ ਲੋਪ ਹੁੰਦੇ ਜਾਂਦੇ ਹਨ। ਸ਼ਬਦਾ ਦਾ ਬਣਨਾ, ਸ਼ਬਦਾਂ ਦਾ ਲੋਪ ਹੋ ਜਾਣਾ ਅਤੇ ਸ਼ਬਦਾਂ ਦਾ ਹੋਰ ਭਾਸ਼ਾਵਾਂ ਵਿੱਚੋਂ ਆਉਣਾ ਇੱਕ ਵਿਸਤ੍ਰਿਤ ਅਧਿਐਨ ਖੇਤਰ ਹੈ। ਭਾਸ਼ਾ-ਵਿਗਿਆਨ ਦੇ ਅੰਤਰਗਤ ਇਹਨਾਂ ਨੂੰ ਰੂਪ- ਵਿਗਿਆਨ/ਤਾਵਾਸ-ਵਿਗਿਆਨ ਅਤੇ ਸ਼ਬਦ- ਵਿਗਿਆਨ ਨਾਂ ਦੇ ਵਿਸ਼ਿਆ ਅਧੀਨ ਵਿਚਾਰਿਆ ਜਾਂਦਾ ਹੈ। ਸ਼ਬਦ-ਵਿਗਿਆਨ ਦੇ ਅੰਤਰਗਤ 'ਸ਼ਬਦ ਕੀ ਹੈ?" ਤੋਂ ਅਰੰਭ ਕਰ ਕੇ ਸ਼ਬਦਾਂ ਦੀ ਪ੍ਰਕਾਰ ਵੰਡ ਦੇ ਵੱਖੋ-ਵੱਖ ਆਧਾਰ, ਸ਼ਬਦਾਂ ਦੀ ਬਣਤਰ, ਸ਼ਬਦਾਂ ਦੀ ਵਿਉਂਤਪਤੀ, ਸਬਦਾਂ ਦੇ ਵਾਕਾਂ ਵਿੱਚ ਵਰਤੋਂ ਦੌਰਾਨ ਆਪਸੀ ਮੇਲ ਕਰਨ ਦੀਆਂ ਵਿਧੀਆਂ, ਸ਼ਬਦਾਂ ਦੀ ਰਚਨਾ, ਸ਼ਬਦਾਂ ਦੀ ਸੰਰਚਨਾ ਆਦਿ ਨੂੰ ਵਿਚਾਰਿਆ ਜਾਂਦਾ ਹੈ। ਸਬਦ ਰਚਨਾ ਅਤੇ ਸਬਦ ਸੰਰਚਨਾ ਦੇ ਵੱਖੋ-ਵੱਖ ਪਰੰਤੂ ਅੰਤਰ- ਸੰਬੰਧਿਤ ਸੰਕਲਪ ਹਨ। ਸ਼ਬਦ ਰਚਨਾ ਦਾ ਸੰਬੰਧ ਸ਼ਬਦਾਂ ਦੇ ਇਤਿਹਾਸਿਕ ਪੱਖ ਨਾਲ ਹੈ ਅਰਥਾਤ ਇਹ ਵਿਚਾਰਿਆ ਜਾਂਦਾ ਹੈ ਕਿ ਅਜੋਕੇ ਰੂਪ ਤੋਂ ਪਹਿਲਾਂ ਇਹ ਕਿਸੇ ਰੂਪ ਵਿੱਚ ਸੀ ਜਾਂ ਇਸ ਦਾ ਸ੍ਰੋਤ ਕਿਹੜੀ ਭਾਸ਼ਾ ਹੈ ਤੇ ਓਥੋਂ ਕਿਵੇਂ ਅਜੋਕੇ ਰੂਪ ਵਿੱਚ ਰਚਿਆ ਗਿਆ ਅਤੇ ਸ਼ਬਦ ਸੰਰਚਨਾ ਵਿੱਚ ਸ਼ਬਦਾਂ ਦੇ ਇੱਕ ਸਮੇਂ ਅਤੇ ਇੱਕ ਸਥਾਨ ਦੀ ਬਣਤਰ ਨੂੰ ਵਿਚਾਰਿਆ ਜਾਂਦਾ ਹੈ। ਸ਼ਬਦ ਦੇ ਸਮੁੱਚੀ ਭਾਸ਼ਾ ਵਿਚਲੇ ਸ਼ਬਦਾਂ ਨੂੰ ਲੱਭ ਕੇ ਉਸ ਵਿਚਲੇ ਸਾਂਝੇ ਤੱਤ ਨੂੰ ਮੂਲ/ਧਾਤੂ ਦਾ ਨਾਂ ਦਿੱਤਾ ਜਾਂਦਾ ਹੈ ਅਤੇ ਬਾਕੀ ਦੇ ਹਿੱਸਿਆ ਨੂੰ ਵਧੇਤਰ ਕਿਹਾ ਜਾਂਦਾ ਹੈ। ਅਰਥਾਤ ਸ਼ਬਦ ਸੰਰਚਨਾ, ਸ਼ਬਦਾਂ ਦੀ ਅੰਦਰੂਨੀ ਬਣਤਰ ਦਾ ਅਧਿਐਨ ਖੇਤਰ ਹੈ ਜਿਸ ਵਿੱਚ ਮੂਲ ਤੇ ਵਧੇਤਰ ਪਛਾਣੇ ਜਾਂਦੇ ਹਨ। ਅਜੋਕੀ ਭਾਸ਼ਾ-ਵਿਗਿਆਨਿਕ ਸ਼ਬਦਾਵਲੀ ਵਿੱਚ ਇਹਨਾਂ ਨੂੰ ਸੁਤੰਤਰ ਭਾਵਾਂਸ਼ ਤੇ ਬੱਝਵੇਂ ਭਾਵਾਸਾਂ ਦਾ ਨਾਂ ਵੀ ਦਿੱਤਾ ਜਾਂਦਾ ਹੈ।

ਇਸ ਤਰ੍ਹਾਂ ਸ਼ਬਦ ਸੰਰਚਨਾ ਸ਼ਬਦਾ ਦਾ ਸਮਕਾਲੀ ਅਤੇ ਸ਼ਬਦ-ਰਚਨਾ ਸ਼ਬਦਾਂ ਦਾ ਇਤਿਹਾਸਿਕ ਵੇਰਵਾ ਹੋ ਨਿਬੜਦੀ ਹੈ।

ਸ਼ਬਦ-ਰਚਨਾ ਦੇ ਦੋ ਪ੍ਰਮੁੱਖ ਭੇਦ ਮੰਨੇ ਜਾਂਦੇ ਹਨ। ਵਿਉਤਪਤੀ ਤੇ ਸਮਾਸੀਕਰਨ। ਵਿਉਤਪਤੀ ਇੱਕ ਭਾਵਾਂਸ਼-ਵਿਗਿਆਨਿਕ ਪ੍ਰਕਿਰਿਆ ਹੈ ਜਿਸ ਦੁਆਰਾ ਧਾਤੂ ਜਾਂ ਮੁਲਾਸ ਤੋਂ, ਆਮ ਤੌਰ ਤੇ ਕਿਸੇ ਵਧੇਤਰ (ਅਗੇਤਰ ਮਧੇਤਰ, ਪਿਛੇਤਰ) ਦੇ ਸੰਯੋਗ ਨਾਲ ਕਿਸੇ ਨਵੇਂ ਸ਼ਬਦ ਦੀ ਸਿਰਜਣਾ ਕੀਤੀ ਜਾਂਦੀ ਹੈ। ਜਿਨ੍ਹਾਂ ਸ਼ਬਦਾਂ ਦੀ ਸਿਰਜਣਾ ਕੀਤੀ ਜਾਂਦੀ ਹੈ, ਉਹਨਾਂ ਦੀਆਂ ਅਕਸਰ ਸਬਦ ਸ਼੍ਰੇਣੀਆਂ ਤੇ ਕਈ ਵਾਰ ਅਰਥ ਵੀ ਬਦਲ ਜਾਂਦੇ ਹਨ। ਪੰਜਾਬੀ ਭਾਸ਼ਾ ਵਿੱਚ ਵਿਉਤਪਤ ਸ਼ਬਦ-ਨਿਰਮਾਣ ਦੇ ਕੋਈ ਨਿਯਮ ਬੱਧ ਸਿਧਾਂਤ ਨਹੀਂ ਮਿਲਦੇ ਪਰ ਵੱਖ-ਵੱਖ ਵਿਆਕਰਨਾਂ ਵਿੱਚ ਇਸ ਨੂੰ ਹੇਠ ਲਿਖੇ ਅਨੁਸਾਰ ਸਥਾਪਿਤ ਕੀਤਾ ਗਿਆ ਹੈ

1 ਨਾਂਵ-ਮੂਲਾ ਤੇ ਵਿਸ਼ੇਸ਼ਣ ਬਣਾਉਣ ਲਈ ਨਾਵਾਂ ਨਾਲ- ਆ, ਈ, ਊਂ ਈਲਾ -ਅਲ ਲਾ ਲੂੰ ਇੱਕ ਜਨਕ ਦਾਈ, ਮਈ ਤੋਂ ਵਾਕ ਆਦਿ ਬੱਙਵੇਂ ਭਾਵਾਂਸ ਵਰਤੇ ਜਾਂਦੇ ਹਨ ਜਿਵੇਂ ਸੱਭ ਤੋਂ ਸੰਭਾ, ਅਸਮਾਨ ਤੋਂ ਅਸਮਾਨੀ, ਰਾਤ ਤੋਂ ਹਾੜੂ, ਅਲਖ ਤੋਂ ਅਪੀਲਾ, ਹੱਥ ਤੇ ਹੱਥਲ, ਅਖੀਰ ਤੋਂ ਅਖੀਰਲਾ ਆਦਿ। ਵਧੇਰੇ ਪੜ੍ਹੇ ਗ

2. ਵਿਸ਼ੇਸ਼ਟਾਂ ਨਾਲ ਈ ਬੱਙਵੇਂ ਭਾਵਾਂਸ ਲਗਾ ਕੇ ਵਿਸ਼ੇਸ਼ਣਾਂ ਤੋਂ ਨਾਵ ਬਣਾ ਲਏ ਜਾਂਦੇ ਹਨ ਜਿਵੇਂ ਖੁਸ ਤੇ ਖੁਸ਼ੀ, ਹਾਜ਼ਰ ਤੇ ਹਾਜ਼ਰੀ ਸਾਲ ਤੋਂ ਲਾਲੀ ਆਦਿ।

3. ਕਿਰਿਆ ਮੂਲ ਵਿੱਚ ਆਈ. ਈ. ਆਦਿ ਸਤਵੇਂ ਭਾਵਾਂਸ ਦੀ ਵਰਤੋਂ ਕਰ ਕੇ ਨਾਵ ਸ਼੍ਰੇਣੀ ਦੇ ਕਿਰਿਆ ਮੂਲ ਬਣਾਏ ਜਾਂਦੇ ਹਨ। ਜਿਵੇਂ ਚੜ੍ਹ ਤੋਂ ਚੜ੍ਹਾਈ, ਪੜ੍ਹ ਤੋਂ ਪੜ੍ਹਾਈ ਸੁਣ ਤੇ ਸੁਲਾਈ, ਖੱਟ ਤੇ ਖੱਟਾ, ਠੱਗ ਤੇ ਠੱਗੀ,ਘਰ ਤੇ ਪੂਰੀ ਆਦਿ ਬਦਲ ਜਾਂਦਾ ਹੈ।

4. ਕਈ ਸ਼ਬਦਾਂ ਵਿੱਚ ਨਾਂਵ ਤੋਂ ਜਦੋਂ ਵਿਸ਼ੇਸ਼ਟ ਬਣਾਏ ਜਾਦੇ ਹਨ ਤਾਂ ਮੂਲ ਸ਼ਬਦ ਦੇ ਸਭ ਵਿੱਚ ਤਬਦੀਲੀ ਆਉਂਦੀ ਹੈ।

5. ਕੁਝ ਹਾਲਤਾਂ ਵਿੱਚ ਇੱਕ ਬੱਙਵੇਂ ਤਾਵਾਸ ਨਾਲ ਨਾਵਾਂ ਤੋਂ ਵਿਸ਼ੇਸ਼ਣ ਬਣਾਉਣ ਲੱਗਿਆ ਨਾਵ ਵਿੱਚ ਆਇਆ ਪਹਿਲਾ ਹ੍ਰਸਵ ਸ੍ਵਰ ਦੀਰਘ ਕਰ ਦਿੱਤਾ ਜਾਂਦਾ ਹੈ ਜਿਵੇਂ ਅੰਤਰ ਤੋਂ ਆਂਤਰਿਕ, ਸ਼ਬਦ ਤੋਂ ਸ਼ਾਬਦਿਕ ਆਦਿ।

6. ਵਿਸ਼ੇਸ਼ਣ ਮੂਲਾ ਨਾਲ –ਈ ਬੱਙਵੇਂ ਭਾਵਾਂਸ ਲਗਾ ਕੇ ਨਾਂਵ ਬਣਾਉਣ ਦੀ ਰੀਤ ਪ੍ਰਚਲਿਤ ਹੈ। ਪਰ ਜੋ ਵਿਸ਼ੇਸ਼ਣ ਮੂਲ ਵਿੱਚ ਪਹਿਲੇ ਦੋ ਸ੍ਵਰ ਦੀਰਘ ਹੋਣ ਤਾਂ ਨਾਂਵ ਬਣਾਉਂਦਿਆਂ ਉਹਨਾਂ ਵਿੱਚੋਂ ਪਹਿਲਾ ਗ੍ਰਸਤ ਹੋ ਜਾਂਦਾ ਹੈ ਜਿਵੇਂ ਕੋਲ ਤੋਂ ਗੁਲਾਈ, ਡੂੰਘਾ ਤੇ ਡੂੰਘਾਈ ਆਦਿ।

ਕਈ ਵਿਸ਼ੇਸ਼ਣ ਮੂਲਾ ਦਾ ਅੰਤਲਾ ਆ ਹਟਾ ਕੇ ਇਆਈ ਬੱਙਵਾਂ ਭਾਵਾਂਸ਼ ਲਾ ਕੇ ਨਾਂਵ ਮੂਲ ਬਣਾਏ ਜਾਂਦੇ ਹਨ, ਔਖਾਂ ਤੋਂ ਔਖਿਆਈ, ਚੰਗਾ ਤੇ ਚੰਗਿਆਈ ਆਦਿ 8. ਕੁਝ ਹਾਲਤਾਂ ਵਿੱਚ ਵਿਸ਼ੇਸ਼ਣਾਂ ਤੋਂ ਨਾਂਵ ਬਣਾਉਣ ਲਈ ਵਿਸ਼ੇਸ਼ਟ ਦਾ

ਅੰਤਮ ਆਂ ਚਟਾ ਦੇਣ ਨਾਲ ਪਿੱਛੇ ਰਿਹਾ ਰੂਪ ਨਾਵ ਹੁੰਦਾ ਹੈ ਜਿਵੇਂ : ਸੁੱਕਾ ਤੋਂ ਸੁੱਕ ਸੁੱਚਾ ਤੋਂ ਸੁੱਚ ਆਦਿ ਇਸ ਤਰ੍ਹਾਂ ਵਿਉਤਪਤੀ ਦੇ ਆਧਾਰ ਤੇ ਸੁਰ ਬਦਲੀ ਨਾਲ ਸ਼ਬਦ ਦੀ ਇੱਕ ਸ਼੍ਰੇਣੀ ਤੋਂ ਦੂਜੀ ਸ਼੍ਰੇਣੀ ਵਿੱਚ ਰਚਨ ਦੀ ਰੀਤ ਪ੍ਰਚਲਿਤ ਹੈ।

ਵਿਉਤਪਤੀ ਦੀ ਪ੍ਰਕਿਰਿਆ ਵਿੱਚ ਜਿੱਥੇ ਇਕੱਲੇ ਇਕਹਿਰੇ ਸ਼ਬਦ ਦੀ ਰਚਨਾ ਬਾਰੇ ਚਰਚਾ ਕੀਤੀ ਜਾਂਦੀ ਹੈ ਤੇ ਇਹ ਦੱਸਿਆ ਜਾਂਦਾ ਹੈ ਕਿ ਕਿਸੇ ਧਾਤੂ ਮੂਲਾਸ਼ ਨਾਲ ਅਗੇਤਰ ਜਾਂ ਪਿਛੇਤਰ ਜੋੜ ਕੇ ਨਹੀਨ ਸ਼ਬਦਾਂ ਦੀ ਉਸਾਰੀ ਕਿਵੇਂ ਕੀਤੀ ਜਾਂਦੀ ਹੈ ਉੱਥੇ ਸਬਦ-ਰਚਨਾ ਦੀ ਦੂਜੀ ਪ੍ਰਕਿਰਿਆ 'ਸਮਾਸੀਕਰਨ ਵਿੱਚ ਇੱਕ ਸ਼ਬਦ ਤੋਂ ਵਧੇਰੇ ਦੋ-ਤਿੰਨ ਸ਼ਬਦਾਂ ਦਾ ਸੰਯੋਜਨ ਕਰ ਕੇ ਨਵੇਂ-ਨਵੇਂ ਸ਼ਬਦਾਂ ਦੀ ਰਚਨਾ ਕੀਤੀ ਜਾਂਦੀ ਹੈ। ਜਿਵੇਂ

1 ਨਾਂਵ + ਨਾਂਵ = ਨਾਮ (ਰਾਜਭਵਨ)

2. ਨਾਂਵ - ਵਿਸ਼ੇਸ਼ਤ ਵਿਸ਼ੇਸ਼ਟ (ਬੁੱਧੀਜੀਵਾਂ)

3. ਨਾਂਵ + ਕਿਰਿਆ = ਵਿਸ਼ੇਸ਼ਣ (ਸੰਨਮਾਰ)

ਵਿਸ਼ੇਸ਼ਣ - ਨਾਂਵ - ਵਿਸ਼ੇਸ਼ (ਨਿਰਮਲ ਚਿੱਤ)

ਨਾਵ - ਵਿਸ਼ੇਸ਼ਣ : (ਧਰਮ ਰੱਖਿਅਕ)

6. ਵਿਸ਼ੇਸ਼ਣ + ਵਿਸ਼ੇਸ਼ਣ = (ਦਾਨਬੀਨਾ)

ਇਸ ਤਰ੍ਹਾਂ ਪੰਜਾਬੀ ਭਾਸ਼ਾ ਵਿੱਚ ਉਪਰੋਕਤ ਸਥਿਤੀਆਂ ਵਿੱਚ ਸਮਾਸੀ ਸ਼ਬਦਾਂ ਦੇ ਨਮੂਨੇ ਮਿਲਦੇ ਹਨ।

ਪੰਜਾਬੀ ਭਾਸ਼ਾ ਵਿੱਚ ਵਿਅਕਤੀਵਾਚਕ ਨਾਵਾਂ ਦੇ ਆਧਾਰ ਤੇ ਨਵੇਂ ਪਾਤੂਆਂ ਦੀ ਸਿਰਜਣਾ ਕੀਤੀ ਜਾਂਦੀ ਹੈ। ਵਿਅਕਤੀਵਾਚਕ ਨਾਂਵਾਂ ਦੇ ਆਧਾਰ ਤੇ ਉਹਨਾਂ ਦੇ ਕੰਮ, ਗੁਣ ਜਾਂ ਵਿਸ਼ੇਸ਼ਤਾ ਨੂੰ ਲੈ ਕੇ ਨਵੇਂ ਸ਼ਬਦ ਕਰ ਲਏ ਜਾਂਦੇ ਹਨ ਜਿਵੇਂ ਸੀਤਾ (ਪਤੀਤਾ), ਭੀਖਣ (ਘਰ ਦਾ ਭੇਤੀ), ਜੈ ਚੰਦ (ਦੇਸ਼ ਧ੍ਰੋਹੀ) ਆਦਿ ਲਈ ਵਰਤੇ ਜਾਂਦੇ ਹਨ। ਗਾਂਧੀਵਾਦ, ਬੋਧੀ, ਜੈਨੀ, ਮਾਰਕਸਵਾਦ ਨਾਂਵ ਵੀ ਵਿਅਕਤੀਆਂ ਦੇ ਨਾਵਾਂ ਉੱਤੇ ਰਚੇ ਗਏ ਹਨ। ਕੁਝ ਨਾਵਾਂ ਥਾਂਵਾਂ ਨਾਲ ਵੀ ਸੰਬੰਧਿਤ ਹਨ। ਜਿਵੇਂ ਚੀਨੀ (ਚੀਨ ਦੀ), ਮਿਸਰੀ (ਮਿਸਰ ਦੀ) ਆਦਿ। ਕੁਝ ਸ਼ਬਦ ਧੁਨੀਆਂ ਦੇ ਆਧਾਰ ਉਪਰ ਵੀ ਹੋਂਦ ਵਿੱਚ ਆਉਂਦੇ ਹਨ ਜਿਵੇਂ ਖਣ-ਖਣ, ਚੂੰ ਚੂੰ, ਘੜ-ਘੜ, ਤਿਪ ਤਿਪ ਆਦਿ। ਕੁਝ ਸ਼ਬਦ ਸੰਖਿਆ ਦੇ ਆਧਾਰ ਉਪਰ ਵੀ ਮਿਲਦੇ ਹਨ ਜਿਵੇਂ ਚਾਰ ਸੌ ਵੀਰ, ਦੱਸ ਨੰਬਰੀ ਆਦਿ।

ਲੰਮੇ ਅਤੇ ਔਖੇ ਸ਼ਬਦਾਂ ਨੂੰ ਸੌਖੇ ਬੋਲਣ, ਪੜਣ ਤੇ ਲਿਖਣ ਲਈ ਸੰਖੇਪਤਾ ਦੀ ਵਿਧੀ ਵਰਤੀ ਜਾਂਦੀ ਹੈ। ਇਸ ਅਧੀਨ ਤਿੰਨ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ :

ਕੁਝ ਸੰਸਥਾਵਾਂ ਦੇ ਨਾਂ ਦੀ ਮੁਢਲੀ ਧੁਨੀ ਨੂੰ ਪੂਰਾ ਨਾਮ ਪ੍ਰਗਟ ਕਰਨ ਲਈ ਵਰਤ ਲਿਆ ਜਾਂਦਾ ਹੈ। ਜਿਵੇਂ ਭਾਜਪਾ, ਇੰਕਾ ਆਦਿ।

ਦੋ ਸ਼ਬਦਾਂ ਦੇ ਅਗਲੇ ਤੇ ਪਿਛਲੇ ਹਿੱਸੇ ਨੂੰ ਜੋੜ ਕੇ ਵੀ ਨਵੇਂ ਸ਼ਬਦ ਘੜੇ ਜਾਂਦੇ ਹਨ। ਜਿਵੇਂ ਮੋਦਲ (ਹੋਟਲ ਤੇ ਮੋਟਰ ਨੂੰ ਜੋੜ ਕੇ), ਬਚੰਚ (ਬਰੇਕਫਾਸਟ ਤੇ ਲੰਚ ਤੋਂ) ਫਲੇਲ (ਫੁੱਲ ਤੇ ਤੇਲ) ਮਾਪੇ (ਮਾਂ ਤੇ ਪਿਉ) ਆਦ ਦੋ ਸ਼ਬਦਾਂ ਦੇ ਇੱਕ ਪੂਰੇ ਭਾਗ ਨੂੰ ਨਾ ਵਰਤਣ ਦੀ ਪ੍ਰਥਾ ਵੀ ਪ੍ਰਚਲਿਤ ਹੈ ਜਿਵੇਂ : ਰੇਲਵੇ ਸਟੇਸ਼ਨ ਲਈ ਕੇਵਲ ਸਟੇਸ਼ਨ ਕਹਿ ਦੇ, ਮੋਟਰਕਾਰ ਲਈ ਕਾਰ, ਥਾਈਸਾਈਕਲ ਲਈ ਕੇਵਲ ਸਾਈਕਲ ਵਰਤ ਲਈ ਆਇ ਸ਼ਬਦ-ਰਚਨਾ ਦੇ ਅਧੀਨ ਅਜਿਹੇ ਵਿਸ਼ੇਸ਼ ਸ਼ਬਦਾਂ ਨੂੰ ਵਿਚਾਰਿਆ ਜਾ ਸਕਦਾ ਹੈ ਜਿਨ੍ਹਾਂ ਦੀ ਹੋਂਦ ਕਿਸੇ ਵਿਸ਼ੇਸ਼ ਸ਼ਬਦ ਨਾਲੋਂ ਕੋਈ ਧੁਨੀ ਕੱਟਣ ਨਾਲ ਬਣਦੀ ਹੈ।ਜਿਵੇਂ 'ਸੂਰਾ ਸ਼ਬਦ ਅਸੁਰ ਦੇ ਆ ਕੱਟਣ ਤੋਂ ਬਾਅਦ ਬਣਿਆ ਹੈ ਅਤੇ ਅਸਲੀਲ ਤੋਂ ਸਾਲ ਸ਼ਬਦ ਬਣਿਆ ਹੈ।

ਇਸ ਤਰ੍ਹਾਂ ਉਪਰੋਕਤ ਨਿਯਮ ਪੰਜਾਬੀ ਭਾਸ਼ਾ ਵਿੱਚ ਮਿਲਦੇ ਹਨ ਜਿਨਾ ਤੇ ਆਧਾਰਿਤ ਨਵੇਂ ਸ਼ਬਦਾਂ ਦੀ ਰਚਨਾ ਕੀਤੀ ਜਾਂਦੀ ਹੈ।

1.1.7.2 ਭਾਵੰਸ਼ ਸਥਾਪਨ ਦੇ ਆਧਾਰ- ਰੂਪ,ਸਹਿਰੂਪ ਅਤੇ ਭਾਵੰਸ਼ ਦਾ ਨਿਖੇੜਾ

ਪਰੰਪਰਾਈ ਵਿਆਕਰਨਾਂ ਵਿਚ ਸ਼ਬਦ ਨੂੰ ਵਿਆਕਰਨ ਦੀ ਛੋਟੀ ਤੋਂ ਛੋਟੀ ਅਰਥ ਪੂਰਨ ਇਕਾਈ ਮੰਨਿਆ ਜਾਂਦਾ ਹੈ ਅਤੇ ਵਾਕ ਨੂੰ ਵਿਆਕਰਨ ਦੀ ਵੱਡੀ ਤੋਂ ਵੱਡੀ ਇਕਾਈ। ਰੂਪਵਾਦੀ ਭਾਸ਼ਾ ਵਿਗਿਆਨੀ ਸ਼ਬਦ ਦੀ ਥਾਂ ਭਾਵਾਂਸ਼ ਨੂੰ ਛੋਟੀ ਤੋਂ ਛੋਟੀ ਅਰਥ ਪੂਰਨ ਇਕਾਈ ਮੰਨਦੇ ਹਨ। 1940-50 ਦੇ ਦਰਮਿਆਨ ਅਮਰੀਕੀ ਰੂਪਵਾਦੀਆਂ ਨੇ ਇਸ ਸੰਕਲਪ ਦੀ ਵਰਤੋਂ ਕੀਤੀ। ਆਮ ਭਾਸ਼ਾ ਵਿਚ ਇਸ ਸੰਕਲਪ ਦਾ ਅਰਥ ਹੈ 'ਰੂਪ' ਇਸ ਤੋਂ ਪਹਿਲਾਂ ਇਸ ਸੰਕਲਪ ਨੂੰ ਜੀਵ ਵਿਗਿਆਨ ਵਿਚ ਵਰਤਿਆ ਜਾਂਦਾ ਸੀ। Morphology ਨੂੰ ਇਕ ਆਮ ਸੰਕਲਪ ਦੇ ਤੌਰ 'ਤੇ ਵਰਤਿਆ ਜਾਂਦਾ ਹੈ ਅਤੇ Morphology ਨੂੰ ਇਕਾਲਕੀ ਭਾਸ਼ਾ ਵਿਗਿਆਨਕ ਅਧਿਅਨ ਲਈ ਵਰਤਿਆ ਜਾਂਦਾ ਹੈ ਇਹ ਵਿਗਿਆਨ ਵਿਆਕਰਨ ਦੀ ਇਕ ਸ਼ਾਖਾ ਹੈ ਅਤੇ ਇਸ ਵਿਚ ਭਾਵੰਸ਼-ਵਿਉਂਤ ਅਤੇ ਵਾਕ-ਵਿਉਂਤ (Morphology and Syntax) ਦਾ ਇਕ ਲੜ੍ਹੀ ਵਿਚ ਅਧਿਅਨ ਕੀਤਾ ਜਾਂਦਾ ਹੈ। ਵਾਕ-ਵਿਉਂਤ ਦੇ ਅੰਤਰਗਤ ਵਾਕਾਂ ਦੀ ਬਣਤਰ ਅਤੇ ਕਾਰਜ ਦਾ ਅਧਿਅਨ ਕੀਤਾ ਜਾਂਦਾ ਹੈ ਅਤੇ ਇਸ ਸ਼ਾਖਾ ਨੂੰ ਵਾਕ ਦਾ ਵਿਗਿਆਨ ਵੀ ਆਖਿਆ ਜਾਂਦਾ ਹੈ ਅਤੇ ਦੂਜੇ ਪਾਸੇ ਭਾਵੰਸ਼-ਵਿਉਂਤ ਵਿਚ ਸ਼ਬਦਾਂ ਦੀ ਅੰਦਰੂਨੀ ਬਣਤਰ ਦਾ ਅਧਿਅਨ ਕੀਤਾ ਜਾਂਦਾ ਹੈ ਅਤੇ ਇਸ ਸ਼ਾਖਾ ਨੂੰ ਸ਼ਬਦ ਵਿਗਿਆਨ ਕਿਹਾ ਜਾਂਦਾ ਹੈ। ਭਾਵੰਸ਼ -ਵਿਉਂਤ ਰਾਹੀ ਸ਼ਬਦ ਵਿਚ ਵਿਚਰਨ ਵਾਲੇ ਤੱਤਾਂ (ਧੁਨੀਆਂ ਅਤੇ ਰੂਪਾ) ਦਾ ਅਧਿਅਨ ਕੀਤਾ ਜਾਂਦਾ ਹੈ। ਭਾਵੰਸ਼-ਵਿਉਂਤ ਨੂੰ ਦੋ ਸ਼ਾਖਾਵਾਂ ਵਿਚ ਵੰਡਿਆ ਜਾਂਦਾ ਹੈ, ਜਿਵੇਂ : ਸ਼ਬਦ ਰੂਪਾਂਤਰਾਂ ਦੇ ਅਧਿਅਨ ਲਈ, ਰੂਪਾਂਤਰੀ ਭਾਵੰਸ਼ ਵਿਉਂਤ (Inflectional Morphology) ਅਤੇ ਸ਼ਬਦਾਂ ਦੀ ਬਣਤਰ ਤੇ ਉਤਪਤੀ ਲਈ (1) ਵਿਉਤਪਤ ਭਾਵੰਸ਼ ਵਿਉਂਤ (Derivational Morphology)। ਰੂਪਾਂਤਰੀ ਭਾਵੰਸ਼ ਵਿਉਂਤ ਦੇ ਅੰਤਰਗਤ ਵਿਕਾਰੀ ਸ਼ਬਦ ਰੂਪਾਂ ਦਾ ਅਧਿਅਨ ਕੀਤਾ ਜਾਂਦਾ ਹੈ ਜਿਵੇਂ 'ਚਲ' ਧਾਤੂ ਹੈ ਅਤੇ ਇਹ ਕਿਰਿਆ ਵਜੋਂ ਵਿਚਰਦਾ ਹੈ। ਇਸ ਧਾਤੂ ਦਾ ਵਿਆਕਰਨਕ ਸ਼੍ਰੇਣੀਆਂ (ਲਿੰਗ, ਵਚਨ, ਪੁਰਖ, ਕਾਲ ਆਦਿ)

ਅਨੁਸਾਰ ਰੂਪਾਂਤਰਨ ਹੁੰਦਾ ਹੈ ਅਤੇ ਇਕ ਰੂਪਾਵਲੀ ਬਣਦੀ ਹੈ ਜਿਵੇਂ ਸ਼ਬਦ ਰੂਪਾਂ ਵਿਚ ਧਾਤੂ ਤੋਂ ਇਲਾਵਾ ਪਿਛੇਤਰ ਵਿਚਰਦੇ ਹਨ ਅਤੇ ਰੂਪਾਂਤਰੀ ਪਿਛੇਤਰ ਹਮੇਸ਼ਾ ਸ਼ਬਦ ਦੇ ਅੰਤ 'ਤੇ ਹੁੰਦੇ ਹਨ। ਗਿਣਤੀ ਪੱਖੋਂ ਉਪਰੋਕਤ ਕਿਰਿਆ ਵਿਚ ਤਿੰਨ ਭਾਵੰਸ਼ ਹਨ : ਚਲ (ਧਾਤੂ) ਦ (ਕਾਲ-ਸੂਚਕ), ਆ (ਵਚਨ ਤੇ ਲਿੰਗ-ਸੂਚਕ)। ਦੂਜੇ ਪਾਸੇ ਵਿਉਤਪਤ ਭਾਵੰਸ਼ -ਵਿਉਂਤ ਵਿਚ ਸ਼ਬਦ ਦੀ ਬਣਤਰ ਵਿਚ ਅਗੇਤਰ ਅਤੇ ਪਿਛੇਤਰ ਦੋਵੇਂ ਵਿਚਰ ਸਕਦੇ ਹਨ ਜਿਵੇਂ (ਅਨ) ਪੜ੍ਹ=ਅਨਪੜ੍ਹ, (ਨ) ਫਰ-ਨਿਡਰ ਆਦਿ ਤੋਂ ਵੱਧ (ਧਾਤੂ)-ਈ-ਵਧੀਕੀ ਵਧੀਕੀ। ਭਾਵੰਸ਼ ਵਿਉਂਤ ਦੇ ਅਧਿਅਨ ਦੌਰਾਨ ਸ਼ਬਦਾਂ ਦੀ ਬਣਤਰ ਵਿਚ ਵਿਚਰਨ ਵਾਲੇ ਵਿਉਂਤ ਦਾ ਅਧਿਅਨ ਕੀਤਾ ਜਾਂਦਾ ਹੈ।

1.1.7.3 ਭਾਵੰਸ਼ ਦੀਆਂ ਕਿਸਮਾਂ- ਮੁਕਤ ਅਤੇ ਯੁਗਤ

ਭਾਵੰਸ਼ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ । ਮੁਕਤ (ਸੁਤੰਤਰ) ਅਤੇ ਯੁਗਤ (ਬੰਧੇਜੀ)। ਸੁਤੰਤਰ ਭਾਵੰਸ਼ ਦੇ ਪ੍ਰਕਾਰ ਦੇ ਹੁੰਦੇ ਹਨ : (I) ਸ਼ਾਬਦਿਕ (Lexical) ਅਤੇ (ii) ਸਬੰਧ ਦਰਸਾਊ (Functional)। ਸ਼ਾਬਦਿਕ ਵਿਚ ਘਰ, ਮੁੰਡਾ, ਚਲ, ਲਾਲ, ਇਥੇ ਆਦਿ ਭਾਵ ਮੁੱਖ ਸ਼ਬਦ-ਸਰੇਈਆਂ ਦੇ ਮੈਂਬਰਾਂ ਨੂੰ ਰੱਖਿਆ ਜਾਂਦਾ ਹੈ ਜਦੋਂ ਕਿ ਦੂਜੇ ਪਾਸੇ ਪਰਤਾਂ, ਜੇ, ਕਿ, ਸਗੋਂ, ਵਿਚ, ਨੇ, ਨੂੰ ਦਾ ਆਦਿ ਗੁੰਝ ਸ਼ਬਦ-ਸ਼ਈਆਂ ਦੇ ਮੈਂਬਰਾਂ ਨੂੰ ਰੱਖਿਆ ਜਾਂਦਾ ਹੈ। ਸੁਤੰਤਰ ਭਾਵਾਸ਼, ਸ਼ਬਦ ਵਰਗੀ ਇਕਾਈ ਹੈ ਅਤੇ ਸ਼ਬਦ ਵਾਂਗ ਸੁਤੰਤਰ ਤੌਰ 'ਤੇ ਵਿਚਰ ਸਕਦਾ ਹੈ। ਦੂਜੇ ਪਾਸੇ ਬੰਧੇਜੀ ਭਾਵਾਂਸ ਸ਼ਬਦਾਂ ਦੇ ਹਿੱਸੇ ਵਜੋਂ ਵਿਚਰਦੇ ਹਨ ਅਤੇ ਇਹ ਸੁਤੰਤਰ ਤੌਰ 'ਤੇ ਵਿਚਰ ਸਕਣ ਦੀ ਸਮਰੱਥਾ ਨਹੀਂ ਰੱਖਦਾ। ਇਸ ਵਿਗਿਆਨ ਦੇ ਅੰਤਰਰਾਤ ਸ਼ਬਦ ਬਣਤਰ ਦੇ ਸਾਰੇ ਪੱਖਾ - ਧਾਤੂ ਅਗੇਤਰ, ਪਿਛੇਤਰ, ਦੁਹਰੁਕਤੀ ਇਕਹਿਰੇ ਸ਼ਬਦ ਦੋਹੜੇ ਸ਼ਬਦ ਆਦਿ ਦਾ ਅਧਿਅਨ ਕੀਤਾ ਜਾਂਦਾ ਹੈ।

ਸਮਧੁਨੀ ਧਾਤੂ ਅਤੇ ਵਧੇਤਰ ਦਾ ਨਿਖੇੜਾ

ਧਾਤੂ ਸੰਕਲਪ ਦੀ ਵਰਤੋਂ ਸ਼ਬਦਾਂ ਦੀ ਬਣਤਰ ਵਿਚਲੇ ਤੱਤਾ ਦਾ ਵਿਸ਼ਲੇਸ਼ਣ ਕਰਨ ਵੇਲੇ ਕੀਤੀ ਜਾਂਦੀ ਹੈ। ਇਸ ਸੰਕਲਪ ਦੀ ਵਰਤੋਂ ਇਤਿਹਾਸਕ ਭਾਸ਼ਾਵਾਂ ਦੇ ਸ਼ਬਦ ਬਣਤਰ ਦਾ ਅਧਿਅਨ ਕਰਨ ਲਈ ਵੀ ਕੀਤੀ ਜਾਂਦੀ ਹੈ। ਧਾਤੂ ਸ਼ਬਦ ਦਾ ਮੂਲ ਹੈ, ਇਸ ਮੂਲ ਦੇ ਨਾਲ ਹੋਰ ਤੱਤ ਵਿਚਰ ਸਕਦੇ ਹਨ ਪਰ ਇਸ ਨੂੰ ਹੋਰ ਅਗਾਂਹ ਵੰਡਿਆ ਨਹੀਂ ਜਾ ਸਕਦਾ। ਇਸ ਦੀ ਹੋਰ ਵੰਡ ਕਰਨ ਨਾਲ ਇਸ ਦਾ ਸਰੂਪ ਅਤੇ ਅਰਥ ਖਤਮ ਹੋ ਜਾਂਦੇ ਹਨ, ਜਿਵੇਂ ਮਰਦਾ, ਮਰਦੇ, ਮਰਦਿਆਂ ਆਦਿ ਵਿਚ 'ਮਰ' ਧਾਤੂ ਹੈ। ਇਹ ਧਾਤੂ ਕਿਰਿਆ ਦਾ ਸੂਚਕ ਹੈ ਅਤੇ ਇਸ ਨੂੰ ਅੱਗੇ ਨਹੀਂ ਵੰਡਿਆ ਜਾ ਸਕਦਾ। ਇਸ ਦੀ ਹੋਰ ਵੰਡ ਧੁਨੀ-ਵਿਉਂਤ ਵਿਚ ਹੀ ਹੋ ਸਕਦੀ ਹੈ, ਭਾਵਾਂਸ਼-ਵਿਉਂਤ ਵਿਚ ਨਹੀਂ ਜਿਵੇਂ kar—k (c) a (v) 1 (c) (ਕ+ਅ+ਰ)। ਜਿਸ ਤੱਤ ਉਤੇ ਸਬਦ ਬਣਤਰ ਦੇ ਨਿਯਮ ਲਾਗੂ ਹੁੰਦੇ ਹੋਏ ਉਸ ਨੂੰ ਮੂਲ ਰੂਪ ਜਾਂ ਧਾਤੂ ਕਿਹਾ ਜਾਂਦਾ ਹੈ ਜਿਸ ਸ਼ਬਦ ਦੀ ਰੂਪਾਵਲੀ ਬਣਦੀ ਹੈ ਉਸ ਦੇ ਸਾਰੇ ਰੂਪਾਂ ਵਿਚ ਧਾਤੂ ਦਾ ਦੁਰਗਾ ਹੁੰਦਾ ਹੈ, ਜਿਵੇਂ : ਪੀ, ਪੀਂਦਾ, ਪੀਦੀ, ਪੀਂਦੇ, ਪੀਂਦੀਆਂ। ਧਾਤੂ ਦੀ ਪਛਾਣ ਸਥਾਪਤੀ ਲਈ ਇਹ ਵੀ ਕਿਹਾ ਜਾਂਦਾ ਹੈ ਜਦੋਂ ਕਿਸੇ ਰੂਪ ਨਾਲੋਂ ਸਾਰੇ ਵਧੇਤਰ (ਅਗੇਤਰ, ਪਿਛੇਤਰ) ਹਟਾ ਲਏ ਜਾਣ ਤਾਂ ਉਹ ਬਚਦਾ ਰੂਪ ਧਾਤੂ ਹੁੰਦਾ ਹੈ। ਰੂਪ ਦੇ ਪੱਖ ਤੋਂ ਸ਼ਬਦਾਂ ਨੂੰ ਵਿਕਾਰੀ ਅਤੇ ਅਵਿਕਾਰੀ ਸ਼ਰੇਣੀ ਵਿਚ ਵੰਡਿਆ ਜਾਂਦਾ ਹੈ। ਜਿਨ੍ਹਾਂ ਦੀ ਰੂਪਾਵਲੀ ਬਣਦੀ ਹੈ ਉਨ੍ਹਾਂ ਨੂੰ ਵਿਕਾਰੀ ਦੀ ਲਿਸਟ ਵਿਚ ਅਤੇ ਜਿਨ੍ਹਾਂ ਦੀ ਰੂਪਾਵਲੀ ਨਹੀਂ ਬਣਦੀ ਉਨ੍ਹਾਂ ਨੂੰ

ਅਵਿਕਾਰੀ ਦੀ ਲਿਸਟ ਵਿਚ ਰੱਖਿਆ ਜਾਂਦਾ ਹੈ। ਰੂਪਾਵਲੀ ਵਾਲੇ ਸ਼ਬਦਾਂ ਦਾ ਮੂਲ ਧਾਤੂ ਹੁੰਦਾ ਹੈ। ਦੂਜੇ ਪਾਸੇ ਰੂਪਾਵਲੀ ਰਹਿਤ ਸ਼ਬਦਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ । ਧਾਤੂ ਰੂਪੀ ਸ਼ਬਦ ਅਤੇ ਗੈਰ-ਧਾਤੂ ਰੂਪੀ ਸਬਦ । ਧਾਤੂ ਰੂਪੀ ਸ਼ਬਦਾਂ ਵਿਚ ਉਨ੍ਹਾਂ ਸਾਰੇ ਸ਼ਬਦਾਂ ਨੂੰ ਰੱਖਿਆ ਜਾਂਦਾ ਹੈ ਜੋ ਵਾਕੰਸ਼ ਬਣਤਰ ਦੇ ਅੰਦਰ ਕੰਮ ਕਰਦੇ ਹਨ, ਜਿਵੇਂ : ਲਾਲ, ਕੁਝ ਸ਼ਰਮ ਆਦਿ ਅਵਿਕਾਰੀ ਵਿਸ਼ੇਸ਼ਣ ਅਤੇ ਉਹ ਸ਼ਬਦ ਜੋ ਧਾਤੂ ਰੂਪ ਵਿਚ ਹੀ ਵਿਚਰਦੇ ਹਨ ਜਿਵੇਂ ਦੇ ਖਾ, ਲਿਖ, ਜਾਂ ਆਦਿ। ਗੈਰ-ਧਾਤੂ ਰੂਪੀ ਸ਼ਬਦਾਂ ਵਿਚ ਵਾਕਾਤਮਕ ਪੱਧਰ 'ਤੇ ਕਾਰਜ ਕਰਨ ਵਾਲੇ ਸ਼ਬਦਾਂ (ਸਬੰਧਕ, ਯੋਜਕ, ਪਾਰਟੀਕਲਜ਼) ਨੂੰ ਰੱਖਿਆ ਜਾਂਦਾ ਹੈ । ਧਾਤੂ ਸੁਤੰਤਰ ਭਾਵਾਂਸ ਹੁੰਦੇ ਹਨ ਅਤੇ ਬੰਧੇਜੀ ਹੈ। ਸਬਦ ਦੀ ਬਣਤਰ ਵਿਚ ਵਿਚਰਨ ਦੇ ਅਧਾਰ ਤੇ ਸ਼ਬਦਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ : ਧਾਤੂ ਅਧਾਰਤ ਸ਼ਬਦ । ਇਕ ਧਾਤੂ ਅਧਾਰਤ ਸ਼ਬਦ ਜਾਂ ਤਾਂ ਧਾਤੂ ਰੂਪ ਵਿਚ ਹੀ ਕਰਦਾ ਹੈ ਜਿਵੇਂ ਦੇ, ਛੱਤ ਲਿਖ ਆਦਿ ਅਤੇ ਜਾ ਇਸ ਦੀ ਬਣਤਰ ਵਿਚ ਹੋਰ ਵਧੇਤਰ ਵਿਚਰਦੇ ਹਨ ਜਿਵੇਂ : ਅਨਪੜ੍ਹਤਾ = ਅਨਪੜ੍ਹ-ਤਾ, ਬੇਅਕਲੀ ਬੇ-ਅਕਲ-ਈ। ਦੂਜੇ ਪਾਸੇ ਕੁਝ ਸਬਦ ਅਜਿਹੇ ਹੁੰਦੇ ਹਨ ਜਿਨ੍ਹਾਂ ਦੀ ਬਣਤਰ ਵਿਚ ਦੋ ਧਾਤੂ ਵਿਚਰਦੇ ਹਨ ਜਿਵੇਂ : ਅਖੰਡਪਾਠ = ਅਖੰਡ-ਪਾਠ, ਗਠਜੋੜ-ਗੱਠਜੋੜ, ਘੋੜਸਵਾਰ ਘੋੜ (ਬੰਧੇਜੀ)-ਸਵਾਰ (ਮੁਕਤ)। ਅਰਥ ਦੇ ਪੱਖ ਤੋਂ ਸ਼ਬਦ ਦੀ ਬਣਤਰ ਵਿਚ ਧਾਤੂ ਸ਼ਬਦ ਦੇ ਅਰਥਾਂ ਨੂੰ ਨਿਰਧਾਰਤ ਕਰਦਾ ਹੈ।

ਭਾਸ਼ਾ ਵਿਗਿਆਨੀਆਂ ਅਨੁਸਾਰ ਭਾਸ਼ਾ ਸਾਰਥਕ ਧੁਨੀਆਂ ਦਾ ਸਮੂਹ ਹੈ। ਸਾਰਥਕ ਧੁਨੀਆਂ ਨੂੰ ਹੀ ਭਾਵ-ਅੰਸ਼ ਕਿਹਾ ਗਿਆ ਹੈ। ਭਾਸ਼ਾ ਵਿਗਿਆਨੀ ਬਲੂਮਫੀਲਡ ਅਨੁਸਾਰ, ‘‘ਭਾਵ-ਅੰਸ਼ ਭਾਸ਼ਾ ਦੀ ਛੋਟੀ ਤੋਂ ਛੋਟੀ ਤੇ ਸੁਤੰਤਰ ਵਿਆਕਰਨਕ ਇਕਾਈ ਹੈ। ਭਾਵ-ਅੰਸ਼ਾਂ ਦੇ ਸੁਮੇਲ ਨਾਲ ਹੀ ਸ਼ਬਦਾਂ ਦੇ ਮੂਲ ਜਾਂ ਧਾਤੂ ਹੋਂਦ ਵਿੱਚ ਆਉਂਦੇ ਹਨ ਜਿਨ੍ਹਾਂ ਨਾਲ ਵਧੇਤਰ ਜੁੜ ਕੇ ਸਮੁੱਚੀ ਸ਼ਬਦ ਸਿਰਜਣਾ ਕਰਦੇ ਹਨ। ਦਰਅਸਲ, ਵਧੇਤਰ ਵੀ ਭਾਵ-ਅੰਸ਼ ਹੀ ਹੁੰਦੇ ਹਨ। ਇਹ ਭਾਵ-ਅੰਸ਼ ਦੋ ਕਿਸਮ ਦੇ ਹੁੰਦੇ ਹਨ - ਸੁਤੰਤਰ ਤੇ ਬੰਧੇਜੀ। ਸੁਤੰਤਰ ਭਾਵ-ਅੰਸ਼ ਆਪਣੇ-ਆਪ ਵਿੱਚ ਸੁਤੰਤਰ ਸ਼ਬਦ ਹੁੰਦਾ ਹੈ ਜੋ ਮੂਲ ਜਾਂ ਧਾਤੂ ਦੇ ਰੂਪ ਵਿੱਚ ਵਿਚਰਦਾ ਹੈ। ਹਰ ਕਿਰਿਆ ਦਾ ਮੂਲ ਸੁਤੰਤਰ ਭਾਵ-ਅੰਸ਼ ਹੀ ਹੁੰਦਾ ਹੈ ਜਿਵੇਂ ਕਰ, ਭਰ, ਚਰ ਆਦਿ। ਇਵੇਂ ਹੀ ਕਈ ਨਾਂ ਵੀ ਸੁਤੰਤਰ ਭਾਵ-ਅੰਸ਼ ਹੁੰਦੇ ਹਨ ਜਿਵੇਂ ਹੱਥ, ਅੱਖ, ਲੱਤ, ਘਰ, ਸੱਥ ਆਦਿ। ਬੰਧੇਜੀ ਭਾਵ-ਅੰਸ਼ ਆਮ ਤੌਰ ’ਤੇ ਧੁਨੀ-ਰੂਪ ਹੁੰਦੇ ਹਨ ਜੋ ਕਿਸੇ ਸੁਤੰਤਰ ਭਾਵ-ਅੰਸ਼ ਨਾਲ ਵਧੇਤਰਾਂ ਵਜੋਂ ਜੁੜ ਕੇ ਹੀ ਸਾਰਥਕ ਧੁਨੀ ਬਣਦੇ ਹਨ। ਓ, ਏ, ਈ, ਆਂ, ਨੀ, ਅਣ, ਪਣ, ਤਾ, ਆਦਿ ਬੰਧੇਜੀ ਭਾਵ-ਅੰਸ਼ ਵਧੇਤਰਾਂ ਵਜੋਂ ਕਾਰਜਸ਼ੀਲ ਹੁੰਦੇ ਹਨ। ਮਿਸਾਲ ਵਜੋਂ ਘਰ ਇਕ ਸੁਤੰਤਰ ਭਾਵ-ਅੰਸ਼ ਹੈ ਜਿਸ ਨਾਲ ਬੰਧੇਜੀ ਵਧੇਤਰ ਜੁੜ ਕੇ ਕਈ ਸ਼ਬਦ ਸਿਰਜਦੇ ਹਨ। ਬੇਘਰ, ਘਰਦੇ, ਘਰਦਿਆਂ, ਘਰੋਂ ਆਦਿ ਅਜਿਹੇ ਹੀ ਸ਼ਬਦ ਹਨ। ਬੇ, ਦੇ, ਦਿਆਂ, ਉਂ ਆਦਿ ਵਧੇਤਰ ਹਨ। ਇਨ੍ਹਾਂ ਵਧੇਤਰਾਂ ਦੀ ਵੰਡ ਦੇ ਦੋ ਆਧਾਰ ਹਨ।

1.1.7.4 ਵਧੇਤਰ ਵੰਨਗੀਆਂ

ਅਗੇਤਰ ਅਤੇ ਪਿਛੇਤਰ ਦੇ ਮੁੱਖ ਲੱਛਣ ਵਧੇਤਰਾਂ ਦੇ ਕਾਰਜੀ ਪੱਖ–ਵਿਉਂਤਪਤੀ ਅਤੇ ਰੂਪਾਂਤਰੀ

ਭਾਸ਼ਾ ਦੇ ਉਹ ਅਰਥਪੂਰਨ ਅਤੇ ਛੋਟੇ ਹਿੱਸੇ ਜੋ ਕਿਸੇ ਸ਼ਬਦ ਦੇ ਸ਼ੁਰੂ ਵਿਚ ਰੱਖੇ ਜਾਂਦੇ ਹਨ ਅਗੇਤਰ ਕਹਾਉਂਦੇ ਹਨ ਅਤੇ ਜੋ ਕਿਸੇ ਸ਼ਬਦ ਦੇ ਅਖ਼ੀਰ ਵਿਚ ਰੱਖੇ ਜਾਂਦੇ ਹਨ ਪਿਛੇਤਰ ਕਹਾਉਂਦੇ ਹਨ,ਇਹ ਦੋਵੇਂ ਨਾਲ ਮਿਲ ਕੇ ਦੂਜਾ ਸ਼ਬਦ ਬਣਦੇ ਹਨ।

(ੳ) ਤਰਤੀਬ ਦੇ ਆਧਾਰ ’ਤੇ: ਤਰਤੀਬ ਅਨੁਸਾਰ ਵਧੇਤਰ ਕਿਸੇ ਸ਼ਬਦ ਦੇ ਮੁੱਢ ਵਿੱਚ, ਵਿਚਕਾਰ ਤੇ ਅੰਤ ਵਿੱਚ ਲੱਗਦੇ ਹਨ। ਮੁੱਢ ਵਿੱਚ ਲੱਗਣ ਵਾਲੇ ਵਧੇਤਰ ਨੂੰ ਅਗੇਤਰ ਕਿਹਾ ਜਾਂਦਾ ਹੈ ਜਿਵੇਂ ਬੇਘਰ ਵਿੱਚ ‘ਬੇ’ ਅਗੇਤਰ ਹੈ। ਇਸੇ ਤਰ੍ਹਾਂ ਸ਼ਬਦ ਦੇ ਅੰਤ ਵਿੱਚ ਆਉਣ ਵਾਲੇ ਵਧੇਤਰ ਨੂੰ ਪਿਛੇਤਰ ਕਿਹਾ ਜਾਂਦਾ ਹੈ ਜਿਵੇਂ ‘ਘਰਦੇ’ ਸ਼ਬਦ ਵਿੱਚ ‘ਦੇ’ ਪਿਛੇਤਰ ਹੈ। ਜਦੋਂ ਕੋਈ ਵਧੇਤਰ ਸ਼ਬਦ ਦੇ ਮੱਧ ਵਿੱਚ ਆਉਂਦਾ ਹੈ ਉਸ ਨੂੰ ਮਧੇਤਰ ਆਖਦੇ ਹਨ ਪਰ ਕਈ ਵਿਦਵਾਨ ਇਸ ਕਿਸਮ (ਮਧੇਤਰ) ਨੂੰ ਨਹੀਂ ਮੰਨਦੇ। ਪਰ ਪੰਜਾਬੀ ਸ਼ਬਦਾਂ ਵਿੱਚ ਇਨ੍ਹਾਂ ਦੀ ਹੋਂਦ ਵੇਖੀ ਜਾ ਸਕਦੀ ਹੈ ਜੋ ਕਿਸੇ ਸਵਰ ਧੁਨੀ ਦੇ ਰੂਪ ਵਿੱਚ ਹੀ ਪ੍ਰਯੋਗ ਹੁੰਦੇ ਹਨ ਜਿਵੇਂ ਉਜੜ ਸ਼ਬਦ ਤੋਂ ਉਜਾੜ ਸ਼ਬਦ ਵਿਕਸਿਤ ਹੋਇਆ ਹੈ ਜਿਸ ਵਿੱਚ ‘ਆ’ ਬੰਧੇਜੀ ਭਾਵ-ਅੰਸ਼ ਸਵਰ ਹੀ ਹੈ। ਇਸੇ ਤਰ੍ਹਾਂ ਚੱਲ ਤੋਂ ਚਾਲ, ਤੁਰ ਤੋਂ ਤੋਰ, ਤਪ ਤੋਂ ਤਾਪ, ਨਰ ਤੋਂ ਨਾਰ ਬਣੇ ਸ਼ਬਦਾਂ ਵਿੱਚ ‘ਆ’, ‘ੳ’ ਆਦਿ ਮਧੇਤਰ ਹਨ।

(ਅ) ਕਾਰਜ ਦੇ ਆਧਾਰ ’ਤੇ: ਕਿਸੇ ਸ਼ਬਦ ਨਾਲ ਵਧੇਤਰ ਜੁੜ ਕੇ ਸ਼ਬਦ ਦੇ ਰੂਪ ਤੇ ਅਰਥ ਨੂੰ ਪਰਿਵਰਤਿਤ ਕਰਨ ਵਿੱਚ ਜੋ ਕਾਰਜ ਕਰਦੇ ਹਨ ਉਸ ਆਧਾਰ ਉੱਤੇ ਅੱਗੋਂ ਦੋ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ। ਪਹਿਲਾ ਰੂਪ ਹੈ ਰੂਪਾਂਤਰੀ ਵਧੇਤਰ। ਇਹ ਵਧੇਤਰ ਸਿਰਫ ਪਿਛੇਤਰ ਵਜੋਂ ਹੀ ਕਾਰਜਸ਼ੀਲ ਹੁੰਦੇ ਹਨ ਅਤੇ ਸ਼੍ਰੇਣੀ ਰੱਖਿਅਕ ਹੁੰਦੇ ਹਨ ਅਰਥਾਤ ਇਨ੍ਹਾਂ ਦੀ ਵਰਤੋਂ ਨਾਲ ਸ਼ਬਦ ਦੀ ਸ਼੍ਰੇਣੀ ਨਹੀਂ ਬਦਲਦੀ। ਜਿਵੇਂ ਘਰ (ਨਾਂਵ) ਤੋਂ ਬਣੇ ਸ਼ਬਦ ਘਰਾਂ, ਘਰੋਂ ਨਾਂ ਹੀ ਰਹਿੰਦੇ ਹਨ। ਕਾਰਜ ਦੇ ਆਧਾਰ ’ਤੇ ਵਧੇਤਰਾਂ ਦਾ ਦੂਸਰਾ ਰੂਪ ਹੈ ਵਿਉਂਤਪਤ ਵਧੇਤਰ।

ਸ਼੍ਰੇਣੀ ਰੱਖਿਅਕ ਤੇ ਸ਼੍ਰੇਣੀ ਬਦਲੂ

ਵਿਉਂਤਪਤ ਵਧੇਤਰ ਅਗੇਤਰ ਤੇ ਪਿਛੇਤਰ ਦੋਹਾਂ ਰੂਪਾਂ ਵਿੱਚ ਕਾਰਜਸ਼ੀਲ ਹੁੰਦੇ ਹਨ ਅਤੇ ਇਹ ਸ਼੍ਰੇਣੀ ਰੱਖਿਅਕ ਵੀ ਹੁੰਦੇ ਹਨ ਤੇ ਸ਼੍ਰੇਣੀ ਬਦਲੂ ਵੀ। ਮਿਸਾਲ ਵਜੋਂ ਪੁੱਤ ਤੋਂ ਬਣੇ ਸ਼ਬਦ:- ਕਪਲੱਤ, ਸਪੁੱਤ, ਪੁੱਤਰ ਆਦਿ ਸ਼੍ਰੇਣੀ ਰੱਖਿਅਕ ਵਧੇਤਰਾਂ ਦੀ ਸਿਰਜਣਾ ਹਨ ਜਦੋਂਕਿ ਗ਼ੈਰ-ਹਾਜ਼ਿਰ, ਬਦਇਖ਼ਲਾਕ, ਖ਼ੁਸ਼-ਨਸੀਬ, ਬਦ-ਨਸੀਬ ਆਦਿ ਸ਼ਬਦਾਂ ਵਿੱਚ ਆਏ ਅਗੇਤਰ ਗ਼ੈਰ, ਬਦ, ਖ਼ੁਸ਼ ਆਦਿ ਸ਼੍ਰੇਣੀ ਬਦਲੂ ਹਨ ਜਿਨ੍ਹਾਂ ਨਾਲ ਨਾਂਵ ਸ਼ਬਦਾਂ ਤੋਂ ਵਿਸ਼ੇਸ਼ਣ ਹੋਂਦ ਵਿੱਚ ਆਏ। ਉਪਰੋਕਤ ਵਧੇਤਰਾਂ ਦੇ ਰੂਪ ਤੇ ਕਿਸਮਾਂ ਬਾਰੇ ਜਾਣਨ ਤੋਂ ਬਾਅਦ ਅਸੀਂ ਹੁਣ ਇਨ੍ਹਾਂ ਦੀ ਵਿਆਕਰਨਕ ਪੱਖ ਤੋਂ ਸ਼ਬਦ ਸਿਰਜਣਾ ਵਿੱਚ ਵਰਤੋਂ ਤੇ ਵਿਧਾਨ ਬਾਰੇ ਬੁਨਿਆਦੀ ਚਰਚਾ ਕਰਦੇ ਹਾਂ। ਨਿਰਸੰਦੇਹ ਪੰਜਾਬੀ ਭਾਸ਼ਾ ਪੰਜਾਬੀਆਂ (ਪੰਜਾਬ) ਦੀ ਆਪਣੀ ਮੌਲਿਕ ਭਾਸ਼ਾ ਹੈ। ਪਰ ਬਦਲਦੀਆਂ ਇਤਿਹਾਸਕ, ਰਾਜਨੀਤਕ ਤੇ ਭੂਗੋਲਕ ਪ੍ਰਸਥਿਤੀਆਂ ਦੇ ਫਲਸਰੂਪ ਇਸ ਵਿੱਚ ਧੁਨੀ ਵਿਗਿਆਨ, ਰੂਪ ਵਿਗਿਆਨ, ਅਰਥ ਵਿਗਿਆਨ ਤੇ ਸ਼ਬਦਾਵਲੀ ਪੱਖੋਂ ਢੇਰ ਪਰਿਵਰਤਨ ਆਇਆ ਜੋ ਇਸ ਦੇ ਵਿਕਾਸ ਦਾ ਅਹਿਮ ਆਧਾਰ ਤਾਂ ਬਣਿਆ। ਪਰ ਵਿਆਕਰਨਕ ਪੱਖੋਂ ਇਕਸਾਰ ਨਿਯਮ ਬਣਾਉਣ ਤੇ ਨਿਸ਼ਚਿਤ ਕਰਨ ਪੱਖੋਂ ਅੜਚਨ ਵੀ ਬਣਿਆ ਇਸ ਦਾ ਕਾਰਨ ਵੀ ਸਪਸ਼ਟ ਹੈ ਕਿ ਪੰਜਾਬ ਭਾਰਤ ਦਾ ਸਰਹੱਦੀ ਤੇ ਖ਼ੁਸ਼ਹਾਲ ਪ੍ਰਦੇਸ਼ (ਪ੍ਰਾਂਤ) ਹੋਣ ਕਰ ਕੇ ਬਦੇਸ਼ੀ ਹਮਲਾਵਰਾਂ ਤੇ ਕੌਮਾਂ ਦਾ ਸ਼ਿਕਾਰ

ਵੀ ਹੁੰਦਾ ਰਿਹਾ। ਜੇਤੂ ਹਮਲਾਵਰਾਂ ਨੇ ਆਪਣੀ ਭਾਸ਼ਾ, ਧਰਮ, ਸੱਭਿਆਚਾਰ ਨੂੰ ਪੰਜਾਬ ਤੇ ਪੰਜਾਬੀਆਂ ਉੱਤੇ ਠੋਸਿਆ, ਜਿਸ ਨਾਲ ਪੰਜਾਬ ਦੀ ਮੌਲਿਕ ਭਾਸ਼ਾ ਪੰਜਾਬੀ ਦਾ ਮੁਹਾਂਦਰਾ ਮਿਸ਼ਰਤ ਭਾਸ਼ਾ ਵਾਲਾ ਬਣ ਗਿਆ। ਬਦੇਸ਼ੀ ਭਾਸ਼ਾਵਾਂ ਦੀਆਂ ਧੁਨੀਆਂ ਤੇ ਧੁਨੀ ਨਿਯਮ; ਸ਼ਬਦ ਰੂਪ ਤੇ ਸ਼ਬਦਾਵਲੀ ਪੰਜਾਬੀ ਵਿੱਚ ਆਪਮੁਹਾਰੀ ਤੇ ਬੇਮੁਹਾਰੀ ਪ੍ਰਵੇਸ਼ ਕਰ ਗਈ। ਸ਼ਬਦਾਂ ਦੇ ਨਵੇਂ ਰੂਪ ਤੇ ਨਵੇਂ ਅਰਥ ਹੋਂਦ ਵਿੱਚ ਆਏ, ਜਿਸ ਨਾਲ ਵਧੇਤਰਾਂ ਦੀ ਵਰਤੋਂ ਨਾਲ ਸ਼ਬਦ ਸਿਰਜਣਾ ਵਿੱਚ ਵੀ ਜਟਿਲਤਾ ਤੇ ਅਸਪਸ਼ਟਤਾ ਆ ਗਈ। ਭਾਸ਼ਾ ਦੇ ਵਿਦਵਾਨਾਂ ਤੇ ਚਿੰਤਕਾਂ ਨੇ ਇਸ ਨੂੰ ਸੁਲਝਾਉਣ ਤੇ ਸਪਸ਼ਟ ਕਰਨ ਲਈ ਆਪਣੇ-ਆਪਣੇ ਮੱਤ, ਵਿਚਾਰ ਤੇ ਸਿਧਾਂਤ ਤਾਂ ਪੇਸ਼ ਕੀਤੇ ਪਰ ਉਹ ਆਪਸੀ ਸਹਿਮਤੀ ਪੈਦਾ ਨਾ ਕਰ ਸਕੇ। ਸ਼ਬਦ-ਜੋੜਾਂ ਦੀ ਸਮੱਸਿਆ ਇਸ ਅਸਹਿਮਤੀ ਦਾ ਹੀ ਨਤੀਜਾ ਹੈ। ਸ਼ਬਦ ਸਿਰਜਣਾ ਸਮੇਂ ਵਧੇਤਰਾਂ ਦੀ ਵਰਤੋਂ ਤੇ ਵਿਧਾਨ ਬਾਰੇ ਵੀ ਇਹੀ ਸਮੱਸਿਆ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਸਮੱਸਿਆ ਦਾ ਸਮਾਧਾਨ ਵਿਸ਼ਾਲ ਤੇ ਸਾਰਥਕ ਚਰਚਾ ਦੀ ਮੰਗ ਕਰਦਾ ਹੈ। ਸੋ, ਅਸੀਂ ਇਸ ਚਰਚਾ ਵਿੱਚ ਉਲਝਣ ਦੀ ਬਜਾਏ ਆਪਣਾ ਧਿਆਨ ਵਧੇਤਰਾਂ ਦੀ ਵਰਤੋਂ ਨਾਲ ਸਿਰਜੇ ਗਏ ਪ੍ਰਵਾਨਤ ਸ਼ਬਦਾਂ ਉੱਤੇ ਹੀ ਕੇਂਦਰਤ ਕਰਦੇ ਹਾਂ। ਪੰਜਾਬੀ ਸ਼ਬਦਾਵਲੀ ਦੇ ਅਧਿਐਨ ਉਪਰੰਤ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਪੰਜਾਬੀ ਸ਼ਬਦਾਂ ਵਿੱਚ ਵਰਤੇ ਗਏ ਵਧੇਤਰ ਪੰਜਾਬੀ ਦੇ ਮੌਲਿਕ ਵਧੇਤਰ ਵੀ ਹਨ ਅਤੇ ਬਦੇਸ਼ੀ ਭਾਸ਼ਾਵਾਂ ਨਾਲ ਸਬੰਧਤ ਵੀ ਹਨ ਪਰ ਉਨ੍ਹਾਂ ਦੀ ਵਰਤੋਂ ਪੰਜਾਬੀ ਨੇ ਆਪਣੇ ਸੁਭਾਅ ਅਨੁਸਾਰ ਹੀ ਕੀਤੀ ਹੈ। ਆਪਣੀ ਸੌਖ ਲਈ ਅਸੀਂ ਪਹਿਲਾਂ ਅਗੇਤਰਾਂ ਬਾਰੇ ਚਰਚਾ ਕਰਦੇ ਹਾਂ। ਇਹ ਬੜਾ ਦਿਲਕਸ਼ ਤੇ ਦਿਲਚਸਪ ਪਹਿਲੂ ਹੈ ਕਿ ਅਗੇਤਰਾਂ ਦੀ ਬਹੁਤੀ ਵਰਤੋਂ ਵਿਪਰੀਤ ਸ਼ਬਦ ਸਿਰਜਣਾ ਲਈ ਹੋਈ ਹੈ ਜਿਵੇਂ: ਅ+ਸਫ਼ਲ, ਅ+ਸਪਸ਼ਟ, ਅ+ਮਰ, ਅਨ+ਪੜ੍ਹ, ਅਣ+ਉਚਿਤ, ਨਿ+ਕੰਮਾ, ਨਿ+ਕਾਰਾ, ਅਪ+ਮਾਣ, ਕੁ+ ਪੁੱਤ,ਕੁ+ਕਰਮ, ਦੁਰ+ਆਸੀਸ, ਦੁਰ+ਵਿਹਾਰ, ਨਿਰ+ਆਸ਼ਾ (ਨਿਰਾਸ਼ਾ), ਨਿਰ+ਆਕਾਰ, ਨਿਰ+ਸੰਦੇਹ, ਨਿਰ+ਮਲ ਆਦਿ। ਇਸ ਤਰ੍ਹਾਂ ਦੀ ਵਿਪਰੀਤ ਸ਼ਬਦਾਂ ਦੀ ਸਿਰਜਣਾ ਫਾਰਸੀ ਵਿੱਚ ਵੀ ਵੇਖੀ ਜਾ ਸਕਦੀ ਹੈ ਜਿਨ੍ਹਾਂ ਨੂੰ ਪੰਜਾਬੀ ਭਾਸ਼ਾ ਨੇ ਅਪਣਾ ਲਿਆ ਹੈ ਜਿਵੇਂ ਬੇ+ਪ੍ਰਵਾਹ, ਬੇ+ਕਸੂਰ, ਬੇ+ਈਮਾਨ, ਬਦ+ਤਾਮੀਜ਼, ਬਦ+ਇਖ਼ਲਾਕ, ਬਦ+ਸਲੂਕ, ਲਾ+ਇਲਾਜ, ਕਮ+ਜ਼ੋਰ, ਕਮ+ਬਖ਼ਤ ਆਦਿ। ਇਹ ਉਲੇਖਯੋਗ ਹੈ ਕਿ ਅਣ ਅਗੇਤਰ ਦਾ ਪ੍ਰਯੋਗ ਅੰਗਰੇਜ਼ੀ ਵਿੱਚ ਵੀ ਇਸੇ ਤਰ੍ਹਾਂ ਅਰਥ ਵਿੱਚ ਹੋਇਆ ਹੈ ਜਿਵੇਂ: un-educated, un-expected, un-less ਆਦਿ। 'ਕੁ' ਅਗੇਤਰ ਤੋਂ ਉਲਟ ਭਾਵੀ 'ਸੁ' ਅਗੇਤਰ ਹੈ ਜਿਸ ਨੂੰ ਸ਼ੁਭ ਅਰਥ ਵਿੱਚ ਵਰਤਿਆ ਜਾਂਦਾ ਹੈ ਜਿਵੇਂ: ਸੁ+ਲੱਖਣ, ਸੁ+ਮੱਤ, ਸੁ+ਪੁੱਤਰ, ਸੁ+ਪ੍ਰਬੰਧ, ਸੁ+ਕੀਰਤ ਆਦਿ। 'ਉਪ' ਅਗੇਤਰ ਨਾਲ ਬਣੇ ਸ਼ਬਦ ਬਾਕਮਾਲ ਹਨ। 'ਉਪ' ਦੇ ਅਰਥ ਨੇੜਲਾ, ਨਜ਼ਦੀਕੀ ਨਾਲ ਸਬੰਧਤ ਆਦਿ ਹਨ। ਇਸ ਨੂੰ ਵੀ 'ਸੁ' ਵਾਂਗ ਸ਼ੁਭ ਅਰਥ ਵਿੱਚ ਵਰਤਿਆ ਜਾਂਦਾ ਹੈ ਜਿਵੇਂ ਉਪ+ਭਾਸ਼ਾ, ਉਪ+ਸਥਿਤ, ਉਪ+ਕਾਰ, ਉਪ+ਮਾਨ (ਉਪਮਾਂ) ਆਦਿ। ਇਸੇ ਤਰ੍ਹਾਂ ਹੀ 'ਅਧਿ' ਅਗੇਤਰ ਹੈ ਜਿਸ ਦੇ ਅਰਥ ਹਨ- ਸ੍ਰੇਸ਼ਟ, ਉਤਮ, ਉਪਰ (above), Supreme ਜਦੋਂ ਇਹ ਅਗੇਤਰ ਕਿਸੇ ਮੂਲ ਸ਼ਬਦ ਜਾਂ ਧਾਤੂ ਨਾਲ ਜੁੜਦਾ ਹੈ ਤੇ ਨਵੇਂ ਸਿਰਜੇ ਹੋਏ ਸ਼ਬਦ ਦੇ ਅਰਥ ਵੀ ਬਹੁਤ ਗੂੜ੍ਹ ਬਣ ਜਾਂਦੇ ਹਨ ਅਤੇ ਸਾਨੂੰ ਪਤਾ ਹੀ ਨਹੀਂ ਲਗਦਾ ਕਿ ਉਹ ਅਗੇਤਰ ਦੀ ਵਰਤੋਂ ਨਾਲ ਬਣਿਆ ਸ਼ਬਦ ਹੈ। ਮਿਸਾਲ ਵਜੋਂ ਅਧਿਆਪਕ ਸ਼ਬਦ ਦਾ ਜੋੜ ਹੈ ਅਧਿ+ਆਪ+ਕ। ਸੋ ਅਧਿਆਪਕ ਉਹ ਹੈ ਜੋ ਆਪ (ਸਵੈ) ਤੋਂ ਉਪਰ ਉਠਿਆ ਹੋਵੇ, ਸਵੈ ਤੋਂ ਉੱਚਤਮ (Supreme) ਹੋਵੇ। ਇਸੇ ਤਰ੍ਹਾਂ (ਅਧਿ+ਆਤਮ) ਦਾ

ਅਰਥ ਹੈ ਆਤਮ ਦੀ ਉਪਰਲੀ ਅਵਸਥਾ। ਅਧਿਸੂਚਨਾ, ਅਧਿਕਾਰ, ਅਧਿਅਕਸ਼ ਅਜਿਹੇ ਹੀ ਸ਼ਬਦ ਹਨ। 'ਅਨੁ' ਅਗੇਤਰ ਨਾਲ ਸਿਰੇ ਸ਼ਬਦ ਵੀ ਵਾਚਨਯੋਗ ਹਨ।

1.1.7.5 ਪੰਜਾਬੀ ਦੇ ਵਿਆਕਰਣਕ ਵਰਗ : ਵਚਨ, ਲਿੰਗ, ਕਾਲ, ਵਾਚ, ਪੁਰਖ

ਵਿਆਕਰਨਕ ਸ਼ਰੇਣੀਆਂ: ਰਵਾਇਤੀ ਭਾਸ਼ਾ ਵਿਗਿਆਨੀ, ਸ਼ਬਦ-ਸ਼ਰੇਣੀਆਂ (ਨਾਂਵ, ਪੜਨਾਂਵ, ਕਿਰਿਆ ਆਦਿ) ਨੂੰ ਪਹਿਲੇ ਦਰਜੇ ਦੀਆਂ ਸ਼ਰੇਣੀਆਂ ਮੰਨਦੇ ਹਨ ਅਤੇ ਵਿਆਕਰਨਕ ਸ਼ਰੇਣੀਆਂ (ਲਿੰਗ, ਵਚਨ, ਕਾਲ ਆਦਿ) ਨੂੰ ਦੂਜੈਲੇ ਪੱਧਰ ਦੀ ਸ਼ਰੇਣੀਆਂ ਮੰਨਦੇ ਹਨ। ਇਹ ਭਾਸ਼ਾ ਵਿਗਿਆਨੀ ਕਰਤਾ, ਕਰਮ ਆਦਿ ਨੂੰ ਕਾਰਜੀ ਸ਼ਰੇਣੀਆਂ ਸਵੀਕਾਰ ਕਰਦੇ ਹਨ। ਪੰਜਾਬੀ ਭਾਸ਼ਾ ਵਿਗਿਆਨ ਦੀ ਸ਼ਬਦਾਵਲੀ ਵਿਚ 'ਵਿਆਕਰਨ ਸ਼ਰੇਣੀਆਂ' ਸੰਕਲਪ ਲਿੰਗ, ਵਚਨ, ਪੁਰਖ ਆਦਿ ਲਈ ਵਰਤਿਆ ਜਾਂਦਾ ਹੈ। ਹਰ ਭਾਸ਼ਾ ਦੀਆਂ ਸ਼ਬਦ-ਸ਼ਰੇਣੀਆਂ ਦੇ ਵਰਗਾਂ ਦੀ ਗਿਣਤੀ ਵੱਧ ਘੱਟ ਹੋ ਸਕਦੀ ਹੈ ਪਰ ਵਿਆਕਰਨਕ ਸ਼ਰੇਣੀਆਂ ਸੀਮਤ ਹਨ ਅਤੇ ਇਨ੍ਹਾਂ ਦੀ ਵਰਤੋਂ ਹਰ ਭਾਸ਼ਾ ਵਿਚ ਵੱਖੋ ਵੱਖਰੀ ਹੋ ਸਕਦੀ ਹੈ। ਮਿਸਾਲ ਵਜੋਂ ਪੰਜਾਬੀ ਨਾਂਵ ਸ਼ਰੇਣੀ ਦੇ ਸ਼ਬਦਾਂ ਦਾ ਕਾਰਕ ਅਤੇ ਵਚਨ ਵਿਆਕਰਨਕ ਸ਼ਰੇਣੀਆਂ ਅਨੁਸਾਰ ਰੂਪਾਂਤਰਨ ਹੁੰਦਾ ਹੈ ਅਤੇ ਲਿੰਗ ਹਰ ਨਾਂਵ ਦਾ ਮੂਲ ਲੱਛਣ ਹੈ ਪਰ ਇਸ ਪਰਕਾਰ ਦਾ ਵਰਤਾਰਾ ਹਰ ਭਾਸ਼ਾ ਵਿਚ ਇਕੋ ਜਿਹਾ ਨਹੀਂ ਹੁੰਦਾ ਕਿਉਂਕਿ ਕਿਸੇ ਭਾਸ਼ਾ ਵਿਚ ਲਿੰਗ ਦੀ ਵੰਡ ਦੋ ਪਰਕਾਰ ਦੀ ਹੈ ਤੇ ਕਿਸੇ ਵਿਚ ਤਿੰਨ ਪਰਕਾਰ ਦੀ। ਪੰਜਾਬੀ ਭਾਸ਼ਾ ਦੇ ਪੜਨਾਂਵ ਸ਼ਬਦਾਂ ਵਿਚ ਲਿੰਗ ਭੇਦ ਨਹੀਂ ਹੁੰਦਾ ਪਰ ਅੰਗਰੇਜ਼ੀ ਵਿਚ ਪੜਨਾਂਵ ਸ਼ਬਦ ਦਾ ਲਿੰਗ ਭੇਦ ਹੁੰਦਾ ਹੈ। ਇਸੇ ਤਰ੍ਹਾਂ ਕਾਰਕ ਦੁਆਰਾ ਨਾਂਵ ਵਾਕੰਸ਼ਾਂ ਅਤੇ ਕਿਰਿਆ ਵਾਕੰਸ਼ਾਂ ਦੇ ਆਪਸੀ ਵਾਕਾਤਮਕ ਸਬੰਧਾਂ ਦਾ ਪਤਾ ਚਲਦਾ ਹੈ ਪਰ ਹਰ ਭਾਸ਼ਾ ਵਿਚਲੇ ਵਾਕਾਂ ਦੇ ਵਾਕਾਤਮਕ ਸਬੰਧ ਇਕੋ ਜਿਹੇ ਨਹੀਂ ਇਸ ਕਰਕੇ ਕਾਰਕਾਂ ਦੀ ਗਿਣਤੀ ਵੀ ਹਰ ਭਾਸ਼ਾ ਵਿਚ ਇਕੋ ਜਿਹੀ ਨਹੀਂ।

ਵਿਆਕਰਨਕ ਸ਼ਰੇਣੀਆਂ ਨੂੰ (ਲਿੰਗ, ਵਚਨ, ਪੁਰਖ, ਕਾਲ, ਆਸਪੈਕਟ, ਵਾਚ, ਕਾਰਕ ਤੇ ਮੂਡ) ਵਿਚ ਵੰਡਿਆ ਜਾਂਦਾ ਹੈ। ਵਿਸ਼ਲੇਸ਼ਣ ਲਈ ਇਨ੍ਹਾਂ ਸ਼ਰੇਣੀਆਂ ਨੂੰ ਅੱਗੋਂ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ : (1) ਰੂਪਕ ਵਖਰੇਵਾਂ (2) ਅਰਥ ਪਰਕਤਾ ਅਤੇ (3) ਸ਼ਰੇਣੀਆਂ ਦਾ ਸ਼ਬਦ-ਸ਼ਰੇਣੀਆਂ 'ਤੇ ਪਰਭਾਵ। ਹਰ ਇਕ ਵਿਆਕਰਨਕ ਸ਼ਰੇਣੀ ਨੂੰ ਤਿੰਨ ਪੱਖਾਂ ਤੋਂ ਇਸ ਪਰਕਾਰ ਵਾਚਿਆ ਜਾ ਸਕਦਾ ਹੈ, ਜਿਵੇਂ : (1) ਸ਼ਰੇਣੀਆਂ ਦਾ ਪਰਭਾਵ ਸ਼ਬਦ-ਸ਼ਰੇਣੀ 'ਤੇ ਇਸ ਪਰਕਾਰ ਪੈਂਦਾ ਹੈ : ਲਿੰਗ (ਨਾਂਵ, ਵਿਸ਼ੇਸ਼ਣ ਤੇ ਕਿਰਿਆ), ਵਚਨ (ਨਾਂਵ, ਪੜਨਾਂਵ ਤੇ ਕਿਰਿਆ), ਪੁਰਖ (ਪੜਨਾਂਵ ਤੇ ਕਿਰਿਆ) ਅਤੇ ਕਾਲ, ਆਸਪੈਕਟ, ਵਾਚ ਤੇ ਮੂਡ (ਕਿਰਿਆ) (2) ਰੂਪਕ ਪੱਖ ਤੋਂ ਵਿਆਕਰਨਕ ਸ਼ਰੇਣੀਆਂ ਨੂੰ ਹਰ ਭਾਸ਼ਾ ਵਿਚ ਵੰਡਿਆ ਜਾ ਸਕਦਾ ਹੈ, ਜਿਵੇਂ : ਲਿੰਗ (ਪੁਲਿੰਗ, ਇਸਤਰੀ ਲਿੰਗ, ਨਿਪੁੰਸਕ, ਜਾਨਦਾਰ ਅਤੇ ਗੈਰ ਜਾਨਦਾਰ), ਵਚਨ (ਇਕ ਵਚਨ, ਦੋ ਵਚਨ ਅਤੇ ਬਹੁਵਚਨ), ਪੁਰਖ (ਪਹਿਲਾ, ਦੂਜਾ, ਤੀਜਾ ਤੇ ਚੌਥਾ ਪੁਰਖ), ਕਾਲ (ਵਰਤਮਾਨ, ਭੂਤ ਤੇ ਭਵਿਖਤ ਕਾਲ), ਵਾਚ (ਕਰਤਰੀ, ਕਰਮਣੀ, ਭਾਵ ਵਾਚ, ਪ੍ਰੇਰਕ), ਆਸਪੈਕਟ (ਪੂਰਨ ਤੇ ਅਪੂਰਨ), ਕਾਰਕ (ਸਧਾਰਨ, ਸਬੰਧਕੀ, ਸੰਪਰਦਾਨ ਆਦਿ) ਆਦਿ। (3) ਅਰਥ ਪਰਕਤਾ ਦੇ ਅਧਾਰ 'ਤੇ ਵਿਆਕਰਨਕ ਸ਼ਰੇਣੀਆਂ ਇਸ ਪਰਕਾਰ ਕਾਰਜ ਕਰਦੀਆਂ ਹਨ, ਜਿਵੇਂ : ਲਿੰਗ ਦੇ ਘੇਰੇ ਵਿਚ 'ਨਰ, ਮਦੀਨ, ਗੈਰ ਨਰਮਰਦ ਅਤੇ ਜਿਉਂਦੀਆਂ ਚੀਜ਼ਾਂ' ਨੂੰ ਸ਼ਾਮਲ ਕੀਤਾ ਜਾਂਦਾ ਹੈ। ਵਚਨ ਦੇ ਘੇਰੇ ਵਿਚ 'ਇਕ, ਦੋ, ਦੋ ਤੋਂ ਵਧੇਰੇ' ਆਦਿ ਚੀਜਾਂ ਨੂੰ ਸ਼ਾਮਲ

ਕੀਤਾ ਜਾਂਦਾ ਹੈ।- (ਬਲਦੇਵ ਸਿੰਘ ਚੀਮਾ)

ਵਚਨ

ਭਾਸ਼ਾ ਵਿਗਿਆਨ ਵਿੱਚ, ਵਚਨ ਇੱਕ ਵਿਆਕਰਨਿਕ ਸ਼੍ਰੇਣੀ ਹੁੰਦੀ ਹੈ, ਜੋ ਗਿਣਤੀ ਨਾਲ ਸੰਬੰਧਿਤ ਹੁੰਦੀ ਹੈ(ਜਿਵੇਂ "ਇੱਕ", ''ਦੋ", ''ਤਿੰਨ" ਅਤੇ "ਬਹੁਤ") ਅਤੇ ਇਸਦਾ ਅਸਰ ਨਾਂਵ, ਪੜਨਾਂਵ, ਵਿਸ਼ੇਸ਼ਣ ਅਤੇ ਕਿਰਿਆ ਸ਼੍ਰੇਣੀ ਦੇ ਸ਼ਬਦਾਂ ਵਿੱਚ ਦੇਖਣ ਨੂੰ ਮਿਲਦਾ ਹੈ। ਪੰਜਾਬੀ ਅਤੇ ਹੋਰ ਕਈ ਭਾਸ਼ਾਵਾਂ ਵਿੱਚ ਦੋ ਵਚਨ ਹਨ; ਇੱਕ ਵਚਨ ਅਤੇ ਬਹੁਵਚਨ। ਕੁਝ ਭਾਸ਼ਾਵਾਂ ਵਿੱਚ ਦੋ ਵਚਨ ਅਤੇ ਤਿੰਨ ਵਚਨ ਵੀ ਵੇਖਣ ਨੂੰ ਮਿਲਦੇ ਹਨ।ਵਿਆਕਰਨਿਕ ਵਚਨ ਦਾ ਨਾਂਵਾਂ ਦੇ ਅਸਲੀ ਵਚਨ ਨਾਲ ਸਿੱਧਾ ਸਿੱਧਾ ਸੰਬੰਧ ਨਹੀਂ ਹੈ। ਪੰਜਾਬੀ ਵਿੱਚ ਇਕੱਠਵਾਚੀ ਨਾਂਵਾਂ ਇੱਕ ਵਚਨ ਹਨ ਪਰ ਅਸਲ ਵਿੱਚ ਇਹ ਇੱਕ ਤੋਂ ਵੱਧ ਵਸਤਾਂ, ਵਿਅਕਤੀਆਂ, ਜੀਵਾਂ ਆਦਿ ਵੱਲ ਸੰਕੇਤ ਕਰਦੇ ਹਨ। ਮਿਸਾਲ ਵਜੋਂ ਪਰਿਵਾਰ, ਝੁੰਡ, ਕਬੀਲਾ, ਡਾਰ ਆਦਿ।

ਲਿੰਗ

ਕਿਸੇ ਵੀ ਭਾਸ਼ਾ ਦੇ ਵਿਆਕਰਨ ਦੇ ਖੇਤਰ ਵਿੱਚ 'ਲਿੰਗ' ਇੱਕ ਮਹੱਤਵਪੂਰਨ ਸੰਕਲਪ ਹੈ। ਇਸ ਦਾ ਸਿੱਧਾ ਸੰਬੰਧ ਭਾਸ਼ਾ ਦੀ ਸ਼ਬਦਾਵਲੀ ਨਾਲ ਜੁੜਦਾ ਹੈ। ਕਿਸੇ ਭਾਸ਼ਾ ਦੇ ਵਿਆਕਰਨ (ਭਾਸ਼ਾਈ ਵਰਤੋਂ ਵਿਉਂਤ ਦੇ ਨੇਮਾਂ ਦੀ ਉਹ ਪੁਸਤਕ ਜਿਸ ਅਧੀਨ ਭਾਸ਼ਾ ਵਰਤੀ ਜਾਂਦੀ ਹੈ) ਦੇ ਨਿਯਮ ਸਥਾਪਿਤ ਕਰਨ ਲਈ ਜਾਂ ਸਮਝਣ ਲਈ, ਸ਼ਬਦਾਵਲੀ ਦੀ ਵਰਤੋਂ ਵਿਉਂਤ ਦੇ ਕਈ ਪੱਖਾਂ ਵਿੱਚੋਂ 'ਲਿੰਗ' ਇੱਕ ਮਹੱਤਵਪੂਰਨ ਸੰਕਲਪ ਹੈ। ਇਸ ਸੰਕਲਪ ਲਈ ਅੰਗਰੇਜ਼ੀ ਭਾਸ਼ਾ ਵਿੱਚ Gender ਸ਼ਬਦ ਪ੍ਰਚਲਿਤ ਹੈ, ਜੋ ਕਿ ਆਪਣੀ ਮੂਲ ਭਾਸ਼ਾ ਲਾਤੀਨੀ ਦੇ ਸ਼ਬਦ Genus ਤੋਂ ਬਣਿਆ ਹੈ। Genus ਦਾ ਅਰਥ ਹੈ ਵਰਗ ਜਾਂ ਕਿਸਮ। ਇਸ ਅਰਥ ਦੇ ਆਧਾਰ ਤੇ ਹੀ ਭਾਸ਼ਾਵਾਂ ਵਿੱਚ ਸ਼ਬਦਾਂ ਦੀ ਵਰਤੋਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਵੱਖ-ਵੱਖ ਵਰਗ ਸਥਾਪਿਤ ਹੋਏ ਹਨ। ਸਧਾਰਨ ਅਰਥਾਂ ਵਿੱਚ 'ਨਰ' ਅਤੇ 'ਮਾਦਾ' ਦਾ ਭੇਦ ਦਰਸਾਉਣ ਵਾਲੇ ਸ਼ਬਦਾਂ ਦੇ ਵਰਗਾਂ ਨੂੰ 'ਲਿੰਗ' ਕਿਹਾ ਜਾਣ ਲੱਗ ਪਿਆ ਹੈ। 'ਨਰ' ਦਾ ਬੋਧ ਕਰਵਾਉਣ ਵਾਲੇ ਸ਼ਬਦਾਂ ਨੂੰ 'ਪੁਲਿੰਗ' ਅਤੇ 'ਮਾਦਾ' ਦਾ ਬੋਧ ਕਰਵਾਉਣ ਵਾਲੇ ਸ਼ਬਦਾਂ ਨੂੰ 'ਇਸਤਰੀ ਲਿੰਗ' ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ। ਇਹ ਵਰਗ ਵੰਡ ਕੁਦਰਤ ਵਿੱਚ ਪ੍ਰਾਪਤ ਲਿੰਗਕ ਭੇਦ ਦੇ ਆਧਾਰ ਤੇ ਹੀ ਕੀਤੀ ਗਈ।

ਪਰੰਤੂ ਭਾਸ਼ਾਵਾਂ ਵਿੱਚ ਸ਼ਬਦਾਂ ਦੇ ਵਰਤਾਰੇ ਨੂੰ ਧਿਆਨ ਵਿੱਚ ਰੱਖ ਕੇ ਜੇ ਉਪਰੋਕਤ ਵੰਡ ਨੂੰ ਆਧਾਰ ਬਣਾਇਆ ਜਾਵੇ ਤਾਂ ਇਹ ਪੂਰੀ ਤਰ੍ਹਾਂ ਸਹੀ ਨਹੀਂ ਉੱਤਰਦੀ। ਇਸ ਗੱਲ ਦੀ ਸਪਸ਼ਟਤਾ ਲਈ ਪੰਜਾਬੀ ਭਾਸ਼ਾ ਦੇ ਸੰਦਰਭ ਵਿੱਚ ਇਹ ਕਹਿਣਾ ਜ਼ਰੂਰੀ ਹੈ ਕਿ ਪੰਜਾਬੀ ਭਾਸ਼ਾ ਦੀ ਵਰਤੋਂ ਵਿਉਂਤ ਵਿੱਚ ਜਾਨਦਾਰ ਵਸਤਾਂ ਵਿੱਚ ਲਿੰਗਕ ਭੇਦ ਮੌਜੂਦ ਹੋਣ ਦੇ ਬਾਵਜੂਦ ਉਹਨਾਂ ਦਾ ਨਾਮ ਇੱਕੋ ਹੈ ਮਿਸਾਲ ਵਜੋਂ-ਇੱਲ, ਬਾਜ, ਤਿੱਤਲੀ, ਭੰਵਰਾ ਆਦਿ। ਇਸ ਤਰੁੱਟੀ ਦਾ ਹੱਲ ਵਿਦਵਾਨਾਂ/ਵਿਆਕਰਨਕਾਰਾਂ ਨੇ ਇਹ ਕਹਿ ਕੇ ਲੱਭਿਆ ਕਿ - ਈ ਅੰਤਿਕ ਸ਼ਬਦ ਇਸਤਰੀ ਲਿੰਗ ਹੋਣਗੇ ਤੇ -ਆ ਅੰਤਿਕ ਸ਼ਬਦ ਪੁਲਿੰਗ। ਪਰੰਤੂ ਅਜਿਹੀ ਵੰਡ ਵਿੱਚ ਪੰਜਾਬੀ ਭਾਸ਼ਾ ਦੇ ਸਾਰੇ ਸ਼ਬਦਾਂ ਦਾ ਸਮੋਣਾ ਔਖਾ ਸੀ।

ਕਿਉਂਕਿ ਬਹੁਤ ਸਾਰੀ -ਈ ਅੰਤਿਕ ਸ਼ਬਦ 'ਨਰ' ਹਨ ਅਤੇ -ਆ ਅੰਤਿਕ ਸ਼ਬਦ 'ਮਾਦਾ' ਹਨ, ਜਿਵੇਂ ਹਾਥੀ, ਤੇਲੀ, ਦਰਜੀ, ਮੋਚੀ ਆਦਿ ਪੁਲਿੰਗ ਦੇ ਤੌਰ ਤੇ ਵਰਤੇ ਜਾਂਦੇ ਹਨ ਅਤੇ ਭੂਆ, ਹਵਾ ਆਦਿ ਇਸਤਰੀ ਲਿੰਗ ਦੇ ਤੌਰ ਤੇ ਵਰਤੇ ਜਾਂਦੇ ਹਨ। ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਵਿੱਚ ਬੇਜਾਨ ਵਸਤਾਂ ਨੂੰ ਵੀ ਕੁਦਰਤੀ ਲਿੰਗ ਵਾਂਗ ਵਰਤਿਆ ਜਾਂਦਾ ਹੈ। ਜਿੱਥੇ ਕਿ ਵਿਆਕਰਨਕਾਰਾਂ ਨੇ 'ਆਕਾਰ' ਨੂੰ ਆਧਾਰ ਮਿੱਥ ਲਿਆ। ਇਸ ਨਿਯਮ ਵਿੱਚ ਵੀ ਥੋੜ੍ਹੀ ਦੇਰ ਬਾਅਦ ਵਿਆਕਰਨਕਾਰਾਂ ਨੂੰ ਸੋਧ ਕਰਨੀ ਪਈ, ਕਿਉਂਕਿ ਬਹੁਤ ਸਾਰੀ ਸ਼ਬਦਾਵਲੀ ਉਹਨਾਂ ਦੇ ਉਪਰੋਕਤ ਨਿਯਮ ਅਨੁਸਾਰ ਨਹੀਂ ਸੀ ਵਰਤੀ ਜਾਂਦੀ। ਉਹਨਾਂ ਦਾ ਨਿਯਮ ਸੀ ਕਿ ਵੱਡਾ ਆਕਾਰ 'ਪੁਲਿੰਗ' ਵਜੋਂ ਅਤੇ ਛੋਟਾ ਆਕਾਰ 'ਇਸਤਰੀ ਲਿੰਗ' ਵਜੋਂ ਵਰਤਿਆ ਜਾਵੇਗਾ। ਉਦਾਹਰਨਾਂ ਵਿੱਚ ਤਵਾ/ਤਵੀ, ਬੋਰਾ/ਬੋਰੀ ਨੂੰ ਲਿਆ ਜਾ ਸਕਦਾ ਹੈ। ਪੰਜਾਬੀ ਭਾਸ਼ਾ ਦੀ ਵਰਤੋਂ ਵਿਉਂਤ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ 'ਪੜਨਾਂਵ' ਸ਼੍ਰੇਣੀ ਦੇ ਸ਼ਬਦਾਂ ਦਾ ਵਰਤਾਰਾ ਵੀ ਕੁਦਰਤੀ ਲਿੰਗ ਪ੍ਰਥਾ ਨਾਲ ਮੇਲ ਨਹੀਂ ਖਾਂਦਾ। ਪੜਨਾਂਵ ਸ਼ਬਦ (ਮੈਂ, ਤੂੰ, ਤੁਸੀਂ, ਉਹ ਆਦਿ) ਵਿੱਚ ਲਿੰਗ ਭੇਦ ਨਹੀਂ ਹੈ। ਭਾਵੇਂ ਕੋਈ ਇਸਤਰੀ ਹੈ ਤੇ ਭਾਵੇਂ ਮਰਦ ਉਹ 'ਮੈਂ' ਸ਼ਬਦ ਦੀ ਵਰਤੋਂ ਹੀ ਕਰੇਗਾ।

ਪੰਜਾਬੀ ਭਾਸ਼ਾ ਦੀ ਸ਼ਬਦਾਵਲੀ ਦੀ ਵਰਤੋਂ ਵਿਉਂਤ ਨੂੰ ਵੇਖਦਿਆਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਵਿੱਚ ਸ਼ਬਦਾਂ ਦਾ ਵਰਤਾਰਾ ਕੁਦਰਤੀ ਲਿੰਗ ਪ੍ਰਥਾ ਵਾਲਾ ਨਹੀਂ, ਸਗੋਂ ਇਸ ਵਿੱਚ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਹੀ ਲਿੰਗ ਦਾ ਨਿਪਟਾਰਾ ਕਰ ਸਕਦੀ ਹੈ। ਇਸ ਕਾਰਨ ਪੰਜਾਬੀ ਭਾਸ਼ਾ ਵਿੱਚ ਵਿਆਕਰਨਿਕ ਲਿੰਗ ਮੌਜੂਦ ਹੈ ਨਾ ਕਿ ਕੁਦਰਤੀ ਲਿੰਗ ਪ੍ਰਣਾਲੀ। ਸ਼ਬਦਾਂ ਦੇ ਵਾਕਾਂ ਵਿੱਚ ਨਿਪਟਾਰੇ ਦੌਰਾਨ /-ਆ/ ਅੰਤਿਕ ਜਾਂ ਕੰਨੇ ਨਾਲ ਖ਼ਤਮ ਹੋਣ ਵਾਲੇ ਸ਼ਬਦ ਪੁਲਿੰਗ ਅਖਵਾਉਣਗੇ ਅਤੇ -ਈ ਅੰਤਿਕ ਜਾਂ ਬਿਹਾਰੀ ਨਾਲ ਖ਼ਤਮ ਹੋਣ ਵਾਲੇ ਸ਼ਬਦ ਇਸਤਰੀ ਲਿੰਗ ਅਖਵਾਉਣਗੇ। ਕਿਹਾ ਜਾ ਸਕਦਾ ਹੈ ਕਿ ਸ਼ਬਦਾਂ ਦਾ 'ਨਰ' ਅਤੇ 'ਮਾਦਾ' ਵਜੋਂ ਵਿਚਰਨ ਨੂੰ ਲਿੰਗ ਕਿਹਾ ਜਾਂਦਾ ਹੈ ਅਤੇ 'ਲਿੰਗ' ਦੀਆਂ ਦੋ ਪ੍ਰਣਾਲੀਆਂ ਕੁਦਰਤੀ ਲਿੰਗ ਤੇ ਵਿਆਕਰਨਿਕ ਲਿੰਗ ਹੁੰਦੀਆਂ ਹਨ। ਪੰਜਾਬੀ ਭਾਸ਼ਾ ਵਿੱਚ ਵਿਆਕਰਨਿਕ ਲਿੰਗ ਪ੍ਰਣਾਲੀ ਮੌਜੂਦ ਹੈ। ਜਿਸ ਅਧੀਨ ਨਾਂਵ/ਵਿਸ਼ੇਸ਼ਣ/ਕਿਰਿਆ ਆਦਿ ਸਾਰੇ ਵਿਕਾਰੀ ਸ਼ਬਦ ਆਪਸ ਵਿੱਚ ਇੱਕ-ਦੂਜੇ ਦੇ ਹਾਣੀ ਬਣ ਕੇ ਵਾਕਾਂ ਵਿੱਚ ਵਿਚਰਦੇ ਹਨ।-(ਕਵਲਜੀਤ ਜੱਸਲ)

ਕਾਲ

ਕਾਲ ਤੋਂ ਭਾਵ ਉਸ ਸਮੇਂ ਤੋਂ ਹੈ ਜਿਸ ਵਿੱਚ ਕਿਰਿਆ ਦਾ ਕੋਈ ਕੰਮ ਹੁੰਦਾ ਹੈ।ਕਾਲ ਦੀਆਂ ਤਿੰਨ ਕਿਸਮਾਂ ਹੁੰਦੀਆਂ ਹਨ।1. ਵਰਤਮਾਨ ਕਾਲ 2. ਭੂਤ ਕਾਲ 3. ਭਵਿੱਖਤ ਕਾਲ। ਭੂਤ ਕਾਲ ਦੇ ਪੰਜ ਰੂਪ ਹੁੰਦੇ ਹਨ।ਵਰਤਮਾਨ ਕਾਲ ਦੇ ਛੇ ਰੂਪ ਹੁੰਦੇ ਹਨ। ਭਵਿੱਖਤ ਕਾਲ ਦੀਆਂ ਪੰਜ ਕਿਸਮਾਂ ਹੁੰਦੀਆਂ ਹਨ।

ਵਾਚ

'ਵਾਚ' ਭਾਸ਼ਾ ਦਾ ਇੱਕ ਅਜਿਹਾ ਵਿਆਕਰਨਿਕ ਸੰਕਲਪ ਜਾਂ ਸ਼੍ਰੇਣੀ ਹੈ ਜਿਸ ਦਾ ਪ੍ਰਗਟਾਵਾ ਸਮੁੱਚੀ ਵਾਕ ਬਣਤਰ ਵਿੱਚੋਂ ਹੁੰਦਾ ਹੈ। ਵਾਕ ਦੀ ਵਾਚ ਬਦਲੀ ਨਾਲ ਕਿਰਿਆ ਵਾਕਾਂਸ਼ ਵਿੱਚ ਰੂਪ ਪਰਿਵਰਤਨ ਹੋ ਜਾਂਦਾ ਹੈ ਅਤੇ ਨਾਂਵ ਵਾਕਾਂਸ਼ਾਂ ਦਾ ਸਥਾਨ ਬਦਲ ਜਾਂਦਾ ਹੈ। ਇਉਂ ਵਾਚ ਦੇ ਬਦਲਣ ਨਾਲ ਸਮੁੱਚੇ ਵਾਕ ਦੇ ਸਰੂਪ ਵਿੱਚ ਪਰਿਵਰਤਨ ਹੋ

ਜਾਂਦਾ ਹੈ ਪਰ ਬਣਤਰ ਦੇ ਪੱਧਰ ਉੱਤੇ ਵਾਕ ਬਣਤਰਾਂ ਭਿੰਨ ਹੁੰਦੀਆਂ ਹੋਈਆਂ ਵੀ ਅਰਥਗਤ ਪੱਖੋਂ ਕਿਸੇ ਹੱਦ ਤੱਕ ਸਮਾਨਤਾ ਰੱਖਦੀਆਂ ਹਨ। ਕਰਤਰੀਵਾਚ ਭਾਸ਼ਾਈ ਘਟਨਾਕ੍ਰਮ ਨੂੰ ਸਾਕਾਰ ਕਰਦਾ ਹੈ ਜਦ ਕਿ ਕਰਮਣੀ ਵਾਚ ਘਟਨਾ ਕ੍ਰਮ ਦੇ ਪ੍ਰਭਾਵ ਵਜੋਂ ਹੋਂਦ ਵਿੱਚ ਆਈ ਭਾਸ਼ਾਈ ਸਥਿਤੀ ਨੂੰ ਉਜਾਗਰ ਕਰਦਾ ਹੈ। ਪੰਜਾਬੀ ਭਾਸ਼ਾ ਵਿੱਚ ਹੇਠ ਲਿਖੇ ਦੋ ਵਾਚ ਮਿਲਦੇ ਹਨ:

ਕਰਤਰੀ ਵਾਚ : ਬੱਚਾ ਕਿਤਾਬ ਪੜ੍ਹਦਾ ਹੈ।

ਕਰਮਣੀ ਵਾਚ : ਕਿਤਾਬ ਬੱਚੇ ਦੁਆਰਾ ਪੜ੍ਹੀ ਗਈ।

ਪਹਿਲੇ ਕਰਤਰੀਵਾਚੀ (active voice) ਵਾਕ ਵਿੱਚ (ਬੱਚਾ) ਕਰਤਾ ਨਾਂਵ ਹੈ। (ਕਿਤਾਬ) ਕਰਮ ਨਾਂਵ ਹੈ ਅਤੇ (ਪੜ੍ਹਦਾ ਹੈ) ਕਿਰਿਆ ਵਾਕਾਂਸ਼ ਹੈ। ਕਿਰਿਆ ਦਾ ਕਰਤਾ ਨਾਲ ਲਿੰਗ ਅਤੇ ਵਚਨ ਦਾ ਮੇਲ ਹੈ। ਦੂਜੇ ਕਰਮਣੀਵਾਚੀ (passive voice) ਵਾਕ ਵਿੱਚ ਕਰਤਾ (ਬੱਚਾ) ਆਪਣਾ ਰੂਪ ਬਦਲ ਕੇ (ਬੱਚੇ) ਦੇ ਰੂਪ ਵਿੱਚ ਕਰਮ ਦੇ ਸਥਾਨ ਤੇ ਚਲਾ ਗਿਆ ਹੈ ਅਤੇ (ਕਿਤਾਬ) ਕਰਮ ਦਾ ਸਥਾਨ ਛੱਡ ਕੇ ਕਰਤਾ (ਉਦੇਸ਼) ਦੇ ਸਥਾਨ ਉੱਤੇ ਚਲੀ ਗਈ ਹੈ। (ਪੜ੍ਹਦਾ ਹੈ) ਕਿਰਿਆ ਵਾਕਾਂਸ਼ ਦਾ ਰੂਪ ਹੀ (ਪੜ੍ਹੀ ਗਈ) ਹੋ ਗਿਆ ਹੈ। ਇਸ ਵਾਕ ਵਿੱਚ ਇੱਕ ਨਵਾਂ ਸ਼ਬਦ (ਦੁਆਰਾ) ਵੀ ਆ ਗਿਆ ਹੈ।

ਅਰਥਾਂ ਦੇ ਪੱਖ ਤੋਂ ਵੇਖੀਏ ਤਾਂ (ਕਿਤਾਬ) ਨੂੰ ਪੜ੍ਹਨ ਵਾਲਾ ਕਰਤਾ (ਬੱਚਾ) ਹੀ ਹੈ ਅਤੇ ਪੜ੍ਹੇ ਜਾਣ ਵਾਲੀ ਵੀ (ਕਿਤਾਬ) ਹੀ ਹੈ। ਇਸ ਲਈ ਕਿਤਾਬ ਸਿਰਫ਼ ਸਥਾਨ ਦੇ ਪੱਖ ਤੋਂ ਕਰਤਾ (ਉਦੇਸ਼) ਦੇ ਸਥਾਨ ਉੱਤੇ ਚਲੀ ਗਈ ਹੈ। (ਪੜ੍ਹਦਾ ਹੈ) ਕਿਰਿਆ ਵਾਕਾਂਸ਼ ਦਾ ਰੂਪ ਵੀ (ਪੜ੍ਹੀ ਗਈ) ਹੋ ਗਿਆ ਹੈ। ਇਸ ਵਾਕ ਵਿੱਚ ਇੱਕ ਨਵਾਂ ਸ਼ਬਦ (ਦੁਆਰਾ) ਵੀ ਆ ਗਿਆ ਹੈ।

ਅਰਥਾਂ ਦੇ ਪੱਖ ਤੋਂ ਵੇਖੀਏ ਤਾਂ (ਕਿਤਾਬ) ਨੂੰ ਪੜ੍ਹਨ ਵਾਲਾ ਕਰਤਾ (ਬੱਚਾ) ਹੀ ਹੈ ਅਤੇ ਪੜ੍ਹੇ ਜਾਣ ਵਾਲੀ ਵੀ (ਕਿਤਾਬ) ਹੀ ਹੈ। ਇਸ ਲਈ ਕਿਤਾਬ ਸਿਰਫ਼ ਸਥਾਨ ਦੇ ਪੱਖ ਤੋਂ ਕਰਤਾ (ਉਦੇਸ਼) ਦੇ ਸਥਾਨ ਉੱਤੇ ਆਈ ਹੈ। ਇਸ ਲਈ ਇਸ ਨੂੰ 'ਵਿਆਕਰਨਿਕ ਕਰਤਾ' ਹੀ ਕਿਹਾ ਜਾਂਦਾ ਹੈ। ਅਜਿਹੀ ਸਥਿਤੀ ਵਿੱਚ (ਬੱਚਾ) ਤਾਰਕਿਕ ਕਰਤਾ ਹੈ। ਪਰ ਇਸ ਤਬਦੀਲੀ ਨਾਲ ਤਾਰਕਿਕ ਕਰਤਾ (ਬੱਚਾ) ਅਕਿਰਿਆਸ਼ੀਲ ਜ਼ਰੂਰ ਹੋ ਗਿਆ ਹੈ। ਭਾਵ ਕਿਰਿਆ ਵਾਕਾਂਸ਼ ਵਿੱਚ (ਬੱਚਾ) ਤਾਰਕਿਕ ਕਰਤਾ ਦਾ ਪ੍ਰਗਟਾਵਾ ਪਹਿਲਾਂ ਜਿੰਨਾ ਨਿਸ਼ਚੇ ਮੂਲਕ ਨਹੀਂ ਹੈ। ਇਉਂ ਕਿਹਾ ਜਾ ਸਕਦਾ ਹੈ ਕਿ ਕਰਤਰੀ ਕਰਤਾ ਦਾ ਪ੍ਰਗਟਾਵਾ ਪਹਿਲਾਂ ਜਿੰਨਾ ਨਿਸ਼ਚੇਮੂਲਕ ਹੀ ਹੈ। ਇਉਂ ਕਿਹਾ ਜਾ ਸਕਦਾ ਹੈ ਕਿ ਕਰਤਰੀ ਵਾਚ ਵਿੱਚ ਤਾਰਕਿਕ ਕਰਤਾ ਕਿਰਿਆਸ਼ੀਲ ਹੁੰਦਾ ਹੈ ਅਤੇ ਕਰਮਵਾਚ ਵਿੱਚ ਅਕਿਰਿਆਸ਼ੀਲ ਹੋ ਜਾਂਦਾ ਹੈ। ਨਾਲੇ ਇਸ ਤਬਦੀਲੀ ਨਾਲ ਸਮੇਂ ਦਾ (ਕਾਰਜ-ਕਾਰਕ) ਸੰਬੰਧ ਵੀ ਸਾਮ੍ਹਣੇ ਆਉਂਦਾ ਹੈ। ਕਰਤਰੀਵਾਚ ਕਾਰਜ ਨਾਲ ਸੰਬੰਧਿਤ ਹੁੰਦਾ ਹੈ ਅਤੇ ਕਰਮਵਾਚ ਕਾਰਨ ਨਾਲ ਸੰਬੰਧਿਤ ਹੁੰਦਾ ਹੈ ਭਾਵ ਕੰਮ

ਕਿਸ ਰਾਹੀਂ ਹੋਇਆ; ਉਸ ਦਾ ਸਾਧਨ ਕੀ ਹੈ ਅਰਥਾਤ ਕਰਮਵਾਚ ਵਿੱਚ, ਕਰਤਰੀਵਾਚ ਦਾ ਕਰਤਾ 'ਸਾਧਨ' ਬਣ ਜਾਂਦਾ ਹੈ।

ਵਾਚ ਬਦਲੀ ਕਾਰਨ ਦੂਜੀ ਤਬਦੀਲੀ ਕਿਰਿਆ ਦੇ ਰੂਪ ਵਿੱਚ ਆਉਂਦੀ ਹੈ। ਜਿਵੇਂ ਉਪਰੋਕਤ ਵਾਕ ਵਿੱਚ 'ਪੜ੍ਹਦਾ' ਵਰਤਮਾਨ ਕਾਲੀ ਕਿਰਿਆ 'ਪੜ੍ਹੀ' ਭੂਤਕਾਲੀ ਰੂਪ ਵਿੱਚ ਬਦਲ ਗਈ ਹੈ ਅਤੇ (ਹੈ), ਸਹਾਇਕ ਕਿਰਿਆ ਦੀ ਥਾਂ (ਗਿਆ) ਕਿਰਿਆ ਰੂਪ ਆ ਗਿਆ ਹੈ ਜਾਂ ਇਸ ਤਰ੍ਹਾਂ ਦੇ ਹੋਰ ਰੂਪ ਵੀ ਆ ਜਾਂਦੇ ਹਨ।

ਇਸ ਤੋਂ ਇਲਾਵਾ ਪੰਜਾਬੀ ਵਿੱਚ ਅਜਿਹੇ ਵਾਕ ਵੀ ਹਨ ਜਿਨ੍ਹਾਂ ਵਿੱਚ ਕਰਤਾ ਅਤੇ ਕਰਮ ਦੋਵੇਂ ਅਣਉਪਸਥਿਤ ਹੁੰਦੇ ਹਨ :ਅੱਜ ਬਹੁਤ ਖੇਡਿਆ ਗਿਆ।ਅਜਿਹੇ ਰੂਪਾਂ ਨੂੰ ਭਾਵਵਾਚ ਦਾ ਨਾਂ ਦਿੱਤਾ ਜਾਂਦਾ ਹੈ।

ਇਸ ਵਿਚਾਰ-ਵਿਮਰਸ਼ ਦੇ ਆਧਾਰ ਉੱਤੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਵਿੱਚ ਤਿੰਨ ਵਾਚ ਹਨ- ਕਰਤੀ ਵਾਚ, ਕਰਮਣੀ ਵਾਚ, ਤੇ ਭਾਵ ਵਾਚ।- (ਬੂਟਾ ਸਿੰਘ ਬਰਾੜ)

ਪੁਰਖ

ਜਿਹੜੇ ਸ਼ਬਦ ਅਸੀਂ ਆਪਣੇ ਜਾਂ ਦੂਜੇ ਪੁਰਖਾਂ ਦੇ ਨਾ ਦੀ ਥਾਂ ਤੇ ਵਰਤਦੇ ਹਾਂ, ਉਹਨਾ ਨੂੰ ਪੁਰਖ–ਵਾਚਕ ਪੜਨਾਂਵ ਕਿਹਾ ਜਾਂਦਾ ਹੈ ਜਿਵੇ- ਮੈਂ, ਤੁਸੀ, ਉਹ ਆਦਿ।

ਪੁਰਖ – ਵਾਚਕ ਪੜਨਾਂਵ 3 ਪ੍ਰਕਾਰ ਦੇ ਹੁੰਦੇ ਹਨ:

(1) ਉੱਤਮ ਪੁਰਖ ਜਾਂ ਪਹਿਲਾ ਪੁਰਖ

(2) ਮੱਧਮ ਪੁਰਖ ਜਾਂ ਦੂਜਾਂ ਪੁਰਖ

(3) ਅਨਯ ਪੁਰਖ ਜਾਂ ਤੀਜਾ ਪੁਰਖ

(1) ਉੱਤਮ ਪੁਰਖ ਜਾਂ ਪਹਿਲਾ ਪੁਰਖ- ਜਿਹੜਾ ਪੁਰਖ ਗੱਲ ਕਰਦਾ ਹੋਵੇ,ਉਸ ਨੂੰ ਉੱਤਮ ਪੁਰਖ ਜਾਂ ਪਹਿਲਾ ਪੁਰਖ ਕਿਹਾ ਜਾਂਦਾ ਹੈ।ਜਿਵੇ- ਮੈਂ, ਮੈਨੂੰ, ਅਸੀ, ਸਾਡਾ ਆਦਿ।

(2) ਮੱਧਮ ਪੁਰਖ ਜਾਂ ਦੂਜਾਂ ਪੁਰਖ – ਜਿਸ ਪੁਰਖ ਨਾਲ ਗੱਲ ਕੀਤੀ ਜਾਵੇ, ਉਸ ਨੂੰ ਮੱਧਮ ਪੁਰਖ ਜਾਂ ਦੂਜਾਂ ਪੁਰਖ ਕਿਹਾ ਜਾਂਦਾ ਹੈ।ਜਿਵੇ-ਤੂੰ, ਤੁਸੀ, ਤੇਰਾ, ਤੁਹਾਡਾ ਆਦਿ।

(3) ਅਨਯ ਪੁਰਖ ਜਾਂ ਤੀਜਾ ਪੁਰਖ- ਜਿਸ ਪੁਰਖ ਬਾਰੇ ਗੱਲ ਕੀਤੀ ਜਾਵੇ, ਉਸ ਨੂੰ ਅਨਯ ਪੁਰਖ ਜਾਂ ਤੀਜਾ ਪੁਰਖ ਕਿਹਾ ਜਾਂਦਾ ਹੈ।ਜਿਵੇ-ਉਹ, ਉਹਨਾ।

1.1.7.6 ਕਾਰਕ ਅਤੇ ਆਸਪੈਕਟ ਦੀ ਸਥਾਪਨਾ ਦੇ ਆਧਾਰ

ਕਾਰਕ

ਨਾਂਵ ਅਤੇ ਪੜਨਾਂਵ ਸ਼ਬਦ ਕਈ ਤਰ੍ਹਾਂ ਨਾਲ ਰੂਪ ਵਟਾਉਂਦੇ ਹਨ, ਜਿਵੇਂ ਲਿੰਗ ਪੱਖੋਂ (ਲੜਕਾ-ਲੜਕੀ) ਅਤੇ ਵਚਨ ਪੱਖੋਂ (ਲੜਕਾ-ਲੜਕੇ)। ਇਵੇਂ ਹੀ ਨਾਂਵ ਅਤੇ ਪੜਨਾਂਵ ਸ਼ਬਦ ਕਾਰਕ ਪੱਖੋਂ ਵੀ ਰੂਪ ਵਟਾਉਂਦੇ ਹਨ, ਜਿਵੇਂ 'ਮੈਂ' ਤੋਂ 'ਮੈਨੂੰ' 'ਘਰ' ਤੋਂ 'ਘਰੋਂ'। ਨਾਂਵ ਜਾਂ ਪੜਨਾਂਵ ਸ਼ਬਦਾਂ ਦੀ ਇਹ ਰੂਪ ਬਦਲੀ ਕਿਸੇ ਵਾਕ ਵਿੱਚ ਉਸ ਨਾਂਵ ਜਾਂ ਪੜਨਾਂਵ ਵੱਲੋਂ ਨਿਭਾਏ ਜਾ ਰਹੇ ਕਾਰਜ 'ਤੇ ਨਿਰਭਰ ਕਰਦੀ ਹੈ। ਮਿਸਾਲ ਲਈ ਹੇਠਲੇ ਦੋ ਵਾਕ ਲਏ ਜਾ ਸਕਦੇ ਹਨ :-

1.ਤੂੰ ਉਹਨੂੰ ਬੁਲਾਉਂਦਾ ਹੈ।

2.ਉਹ ਤੈਨੂੰ ਬੁਲਾਉਂਦਾ ਹੈ।

ਇਹਨਾਂ ਵਾਕਾਂ ਵਿੱਚ ਪਹਿਲੇ ਵਾਕ ਵਾਲਾ 'ਤੂੰ' ਦੂਜੇ ਵਾਕ ਵਿੱਚ 'ਤੈਨੂੰ' ਵਿੱਚ ਬਦਲ ਜਾਂਦਾ ਹੈ। ਇਹ 'ਤੂੰ' ਦੇ ਦੋ ਵੱਖ-ਵੱਖ ਕਾਰਕੀ ਰੂਪ ਹਨ। ਇਸ ਦਾ ਕਾਰਨ ਇਹ ਹੈ ਕਿ (1) ਵਾਕ ਵਿੱਚ 'ਤੂੰ' ਬੁਲਾਉਣ ਵਾਲਾ ਹੈ ਪਰ (2) ਵਾਕ ਵਿੱਚ 'ਤੈਨੂੰ' ਬੁਲਾਇਆ ਜਾਣ ਵਾਲਾ ਹੈ। ਇਸ ਤਰ੍ਹਾਂ ਕਾਰਕ ਦਾ ਸੰਬੰਧ ਕਿਸੇ ਨਾਂਵ ਜਾਂ ਪੜਨਾਂਵ ਵੱਲੋਂ ਵਾਕ ਵਿੱਚ ਨਿਭਾਏ ਜਾ ਰਹੇ ਕਾਰਜ ਨਾਲ ਸੰਬੰਧਿਤ ਹੈ।

ਕਾਰਕ ਦੀ ਪਰਿਭਾਸ਼ਾ ਕਾਰਜ ਜਾਂ ਅਰਥ ਦੇ ਨਾਲ- ਨਾਲ ਬਣਤਰ ਦੇ ਪੱਖ ਤੋਂ ਵੀ ਕੀਤੀ ਜਾਂਦੀ ਹੈ। ਮਿਸਾਲ ਲਈ ਜਦੋਂ ਕੋਈ ਨਾਂਵ ਜਾਂ ਪੜਨਾਂਵ ਸੰਬੰਧਕ (ਕੋਲ, ਤੋਂ, ਲਈ ਆਦਿ) ਤੋਂ ਪਹਿਲਾਂ ਆਉਂਦਾ ਹੈ ਤਾਂ ਉਸ ਦਾ ਰੂਪ ਬਦਲ ਜਾਂਦਾ ਹੈ :

3.ਮੈਂ + ਕੋਲ = ਮੇਰੇ ਕੋਲ

4.ਲੜਕਾ + ਕੋਲ = ਲੜਕੇ ਕੋਲ

ਇਸ ਤਰ੍ਹਾਂ ਹੀ ਕਿਰਿਆ ਵੀ ਪੜਨਾਂਵ ਦੇ ਰੂਪ ਨੂੰ ਬਦਲ ਦਿੰਦੀ ਹੈ :

5. ਉਹ + ਬੁਲਾਇਆ = ਉਹ ਨੂੰ ਬੁਲਾਇਆ।

6. ਮੈਂ + ਬੁਲਾਇਆ = ਮੈਨੂੰ ਬੁਲਾਇਆ।

ਇਸ ਤਰ੍ਹਾਂ ਮੇਰੇ, ਲੜਕੇ, ਉਹਨੂੰ, ਮੈਨੂੰ ਤਰਤੀਬਵਾਰ ਮੈਂ, ਲੜਕਾ, ਉਹ, ਮੈਂ ਦੇ ਕਾਰਕੀ ਰੂਪ ਹਨ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਾਰਕ ਦੀ ਪਰਿਭਾਸ਼ਾ ਕਾਰਜ/ਅਰਥ ਅਤੇ ਬਣਤਰ ਦੋਹਾਂ ਆਧਾਰਾਂ `ਤੇ ਕੀਤੀ ਗਈ ਹੈ। ਪਹਿਲੇ ਵਿਆਕਰਨਾਂ ਵਿੱਚ ਅਰਥ ਨੂੰ ਆਧਾਰ ਬਣਾਇਆ ਗਿਆ ਹੈ ਪਰ ਅਜੋਕੇ ਵਿਆਕਰਨਾਂ ਵਿੱਚ ਬਣਤਰ ਨੂੰ ਪਹਿਲ ਦਿੱਤੀ ਗਈ ਹੈ।

ਨਾਂਵ ਅਤੇ ਪੜਨਾਂਵ ਕਾਰਕ ਦੇ ਆਧਾਰ ’ਤੇ ਕਈ ਤਰ੍ਹਾਂ ਨਾਲ ਰੂਪ ਵਟਾ ਸਕਦੇ ਹਨ, ਜਿਵੇਂ ‘ਮੈਂ’ ਤੋਂ ‘ਮੈਨੂੰ’, ‘ਮੇਰਾ’, ‘ਮੈਥੋਂ’ ਜਾਂ ‘ਘਰ’ ਤੋਂ ‘ਘਰੇ’, ‘ਘਰੋਂ’, ‘ਘਰੀਂ’। ਇਹਨਾਂ ਵੱਖ-ਵੱਖ ਕਾਰਕ ਰੂਪਾਂ ਨੂੰ ਵੱਖ-ਵੱਖ ਨਾਂ ਦਿੱਤੇ ਗਏ ਹਨ, ਮੇਰਾ (ਸੰਬੰਧ ਕਾਰਕ ਪਰਿਭਾਸ਼ਾ ਅੱਗੇ ਦਿੱਤੀ ਗਈ ਹੈ), ਮੈਨੂੰ (ਕਰਮ ਕਾਰਕ), ਮੈਥੋਂ (ਅਪਾਦਾਨ ਕਾਰਕ)।

ਬਹੁਤੀ ਵਾਰ ਵੱਖ-ਵੱਖ ਭਾਸ਼ਾਵਾਂ ਵਿੱਚ ਕਾਰਕ ਪੱਖੋਂ ਸਥਿਤੀ ਵੱਖਰੀ-ਵੱਖਰੀ ਹੁੰਦੀ ਹੈ। ਮਿਸਾਲ ਲਈ ਅੰਗਰੇਜ਼ੀ ਪੜਨਾਂਵਾਂ ਦੇ ਤਿੰਨ ਰੂਪ ਹਨ-(I, me, my) ਜਦੋਂ ਕਿ ਪੰਜਾਬੀ ਵਿੱਚ ਚਾਰ (ਮੈਂ, ਮੈਨੂੰ, ਮੇਰਾ, ਮੈਥੋਂ)। ਅੰਗਰੇਜ਼ੀ ਵਿੱਚ ਨਾਂਵ ਕਾਰਕ ਪੱਖੋਂ ਬਿਲਕੁਲ ਹੀ ਰੂਪ ਨਹੀਂ ਬਦਲਦੇ ਜਿਵੇਂ ‘home’ ਪਰ ਪੰਜਾਬੀ ਵਿੱਚ ਘਰ, ਘਰੇ, ਘਰੋਂ, ਘਰੀ। ਭਾਸ਼ਾ ਵਿੱਚ ਕਾਰਕ ਦਾ ਪ੍ਰਗਟਾਵਾ ਕਈ ਢੰਗਾਂ ਨਾਲ ਹੋ ਸਕਦਾ ਹੈ :

(ੳ) ਸਥਾਨ ਰਾਹੀਂ : ਦੋ ਵਾਕਾਂ ‘ਸ਼ੇਰ ਆਦਮੀ ਖਾਂਦਾ ਹੈ’ ਅਤੇ ‘ਆਦਮੀ ਸ਼ੇਰ ਖਾਂਦਾ ਹੈ।’ ਵਿੱਚ ‘ਆਦਮੀ’ ਦਾ ਕਾਰਜ ਵੱਖਰਾ ਹੈ। ਪਹਿਲੇ ਵਾਕ ਵਿੱਚ ‘ਆਦਮੀ’ ਕਰਤਾ (ਕਰਨ ਵਾਲਾ) ਹੈ ਪਰ ਦੂਜੇ ਵਿੱਚ ਕਰਮ (ਜਿਸ ’ਤੇ ਕਾਰਜ ਹੁੰਦਾ ਹੈ)। ਪਰ ਇਸ ਫ਼ਰਕ ਦਾ ਪ੍ਰਗਟਾਵਾ ਵਾਕ ਵਿੱਚ ‘ਆਦਮੀ’ ਦੀ ਥਾਂ ਰਾਹੀਂ ਹੁੰਦਾ ਹੈ।

(ਅ) ਪ੍ਰਤੱਖ ਚਿੰਨ੍ਹ ਰਾਹੀਂ : ‘ਜੁਗਿੰਦਰ ਨੇ ਸੁਰਿੰਦਰ ਨੂੰ ਬੁਲਾਇਆ’ ਵਾਕ ਵਿੱਚ ‘ਜੁਗਿੰਦਰ’ ਅਤੇ ‘ਸੁਰਿੰਦਰ’ ਦੇ ਕਾਰਜ ਦਾ ਪ੍ਰਗਟਾਵਾ ‘ਨੇ’ ਅਤੇ ‘ਨੂੰ’ ਰਾਹੀਂ ਹੁੰਦਾ ਹੈ। ਇੱਥੇ ਤਰਤੀਬ ਬਦਲ ਦੇਣ ਨਾਲ ਵੀ ਵਾਕ ਦੇ ਅਰਥ ਵਿੱਚ ਕੋਈ ਅੰਤਰ ਨਹੀਂ ਆਉਂਦਾ, ‘ਸੁਰਿੰਦਰ ਨੂੰ ਜੁਗਿੰਦਰ ਨੇ ਬੁਲਾਇਆ ਦਾ ਅਰਥ ਉਹੀ ਹੈ, ਜੋ ਜੁਗਿੰਦਰ ਨੇ ਸੁਰਿੰਦਰ ਨੂੰ ਬੁਲਾਇਆ’ ਦਾ ਹੈ।

ਇਹ ਪ੍ਰਤੱਖ ਚਿੰਨ੍ਹ ਦੋ ਤਰ੍ਹਾਂ ਦੇ ਹੋ ਸਕਦੇ ਹਨ, ਇੱਕ ਵਿਭਕਤੀ ਅਤੇ ਦੂਜਾ ਸੰਬੰਧਕ। ਵਿਭਕਤੀ ਨਾਂਵ ਜਾਂ ਪੜਨਾਂਵ ਸ਼ਬਦ ਨਾਲ ਮੁੜ ਕੇ ਆਉਂਦੀ ਹੈ, ਜਿਵੇਂ ‘ਘਰੋਂ’ ਵਿੱਚੋਂ ‘ਤੋਂ’ ਹੈ ਅਤੇ ਸੰਬੰਧਕ ਵੱਖਰਾ, ਸ਼ਬਦ ਹੁੰਦਾ ਹੈ, ਜਿਵੇਂ ‘ਘਰ ਤੋਂ’ ਵਿੱਚ ‘ਤੋਂ’ ਹੈ।

ਪੰਜਾਬੀ ਵਿੱਚ ਨਾਂਵਾਂ ਅਤੇ ਪੜਨਾਂਵਾਂ ਦੇ ਕਾਰਜ ਦੇ ਆਧਾਰ ’ਤੇ ਹੇਠ ਦਿੱਤੇ ਕਾਰਕ ਮਿਲਦੇ ਹਨ :

ਸਧਾਰਨ ਕਾਰਕ : ਇਹ ਵਿਸ਼ੇ ਦਾ ਕਾਰਕ ਹੈ। ਇਸ ਵਿੱਚ ਨਾਂਵ ਜਾਂ ਪੜਨਾਂਵ ਆਪਣੇ ਮੂਲ ਰੂਪ ਵਿੱਚ ਹੁੰਦੇ ਹਨ, ਯਾਨੀ ਕਿ ਕੋਈ ਰੂਪ ਨਹੀਂ ਵਟਾਉਂਦੇ ਅਤੇ ਨਾ ਹੀ ਉਹਨਾਂ ਤੋਂ ਬਾਅਦ ਕੋਈ ਸੰਬੰਧਕ ਆਉਂਦਾ ਹੈ। -(ਜੋਗਾ ਸਿੰਘ)

ਆਸਪੈਕਟ ਦੀ ਸਥਾਪਨਾ ਦੇ ਆਧਾਰ

ਆਸਪੈਕਟ ਦਾ ਸਬੰਧ ਸਮੇਂ ਦੀ ਗਤੀਵਿਧੀ ਨੂੰ ਬਿਆਨ ਕਰਨਾ ਹੁੰਦਾ ਹੈ ਜਿਵੇਂ : 'ਗੱਡੀ ਚੱਲ ਰਹੀ ਹੈ' ਵਿਚੋਂ ਵਰਤਮਾਨ ਕਾਲ ਦੀ ਸੂਚਨਾ ਮਿਲਦੀ ਹੈ ਅਤੇ ਆਸਪੈਕਟ ਦੇ ਪੱਖ ਤੋਂ ਇਹ ਵਾਕ ਗਤੀਸ਼ੀਲਤਾ ਦਾ ਸੂਚਕ ਹੈ।ਆਸਪੈਕਟ ਇਕ ਅਜਿਹੀ ਵਿਆਕਰਨਕ ਸ਼ਰੇਣੀ ਹੈ ਜੋ ਕਿਰਿਆ ਰੂਪਾਂ ਦੇ ਨਾਲ ਨਾਲ ਸਮੁੱਚੇ ਕਿਰਿਆ ਵਾਕੰਸ਼ ਤੋਂ ਉਜਾਗਰ ਹੁੰਦੀ ਹੈ। ਆਸਪੈਕਟ ਦੇ ਅਧਾਰ 'ਤੇ ਸਮੇਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ, ਜਿਵੇਂ : (i) ਪੂਰਨ ਅਤੇ (ii) ਅਪੂਰਨ। ਜਿਵੇਂ ਮੁੰਡੇ ਨੇ ਚਾਹ ਪੀਤੀ, ਮੁੰਡੇ ਨੇ ਸਲੇਟ ਤੋੜ ਦਿੱਤੀ ਹੈ, ਇਹ ਦੋਵੇਂ ਵਾਕ ਭੂਤ ਕਾਲ ਦੇ ਸੂਚਕ ਹਨ। ਪਹਿਲੇ ਵਾਕ ਵਿਚ ਕਾਰਜ ਦੇ ਖਤਮ ਹੋਣ ਦੀ ਸੰਭਾਵਨਾ ਲਗਦੀ ਹੈ ਪਰ ਦੂਜੇ ਵਾਕ ਵਿਚ ਕਾਰਜ ਦੇ ਖਤਮ ਹੋਣ ਦੀ ਸਪਸ਼ਟ ਸੂਚਨਾ ਮਿਲਦੀ ਹੈ। 'ਪੀਤੀ' ਅਤੇ 'ਤੋੜ ਦਿੱਤੀ' ਦੋਵੇਂ ਸਕਰਮਕ ਕਿਰਿਆ ਵਾਕੰਸ਼ ਹਨ ਅਤੇ ਬੀਤ ਚੁੱਕੇ ਸਮੇਂ ਦੀ ਸੂਚਨਾ ਦਿੰਦੇ ਹਨ। ਆਸਪੈਕਟ ਦੇ ਪੱਧਰ 'ਤੇ ਇਹ ਦੋਵੇਂ ਵੱਖਰੀ ਭਾਂਤ ਦਾ ਕਾਰਜ ਕਰਦੇ ਹਨ ਜਿਵੇਂ : 'ਪੀਤੀ' ਕਿਰਿਆ ਕਾਰਜ ਦੇ ਪੂਰਨ ਹੋਣ ਵੱਲ ਸੰਕੇਤ ਮਾਤਰ ਹੈ ਜਦੋਂ ਕਿ 'ਤੋੜ ਦਿੱਤੀ ਹੈ' ਵਿਚੋਂ ਕਾਰਜ ਦੇ ਪੂਰੇ ਹੋ ਚੁੱਕੇ ਹੋਣ ਦੀ ਸੂਚਨਾ ਮਿਲਦੀ ਹੈ। ਕਈ ਸਥਿਤੀਆਂ ਵਿਚ ਕਾਲ ਅਤੇ ਆਸਪੈਕਟ ਸਮੇਂ ਦੀ ਪ੍ਰਤੀਨਿਧਤਾ ਇਸ ਪਰਕਾਰ ਕਰਦੇ ਹਨ ਜਿਵੇਂ : (i) ਮੁੰਡਾ ਰੋਟੀ ਖਾ ਰਿਹਾ ਸੀ, (ii) ਮੁੰਡਾ ਰੋਟੀ ਖਾ ਰਿਹਾ ਹੈ। ਪਹਿਲੇ ਵਾਕ ਦਾ ਕਾਲ ਭੂਤ ਹੈ ਅਤੇ ਦੂਜੇ ਦਾ ਕਾਲ ਵਰਤਮਾਨ ਹੈ। ਇਨ੍ਹਾਂ ਦੇ ਕਾਲ ਦੀ ਸੂਚਨਾ 'ਸੀ' ਅਤੇ 'ਹੈ' ਕਿਰਿਆ ਤੋਂ ਮਿਲਦੀ ਹੈ। ਇਹ ਵਾਕ ਕਾਲ ਦੇ ਪੱਖ ਤੋਂ ਵੱਖੋ-ਵੱਖਰੇ ਹਨ ਪਰ ਦੂਜੇ ਪਾਸੇ ਆਸਪੈਕਟ ਦੇ ਪੱਖ ਤੋਂ ਅਪੂਰਨ ਆਸਪੈਕਟ ਦੇ ਸੂਚਕ ਹਨ। ਇਨ੍ਹਾਂ ਦੀ ਬਣਤਰ ਵਿਚ ਸੰਚਾਲਕ ਕਿਰਿਆ 'ਰਹਿ' ਕਾਰਜ ਕਰ ਰਹੀ ਹੈ। ਕਿਰਿਆ ਵਾਕੰਸ਼ ਦੀ ਬਣਤਰ ਵਿਚ ਵਿਚਰਨ ਵਾਲੇ ਸੰਚਾਲਕ ਕਿਰਿਆ ਰੂਪਾਂ ਤੋਂ ਆਸਪੈਕਟ ਦਾ ਪਤਾ ਚਲਦਾ ਹੈ ਜਿਵੇਂ : 'ਰਹਿ' ਕੰਮ ਦੇ ਹੋ ਰਹੇ ਹੋਣ ਦੀ ਸੂਚਕ ਹੈ, 'ਸਕ' ਕੰਮ ਦੇ ਹੋਣ ਦੀ ਸੰਭਾਵਨਾ ਦੀ ਸੂਚਕ ਹੈ। ਜਾ\ਹੋ, ਰਹਿ ਨਾਲ ਜਿਵੇਂ : ਜਾ ਰਿਹਾ ਹੈ, ਹੋ ਰਿਹਾ ਅਤੇ ਸੰਭਾਵਕ ਕਿਰਿਆ ਨਾਲ ਸਕ, ਚੁੱਕ, ਆਦਿ ਰਾਹੀਂ ਜਿਵੇਂ : ਜਾ ਸਕਦਾ ਹੈ, ਹੋ ਚੁੱਕਦਾ ਆਦਿ।– (ਬਲਦੇਵ ਸਿੰਘ ਚੀਮਾ)

1.1.7.7 ਅਰਥ ਵਿਗਿਆਨ

ਅਰਥ-ਵਿਗਿਆਨ: ਪਰਿਭਾਸ਼ਾ

ਅਰਥ ਭਾਸ਼ਾ ਦੀ ਆਤਮਾ ਹੈ ਤੇ ਭਾਸ਼ਾ ਅਰਥ ਦਾ ਸਰੀਰ ਹੈ। ਜੋ ਭਾਸ਼ਾ ਵਿਗਿਆਨ ਭਾਸ਼ਾ ਦਾ ਵਿਗਿਆਨ ਹੈ ਤਾਂ ਬਿਨਾਂ ਅਰਥ ਵਿਗਿਆਨ ਦੇ ਉਹ ਸੰਪੂਰਨ ਨਹੀਂ ਹੈ। ਅਰਥ ਵਿਗਿਆਨ ਦਾ ਸਿੱਧਾ ਸੰਬੰਧ ਮਨੋਵਿਗਿਆਨ ਨਾਲ ਜਾ ਜੁੜਦਾ ਹੈ। ਅਰਥ-ਵਿਗਿਆਨ ਕਿਸੇ ਭਾਸ਼ਾਈ ਖਿੱਤੇ ਅੰਦਰ ਅਰਥ ਪਰਿਵਰਤਨ ਜਾਂ ਅਰਥ ਵਿਕਾਸ ਦਾ ਅਧਿਐਨ ਹੁੰਦਾ ਹੈ।

ਅਰਥਾਂ ਦਾ ਅਧਿਐਨ ਭਾਸ਼ਾ ਵਿਗਿਆਨ ਦਾ ਮਹੱਤਵਪੂਰਨ ਕਾਰਜ ਹੈ। ਪੰਜਾਬੀ ਭਾਸ਼ਾ ਵਿਚ ਬਹੁਤ ਸਾਰੇ ਅਜਿਹੇ ਸ਼ਬਦ ਹਨ ਜਿਨ੍ਹਾਂ ਦੇ ਇਕ ਤੋਂ ਵਧੇਰੇ ਅਰਥ ਹਨ, ਉੱਤਰ, ਚੱਕ ਆਦਿ।ਬਹੁਤ ਸਾਰੇ ਸ਼ਬਦ ਇਕੋ ਅਰਥ ਵਾਲੇ

ਹਨ, ਜਿਵੇਂ ਛੋਟਾ/ਨਿੱਕਾ, ਲਾਗੇ ਕੋਲ ਆਦਿ ਕੁਝ ਸ਼ਬਦ ਭਾਸ਼ਾ ਦੇ ਮੂਲ ਮੁਹਾਵਰੇ ਦੇ ਅਨੁਕੂਲ ਨਹੀਂ ਹੁੰਦੇ ਤੇ ਅਰਥ ਪੱਖੋਂ ਵਚਿੱਤਰ ਲੱਗਦੇ ਹਨ ਜਿਵੇਂ ਆ ਜਾ, ਬਹਿ ਜਾ ਆਦਿ।

ਹੋਰਨਾਂ ਭਾਸ਼ਾਵਾਂ ਵਾਂਗ ਪੰਜਾਬੀ ਵਿਚ ਵੀ ਪੂਰਨ ਪਰਿਆਇਵਾਚੀ ਸ਼ਬਦ ਨਹੀਂ ਹਨ। ਪੰਜਾਬੀ ਵਿਚ ਕਈਆਂ ਸ਼ਬਦਾਂ ਦੇ ਅਰਥਾਂ ਵਿਚ ਕਈ ਤਰ੍ਹਾਂ ਦਾ ਵਿਰੋਧ ਹੁੰਦਾ ਹੈ, ਜਿਵੇਂ ਖਲੋ ਜਾ ਦਾ ਵਿਰੋਧੀ ਸ਼ਬਦ ਬਹਿ ਜਾ ਵੀ ਹੈ ਤੇ ਤੁਰ ਪਉ ਵੀ ਹੈ ਅਤੇ ਖਲ ਕਈਆਂ ਸ਼ਬਦਾਂ ਦੇ ਅਰਥ ਕਿਸੇ ਦੂਜੇ ਸ਼ਬਦ ਵਿਚ ਸ਼ਾਮਲ ਹੁੰਦੇ ਹਨ ਜਿਵੇਂ ਸ਼ਬਦ ਮਾਪੇ ਵਿਚ ਮਾਂ ਪਿਉ, ਫਸਲ, ਹਾੜ੍ਹੀ, ਸਾਉਣੀ ਆਦਿ। ਇਨ੍ਹਾਂ ਸਾਰੀਆ ਅਰਥ ਭਿੰਨਤਾਵਾਂ ਜਾਂ ਵਿਸ਼ੇਸ਼ਤਾਵਾਂ ਦਾ ਅਧਿਐਨ ਕਰਨ ਵਾਲਾ ਵਿਗਿਆਨ, ਭਾਸ਼ਾ ਵਿਗਿਆਨ ਦੀ ਅਰਥ ਵਿਗਿਆਨ ਸ਼ਾਖਾ ਦਾ ਭਾਗ ਹੈ। ਇਤਿਹਾਸਕ ਪਿਛੋਕੜ ਅਰਥ ਵਿਗਿਆਨ, ਭਾਸ਼ਾ ਵਿਗਿਆਨ ਦਾ ਅਜਿਹਾ ਪੱਧਰ ਹੈ, ਜਿਸ ਦਾ ਵਿਕਾਸ ਥੋੜ੍ਹਾ ਪੱਛੜ ਕੇ ਹੋਇਆ ਹੈ।ਲਾਇਨਜ਼ ਆਪਣੀ ਪੁਸਤਕ ਸੀਮਾਟਿਕਸ (ਵਾਲੀਅਮ-1) ਵਿਚ ਲਿਖਦਾ ਹੈ ਕਿ ਅੰਗਰੇਜ਼ੀ ਦੇ ਸ਼ਬਦ 'ਸੀਮਾਂਟਿਕਸ' (semantics) ਦੀ ਵਿਉਤਪਤੀ 19ਵੀਂ ਸਦੀ ਦੇ ਅਖੀਰ ਵਿਚ ਹੋਈ। ਇਹ ਸ਼ਬਦ ਯੂਨਾਨੀ ਭਾਸ਼ਾ ਦੀ ਇਕ ਕਿਰਿਆ ਤੋਂ ਘੜਿਆ ਗਿਆ ਜਿਸ ਦਾ ਭਾਵ ਸੀ ਸੰਕੇਤ ਕਰਨਾ। ਪਰ ਇਸ ਦਾ ਭਾਵ ਇਹ ਵੀ ਨਹੀਂ ਕਿ ਸ਼ਬਦਾ ਦੇ ਅਰਥਾਂ ਵੱਲ ਵਿਦਵਾਨਾਂ ਨੇ ਸੌ ਕੁ ਵਰ੍ਹੇ ਪਹਿਲਾਂ ਹੀ ਧਿਆਨ ਦੇਣਾ ਸ਼ੁਰੂ ਕੀਤਾ ਸਗੋਂ ਮੁਢਲੇ ਸਮਿਆਂ ਤੋਂ ਲੈ ਕੇ, ਅੱਜ ਤਕ ਸਾਡੇ ਵਿਆਕਰਨ-ਆਚਾਰੀਆ ਸ਼ਬਦਾਂ ਦੇ ਅਰਥਾਂ ਵਿਚ ਰੁਚੀ ਲੈਂਦੇ ਰਹੇ ਹਨ। ਪਰ ਇਕ ਵਿਗਿਆਨ ਦੇ ਤੌਰ ਤੇ ਭਾਸ਼ਾ ਵਿਗਿਆਨ ਦੀ ਇਕ ਸ਼ਾਖਾ ਵਜੋਂ ਅਰਥ ਵਿਗਿਆਨ ਦਾ ਆਰੰਭ 19ਵੀਂ ਸਦੀ ਦੇ ਅਖੀਰ ਵਿਚ ਹੀ ਹੋਇਆ ਹੈ। ਪਾਮਰ ਆਪਣੀ ਪੁਸਤਕ ਸੀਮਾਂਟਿਕਸ ਵਿਚ ਲਿਖਦਾ ਹੈ ਕਿ 'ਸੀਮਾਂਟਿਕਸ' ਸ਼ਬਦ ਭਾਸ਼ਾ ਵਿਗਿਆਨ ਦੀ ਇਕ ਮਦ ਦੇ ਤੌਰ ਤੇ ਪਹਿਲੀ ਵੇਰ 1894 ਵਿਚ ਅਮਰੀਕਨ ਭਾਸ਼ਾ ਵਿਗਿਆਨੀਆਂ ਦੀ ਇਕ ਸੰਸਥਾ ਵਲੋਂ ਪੜਵਾਏ ਗਏ| ਇਕ ਪਰਚੇ ਦੇ ਸਿਰਲੇਖ ਵਿਚ ਵਰਤਿਆ ਗਿਆ।ਇਹ ਪਰਚਾ ਚਾਰਲਸ ਲਿਨਮੈਨ ਨੇ ਪੜ੍ਹਿਆ ਸੀ। 1897 ਵਿਚ ਬਰਾਇਲ ਨੇ 'ਸੀਮਾਂਟਿਕਸ' ਬਾਰੇ ਇਕ ਪੁਸਤਕ ਲਿਖੀ। ਐਗਡਨ ਤੋਂ ਰਿਚਰਡਜ਼ ਨੇ ਸੰਨ 1923 ਵਿਚ ਅਰਥ ਵਿਗਿਆਨ ਬਾਰੇ ਇਕ ਪੁਸਤਕ ' ਮੀਨਿੰਗ ਆਫ ਮੀਨਿੰਗਜ਼' ਲਿਖੀ।

ਅਰਥ ਵਿਗਿਆਨ ਦੇ ਅੰਤਰਗਤ ਸ਼ਬਦਾਂ ਦੇ ਅਰਥਾਂ ਦਾ ਵਿਗਿਆਨਕ ਅਧਿਐਨ ਕੀਤਾ ਜਾਂਦਾ ਹੈ। ਇਸ ਲਈ ਅਰਥਾਂ ਦਾ ਅਧਿਐਨ ਜਾਂ ਵਿਗਿਆਨਕ ਅਧਿਐਨ ਹੀ ਅਰਥ ਵਿਗਿਆਨ ਹੈ। ਲਾਇਨਜ਼, ਪਾਮਰ ਅਤੇ ਲੀਚ ਆਦਿ ਬਹੁਤੇ ਭਾਸ਼ਾ ਵਿਗਿਆਨੀਆਂ ਨੇ ਅਰਥ ਵਿਗਿਆਨ ਦੀ ਸਿੱਧੀ-ਸਾਦੀ ਇਹ ਪਰਿਭਾਸ਼ਾ ਅੰਕਿਤ ਕੀਤੀ ਹੈ। ਪਰ ਭਾਸ਼ਾ ਵਿਗਿਆਨੀਆਂ ਦੀ ਇਹ ਇਕਸੁਰ ਸੋਚ ਉਸ ਸਮੇਂ ਵੱਖਰੀਆਂ ਵੱਖਰੀਆਂ ਸੁਰਾਂ ਕੱਢਣ ਲੱਗ ਪੈਂਦੀ ਹੈ ਜਦੋਂ ਇਹ ਸੁਆਲ ਉੱਠਦਾ ਹੈ ਕਿ ਅਰਥਾਂ ਦਾ ਆਪਣਾ ਅਰਥ ਕੀ ਹੈ ? ਜਾਂ ਅਰਥ ਵਿਗਿਆਨ ਕਿਸ ਦੇ ਅਰਥਾਂ ਦਾ ਵਿਗਿਆਨਕ ਅਧਿਐਨ ਹੈ। ਇਨ੍ਹਾਂ ਸੁਆਲਾਂ ਦਾ ਸੰਬੰਧ ਗਿਆਨ ਮੀਮਾਂਸਾ (epistemology) ਅਤੇ ਹੋਂਦ ਮੀਮਾਂਸਾ (ontology) ਨਾਲ ਹੈ। ਗਿਆਨ ਮੀਮਾਂਸਾ ਵਿਚ ਗਿਆਨ ਦੀ ਸਿਧਾਂਤਕ ਚਰਚਾ ਕੀਤੀ ਜਾਂਦੀ ਹੈ ਅਤੇ ਹੋਂਦ ਮੀਮਾਂਸਾ ਦਰਸ਼ਨ ਸ਼ਾਸਤਰ ਦੀ ਇਕ ਸ਼ਾਖਾ ਹੈ। ਐਫ. ਐਚ. ਜਾਰਜ ਅਨੁਸਾਰ, ਅਰਥ ਵਿਗਿਆਨ ਦਾ ਸੰਬੰਧ ਹਰ ਉਸ ਚੀਜ਼ ਨਾਲ ਹੈ, ਜਿਸ ਦਾ ਚਿੰਨ੍ਹ ਜਾਂ ਪ੍ਰਤੀਕ ਦੇ ਤੌਰ ਤੇ ਵਰਗੀਕਰਨ ਕੀਤਾ ਜਾ ਸਕਦਾ ਹੈ। ਇਹ ਚਿੰਨ੍ਹ ਭਾਸ਼ਾਈ ਵੀ ਹੋ ਸਕਦੇ ਹਨ ਅਤੇ ਗ਼ੈਰ-ਭਾਸ਼ਾਈ ਵੀ। ਇਸ ਤਰ੍ਹਾਂ ਜਾਰਜ ਅਰਥ ਵਿਗਿਆਨ ਨੂੰ ਸਮੁੱਚੇ ਸੰਚਾਰ ਦਾ

ਅਧਿਐਨ ਮੰਨ ਬੈਠਦਾ ਹੈ। ਪਰ ਅੱਗੇ ਚੱਲ ਕੇ ਉਹ ਇਹ ਵੀ ਸਪੱਸ਼ਟ ਕਰਦਾ ਹੈ ਕਿ ਅਰਥ ਵਿਗਿਆਨ ਭਾਸ਼ਾ ਵਿਗਿਆਨ ਦੀ ਇਕ ਸ਼ਾਖਾ ਹੈ, ਜਿਸ ਦਾ ਸੰਬੰਧ ਸ਼ਬਦਾਂ, ਵਾਕਾਂ ਅਤੇ ਬਿਆਨਾਂ ਦੇ ਅਰਥਾਂ ਨਾਲ ਹੈ। ਭਾਸ਼ਾ ਵਿਗਿਆਨੀ ਜਾਫ਼ਰੀ ਲੀਚ ਅਰਥ ਵਿਗਿਆਨ ਨੂੰ ਭਾਸ਼ਾ ਵਿਗਿਆਨ ਦੀ ਇਕ ਉਸੇ ਤਰ੍ਹਾਂ ਦੀ ਸ਼ਾਖਾ ਮੰਨਦਾ ਹੈ ਜਿਵੇਂ ਧੁਨੀ ਵਿਗਿਆਨ, ਰੂਪ ਵਿਗਿਆਨ ਅਤੇ ਵਾਕ-ਵਿਗਿਆਨ ਵਰਗੀਆਂ ਹੋਰ ਸ਼ਾਖਾਵਾਂ ਹਨ। ਜਾਰਜ ਨੇ ਅਰਥ ਵਿਗਿਆਨ ਦੇ ਤਿੰਨ ਭਾਗ ਮੰਨੇ ਹਨ: ਵਾਕ ਵਿਗਿਆਨ, ਅਰਥ ਵਿਗਿਆਨ ਅਤੇ ਪ੍ਰਕਰਣ ਵਿਗਿਆਨ।

ਦੂਜੇ ਪਾਸੇ ਅਰਥ ਦੀ ਸਮੱਸਿਆ ਨੂੰ ਹਰ ਸਮੇਂ ਦੇ ਦਾਰਸ਼ਨਿਕਾਂ ਨੇ ਸੁਲਝਾਉਣ ਦੀ ਕੋਸ਼ਿਸ਼ ਕੀਤੀ ਪਰ ਇਹ ਸਮੱਸਿਆ ਹੋਰ ਗੁੰਝਲਦਾਰ ਬਣਦੀ ਗਈ। ਸ਼ਾਇਦ ਇਸੇ ਕਰਕੇ ਬਲੂਮਫੀਲਡ ਅਰਥ ਵਿਗਿਆਨ ਨੂੰ ਭਾਸ਼ਾ ਵਿਗਿਆਨ ਤੋਂ ਬਾਹਰ ਰੱਖ ਕੇ ਸੰਤੁਸ਼ਟ ਸੀ। ਅਸਲ ਵਿਚ ਇਸ ਸਮੱਸਿਆ ਦੇ ਗੁੰਝਲਦਾਰ ਹੋਣ ਦਾ ਕਾਰਨ ਇਹ ਹੈ ਕਿ ਵੱਖ-ਵੱਖ ਸਮਾਜਕ ਵਿਗਿਆਨਾਂ ਨਾਲ ਸੰਬੰਧਿਤ ਵਿਦਵਾਨ ਇਸ ਨੂੰ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਹੱਲ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਨ। ਬਰਟਰੰਡ ਰੱਸਲ ਅਤੇ ਵਿਟਜੰਨਸਟਾਇਨ ਵਰਗੇ ਦਾਰਸ਼ਨਿਕਾਂ, ਕਾਰਨਾਪ ਵਰਗੇ ਤਰਕ ਵਿਗਿਆਨੀਆਂ, ਬੋਹਲਰ ਵਰਗੇ ਮਨੋਵਿਗਿਆਨੀਆਂ, ਮਾਲਿਨੋਵਸਕੀ ਅਤੇ ਸਾਪਿਤ ਵਰਗੇ ਮਾਨਵ ਵਿਗਿਆਨੀਆਂ, ਰਿਚਰਡਜ਼ ਅਤੇ ਐਪਸਨ ਵਰਗੇ ਅਲੰਕਾਰ ਵਿਗਿਆਨੀਆਂ ਅਤੇ ਬਰੇਲ, ਸੋਸਿਊਰ, ਔਗਡਨ, ਫਰਥ ਅਤੇ ਉਲਮਾਨ ਵਰਗੇ ਭਾਸ਼ਾ ਵਿਗਿਆਨੀਆਂ ਨੇ ਅਰਥ ਦੇ ਵੱਖਰੇ ਵੱਖਰੇ ਏਨੇ ਅਰਥ ਦੱਸੇ ਹਨ ਕਿ ਪਾਠਕ ਨੂੰ ਅਰਥ ਦਾ ਇਕ ਵੀ ਅਰਥ ਸਮਝ ਨਹੀਂ ਆਉਂਦਾ। ਅਰਥ ਵਿਗਿਆਨ ਬਾਰੇ ਲਿਖੀ ਅੰਗਡਨ ਅਤੇ ਰਿਚਰਡਜ਼ ਦੀ ਸਭ 'ਤੋਂ ਪ੍ਰਸਿੱਧ ਪੁਸਤਕ 'ਅਰਥ ਦਾ ਅਰਥ ਵਿਚ ਅਰਥ' ਦੀਆਂ 22 ਪਰਿਭਾਸ਼ਾਵਾਂ ਅੰਕਿਤ ਕੀਤੀਆਂ ਗਈਆਂ ਹਨ। ਦਰਅਸਲ ਥੋੜ੍ਹਾ ਗੰਭੀਰਤਾ ਨਾਲ ਵੇਖਿਆ ਜਾਵੇ ਤਾਂ ਅਰਥ ਦੇ ਅਰਥ ਦੀਆਂ ਤਿੰਨ ਦਿਸ਼ਾਵਾਂ ਬਣਦੀਆਂ ਨਜ਼ਰ ਆਉਂਦੀਆਂ ਹਨ। ਵਿਚਾਰ, ਉਚਾਰ ਅਤੇ ਨਾਮ। ਵਿਚਾਰ ਨਿਰੂਪਣ ਮਨੋਵਿਗਿਆਨਕ ਹੋਂਦ ਹੈ। ਉਚਾਰ ਧੁਨੀ ਜਾਂ ਧੁਨੀਬਿੰਬ ਹੈ ਅਤੇ ਨਾਮ ਜਾਂ ਚਿੰਨ੍ਹ ਇਨ੍ਹਾਂ ਦਾ ਭਾਸ਼ਾਈ ਨਿਰੂਪਣ ਹੈ। ਭਾਵ ਮਨੋਵਿਗਿਆਨਕ ਵਿਚਾਰ ਭਾਸ਼ਕ ਧੁਨੀ ਬਿੰਬ ਦਾ ਕਰਦਾ ਹੈ ਅਤੇ ਭਾਸ਼ਕ ਧੁਨੀ ਭੌਤਿਕ ਵਸਤੂ ਨੂੰ ਦਰਸਾਉਂਦੀ ਹੈ। ਅਰਥ ਵਿਚ ਇਨ੍ਹਾਂ ਸੰਬੰਧਾਂ ਦੀ ਸੰਵੇਦਨਾ ਸੰਮਿਲਤ ਹੁੰਦੀ ਹੈ। ਮੈਂ ਵਿਚਾਰ, ਉਚਾਰ ਅਤੇ ਨਾਮ ਦੇ ਆਪਸੀ ਸੰਬੰਧਾਂ ਦੀ ਸੰਵੇਦਨਾ ਅਰਥ ਨਿਸਚਿਤ ਕਰਦੀ ਹੈ।

ਭਾਰਤੀ ਅਰਥ ਸਿਧਾਂਤ

ਭਾਰਤੀ ਵਿਦਵਾਨਾਂ ਨੇ, ਸ਼ਬਦਾਂ ਅਤੇ ਵਸਤੂ ਦੇ ਸੰਬੰਧਾਂ ਦੀ ਪ੍ਰਕਿਰਤੀ ਦੇ ਆਧਾਰ ਉੱਤੇ ਅਰਥ ਦੇ ਸੰਕਲਪ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਦੀਕਸ਼ਿਤ ਅਤੇ ਭੱਟ ਆਦਿ ਵਿਆਕਰਨਕਾਰਾਂ ਦਾ ਮਤ ਸੀ ਕਿ ਸ਼ਬਦਾਂ ਵਿਚ ਅਰਥ ਸ਼ਕਤੀ ਹੁੰਦੀ ਹੈ ਜਦਕਿ ਸ਼ਾਯਾ ਅਤੇ ਵੇਦਾਂਤ ਦਾ ਮਤ ਸੀ ਕਿ ਅਰਥ ਸ਼ਕਤੀ ਵਸਤੂਆਂ ਵਿਚ ਹੁੰਦੀ ਹੈ। ਬੋਧੀ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਮਨੁੱਖ ਦੇ ਪ੍ਰਤੱਖਣ ਦਾ ਸਿੱਧਾ ਸੰਬੰਧ ਵਸਤੂਆਂ ਨਾਲ ਹੈ ਪਰ ਵਸਤੂਆਂ ਸ਼ਬਦਾਂ ਨੂੰ ਜਨਮ ਨਹੀਂ ਦਿੰਦੀਆਂ ਸਗੋਂ ਸੰਕਲਪ ਸ਼ਬਦਾਂ ਨੂੰ ਜਨਮ ਦਿੰਦੇ ਹਨ। ਜਿਵੇਂ ਚਿੜੀ ਸ਼ਬਦ ਸਿੱਧਾ ਹੀ ਇਕ ਪੰਛੀ (ਵਸਤੂ) ਨੂੰ ਪੇਸ਼ ਨਹੀਂ ਕਰਦਾ ਸਗੋਂ ਪਹਿਲਾਂ ਉਨ੍ਹਾਂ ਸਾਰੇ ਪੰਛੀਆਂ ਨੂੰ ਨਿਕਾਰਦਾ ਹੈ ਜੋ ਚਿੜੀਆਂ ਨਹੀਂ ਹਨ ਜਿਵੇਂ ਕਾਂ, ਤੋਤਾ, ਉੱਲੂ ਆਦਿ ਅਤੇ ਫਿਰ ਚਿੜੀ ਤਕ ਪਹੁੰਚਦਾ ਹੈ। ਨਯਾਯ ਸਕੂਲ ਵਾਲੇ ਪਰੰਪਰਾ ਨੂੰ ਸ਼ਬਦਾਂ ਦੀ

ਅਰਥ ਸ਼ਕਤੀ ਦਾ ਸ੍ਰੋਤ ਮੰਨਦੇ ਹਨ।ਇਸ ਤਰਾਂ ਅਰਥ ਬਾਰੇ ਮੁੱਖ ਭਾਰਤੀ ਸਿਧਾਂਤਾਂ ਨੂੰ ਤਿੰਨ ਸਿਰਲੇਖਾਂ ਤਹਿਤ ਵਿਚਾਰਿਆ ਜਾ ਸਕਦਾ ਹੈ

1. ਪੋਹ ਸਿਧਾਂਤ (Theory of Apoha) : ਇਹ ਬੋਧੀ ਸਕੂਲ ਦੀ ਦੇਣ ਹੈ। ਅਪੋਹਾ ਤੋਂ ਭਾਵ ਹੈ 'ਨਿਕਾਰਨਾ'। ਇਸ ਸਿਧਾਂਤ ਅਨੁਸਾਰ ਸ਼ਬਦ ਅਤੇ ਵਸਤੂ ਦੇ ਸੰਬੰਧ ਵਿਚੋਂ ਅਰਥ ਪੈਦਾ ਨਹੀਂ ਹੁੰਦਾ ਸਗੋਂ ਇਸ ਸੰਬੰਧ ਦੇ ਨਿਕਾਰਨ ਜਾਂ ਨਿਖੇਧ ਸਦਕਾ ਪੈਦਾ ਹੁੰਦਾ ਹੈ ਜਿਵੇਂ 'ਗਊ' ਸ਼ਬਦ ਸਿੱਧਾ ਹੀ ਇਕ ਪਸ਼ੂ ਨੂੰ ਪੇਸ਼ ਨਹੀਂ ਕਰਦਾ ਸਗੋਂ ਪਹਿਲਾਂ ਉਨ੍ਹਾਂ ਸਾਰੇ ਪਸ਼ੂਆਂ ਨੂੰ ਨਿਕਾਰਦਾ ਹੈ ਜੋ ਗਊ ਨਹੀਂ ਹਨ।ਰਤਨ ਕੀਰਤੀ ਦਾ ਕਹਿਣਾ ਹੈ ਕਿ ਸ਼ਬਦਾਂ ਦੇ ਅਰਥ ਕੇਵਲ ਨਿਕਾਰਨ ਜਾਂ ਪੁਸ਼ਟੀ ਕਰਨ ਨਾਲ ਹੀ ਪੈਦਾ ਨਹੀਂ ਹੁੰਦੇ ਸਗੋਂ ਇਹ ਨਿਕਾਰਨਾ ਅਤੇ ਪੁਸ਼ਟੀ ਕਰਨਾ ਨਾਲੋਂ ਨਾਲ ਹੀ ਚਲਦੇ ਹਨ।

2. ਸਫੋਟ ਸਿਧਾਂਤ (Theory of Sphota) : ਸਫੋਟ ਤੋਂ ਭਾਵ ਹੈ, ਅਰਥ ਪੂਰਨ ਸੰਕੇਤ, ਇਹ ਅਰਥ ਪੂਰਨ ਸੰਕੇਤ ਇਕ ਸ਼ਬਦ ਜਾਂ ਫਿਰ ਇਕ ਵਾਕ ਹੋ ਸਕਦਾ ਹੈ। ਇਸ ਸਿਧਾਂਤ ਅਧੀਨ ਸ਼ਬਦਾਂ ਨੂੰ ਧੁਨੀਆਂ ਦੀ ਲੜੀ ਜਾਂ ਵਾਕ ਨੂੰ ਸ਼ਬਦਾਂ ਦੀ ਲੜੀ ਮੰਨਣ ਦੀ ਥਾਂ ਇਕ ਅਰਥ ਪੂਰਨ ਇਕਾਈ ਮੰਨ ਲਿਆ ਜਾਂਦਾ ਹੈ। ਇਹ ਇਕਾਈ ਭਾਸ਼ਾਈ ਧੁਨੀਆਂ ਨਾਲ ਉਚਰਤ ਹੁੰਦੀ ਹੈ। ਇਸ ਸਿਧਾਂਤ ਦਾ ਨਿਰਮਾਤਾ ਮਹਾਨ ਵਿਆਕਰਨਕਾਰ ਭਰਥਰੀ ਹਰੀ ਸੀ। ਉਸ ਨੇ ਆਪਣੇ ਗ੍ਰੰਥ 'ਵਾਕਯਪਦੀਯ' ਵਿਚ ਇਹ ਸਿਧਾਂਤ ਪੇਸ਼ ਕੀਤਾ। ਸਫੋਟ ਬਾਰੇ ਕੁਝ ਚਰਚਾ ਇਸ ਤੋਂ ਪਹਿਲਾਂ ਪਤੰਜਲੀ ਨੇ ਮਹਾਂਭਾਸ਼ ਵਿਚ ਵੀ ਕੀਤੀ। ਪਤੰਜਲੀ ਸ਼ਬਦ ਦੇ ਦੋ ਪੱਖ ਮੰਨਦਾ ਹੈ। ਇਕ ਨੂੰ ਉਹ ਸਫੋਟ ਅਤੇ ਦੂਜੇ ਨੂੰ ਧ੍ਵਨਿ ਦਾ ਨਾਮ ਦਿੰਦਾ ਹੈ। ਉਸ ਅਨੁਸਾਰ ਸਫੋਟ ਸ਼ਬਦ ਦਾ ਸਥਾਈ ਪੱਖ ਹੈ ਅਤੇ ਵਿਅਕਤੀਗਤ ਉਚਾਰਨ ਨਾਲ ਇਸ ਵਿਚ ਕਈ ਤਬਦੀਲੀ ਨਹੀਂ ਹੁੰਦੀ ਜਦ ਕਿ ਧੁਨਿ ਵਿਅਕਤੀਗਤ ਉਚਾਰਨ ਤੋਂ ਪ੍ਰਭਾਵਿਤ ਹੁੰਦੀ ਹੈ। ਪਤੰਜਲੀ ਲਈ ਸਫੋਟ ਇਕ ਇਕਾਈ ਨਹੀਂ ਸਗੋਂ ਇਕਾਈਆਂ ਦੀ ਲੜੀ ਹੈ। ਭਰਥਰੀ ਹਰੀ ਦਾ ਸਫੋਟ ਸਿਧਾਂਤ ਪਤੰਜਲੀ ਨਾਲੋ ਬਿਲਕੁਲ ਵੱਖਰਾ ਸੀ।ਉਸ ਦੇ ਸਿਧਾਂਤ ਪਿੱਛੇ ਇਹ ਧਾਰਨਾ ਕਾਰਜਸ਼ੀਲ ਸੀ ਕਿ ਸ਼ਬਦ ਜਾਂ ਵਾਕ ਦੇ ਦੋ ਪੱਖ ਹੁੰਦੇ ਹਨ। ਇਕ ਪ੍ਰਗਟਾਵਾ ਅਤੇ ਦੂਜਾ ਭਾਵ ਪੱਖ। ਪ੍ਰਗਟਾਵੇ ਅਧੀਨ ਧੁਨੀ, ਰੂਪ ਅਤੇ ਭਾਵ ਅਧੀਨ ਅਰਥ ਆਉਂਦਾ ਹੈ। ਧੁਨੀ (ਰੂਪ) ਸ਼ਬਦ ਦਾ ਬਾਹਰੀ ਪੱਖ ਹੁੰਦਾ ਹੈ ਅਤੇ ਅਰਥ ਅੰਦਰਲਾ ਪੱਖ । ਅੰਦਰਲਾ ਪੱਖ ਅਰਥਾਤ ਅਰਥ ਨੂੰ ਸਫੋਟ ਕਿਹਾ ਜਾਂਦਾ ਹੈ। ਸਫੋਟ ਦੇ ਸੰਕਲਪ ਵਿਚ ਸ਼ਬਦ ਅਤੇ ਅਰਥ ਦਾ ਆਪਸੀ ਸੰਬੰਧ ਬਹੁਤ ਅਹਿਮ ਹੁੰਦਾ ਹੈ। ਸਫੋਟ ਤਾਂ ਇਕ ਅਰਥਪੂਰਨ ਸੰਕੇਤ ਹੁੰਦਾ ਹੈ ਜੋ ਧੁਨੀਆਂ ਦੇ ਪ੍ਰਗਟਾ ਲਈ ਦੋ ਪੱਧਰਾਂ ਉੱਤੇ ਹੋਂਦ ਪ੍ਰਾਪਤ ਕਰਦਾ ਹੈ। ਧੁਨੀਆਂ ਦਾ ਕਾਰਜ ਅਰਥ ਪੂਰਨ ਸੰਕੇਤ ਸਫੋਟ ਨੂੰ ਧੁਨੀ ਰੂਪ ਦੇਣਾ ਹੁੰਦਾ ਹੈ।ਸਫੋਟ ਭਾਵੇਂ ਧੁਨੀਆਂ ਰਾਹੀਂ ਪ੍ਰਗਟਾਵੇ ਦੇ ਪੱਧਰ ਉੱਤੇ ਆਉਂਦਾ ਹੈ ਪਰ ਇਹ ਆਪਣੇ ਆਪ ਵਿਚ ਪਰਿਵਰਤਨ ਰਹਿਤ ਅਰਥਪੂਰਨ ਇਕਾਈ ਹੀ ਰਹਿੰਦਾ ਹੈ। ਸ਼ਬਦ ਦੀ ਹਰੇਕ ਧੁਨੀ ਸਫੋਟ ਨੂੰ ਪ੍ਰਗਟ ਕਰਨ ਵਿਚ ਆਪਣਾ ਯੋਗਦਾਨ ਦਿੰਦੀ ਹੈ। ਸ਼ਬਦ ਦੀ ਪਹਿਲੀ ਧੁਨੀ ਤੇ ਸਫੋਟ ਦਾ ਪ੍ਰਗਟਾਵਾ ਸ਼ੁਰੂ ਹੋ ਜਾਂਦਾ ਹੈ ਅਤੇ ਅੰਤਮ ਧੁਨੀ ਦੇ ਉਚਾਰਨ ਮਗਰੋਂ ਇਹ ਪੂਰੀ ਤਰ੍ਹਾਂ ਪ੍ਰਗਟ ਹੋ ਜਾਂਦਾ ਹੈ।

(3) ਧੁਨੀ ਸਿਧਾਂਤ (Theory of Dhvani) : ਧੁਨੀ ਸਿਧਾਂਤ ਦੀ ਸਿਰਜਣਾ ਅਚਾਰੀਆ ਅਨੰਦ ਵਰਧਨ ਨੇ ਆਪਣੇ ਗ੍ਰੰਥ 'ਨਯਾਲਕ' ਵਿਚ ਕੀਤੀ।ਅਨੰਦ ਵਰਧਨ ਤੋਂ ਪਹਿਲਾਂ ਅਲੰਕਾਰ ਸਕੂਲ ਵਾਲੇ ਵਿਦਵਾਨਾਂ ਨੇ ਸ਼ਬਦ ਦੇ

ਅਰਥ ਨੂੰ ਦੋ ਹਿੱਸਿਆਂ ਵਿਚ ਵੰਡਿਆ। ਇਕ ਨੂੰ ਅਭਿਧਾ ਅਤੇ ਦੂਜੇ ਨੂੰ ਲਕਸ਼ਣਾ ਕਿਹਾ ਗਿਆ। ਸ਼ਬਦ ਦੇ ਕੋਸ਼ੀ, ਸਧਾਰਨ ਜਾਂ ਪ੍ਰਚਲਿਤ ਅਰਥਾਂ ਨੂੰ ਅਭਿਧਾ ਦਾ ਨਾਮ ਦਿੱਤਾ ਗਿਆ। ਅਭਿਧਾ ਸ਼ਬਦ ਦਾ ਪ੍ਰਸੰਗ ਰਹਿਤ ਅਰਥ ਹੁੰਦਾ ਹੈ। ਜੇ ਸ਼ਬਦ ਨੂੰ ਵਾਕ ਵਿਚ ਵਰਤਿਆਂ ਕੋਸ਼ੀ ਅਰਥ ਤੋਂ ਵੱਖਰਾ ਭਾਵ ਪ੍ਰਾਪਤ ਹੋਵੇ ਤਾਂ ਉਸ ਭਾਵ (ਅਰਥ) ਨੂੰ ਲਕਸ਼ਣਾ ਕਿਹਾ ਜਾਂਦਾ ਹੈ। ਇਉਂ ਅਭਿਧਾ ਸ਼ਬਦ ਦਾ ਮੂਲ ਅਰਥ ਹੁੰਦਾ ਹੈ ਅਤੇ ਲਕਸ਼ਣਾ ਪਰਿਵਰਤਿਤ ਅਰਥ ।ਮਿਸਾਲ ਵਜੋਂ ਜਦੋਂ ਕੋਈ ਬੱਚਾ ਠੋਕਰ ਖਾ ਕੇ ਡਿੱਗ ਪਵੇ ਅਤੇ ਰੋਣ ਲੱਗ ਜਾਵੇ ਤਾਂ ਉਸ ਦੀ ਮਾਂ ਉਸ ਨੂੰ ਚੁੱਪ ਕਰਾਉਣ ਲਈ ਕਹਿੰਦੀ ਹੈ, 'ਆ ਵੇਖ ਕੀੜੀ ਦਾ ਆਟਾ ਡੁੱਲ ਗਿਆ'।ਇਥੇ ਕੀੜੀ ਦੇ ਆਟੇ ਦਾ ਡੁੱਲ੍ਹਣਾ ਜ਼ਰੂਰੀ ਨਹੀਂ। ਇਸ ਵਾਕ ਦਾ ਭਾਵ ਬੱਚੇ ਦਾ ਸੱਟ ਤੋਂ ਰੋਣ ਮਗਰੋਂ ਧਿਆਨ ਮੋੜਨਾ ਹੁੰਦਾ ਹੈ। ਇਸ ਤਰ੍ਹਾਂ ਇਥੋਂ ਸ਼ਬਦਾਂ ਦੇ ਸਿੱਧੇ ਅਰਥਾਂ ਦੀ ਬਜਾਏ ਪਰਿਵਰਤਿਤ ਅਰਥ ਹੀ ਪੇਸ਼ ਹੋਏ ਹਨ। ਅਨੰਦ ਵਰਧਨ ਨੇ ਕਿਹਾ ਕਿ ਸ਼ਬਦ ਦੇ ਕੋਸ਼ੀ ਅਤੇ ਲੱਖਣਾ ਅਰਥਾਂ ਤੋਂ ਇਲਾਵਾ ਸੁਝਾਉ ਜਾਂ ਵਿਅੰਜਨਾ ਅਰਥ ਵੀ ਹੁੰਦੇ ਹਨ। ਮਿਸਾਲ ਵਜੋਂ ਇਕ ਵਾਕ 'ਇਨ੍ਹਾਂ ਦੇ ਤਾਂ ਘਰ ਵਿਚ ਹੀ ਗੰਗਾ ਹੈ' ਦਾ ਸਿੱਧਾ ਅਰਥ (ਅਭਿਧਾ) ਕੋਈ ਸੰਚਾਰ ਨਹੀਂ ਕਰਦਾ ਕਿਉਂਕਿ ਗੰਗਾ ਇਕ ਨਦੀ ਹੈ ਅਤੇ ਘਰ ਵਿਚ ਨਦੀ ਨਹੀਂ ਹੋ ਸਕਦੀ।ਇਸ ਵਾਕ ਵਿਚ ਆਏ ਸ਼ਬਦ 'ਗੰਗਾ' ਦੇ ਲਕਸ਼ਣਾ ਅਰਥ ਭਾਵ ਘਰ ਵਿਚ ਗੰਗਾ ਤੋਂ ਭਾਵ 'ਗੰਗਾ ਦੇ ਕਿਨਾਰੇ' ਦੇ ਆਧਾਰ ਤੇ ਕੀਤੇ ਜਾ ਸਕਦੇ ਹਨ ਕਿ 'ਇਨ੍ਹਾਂ ਦਾ ਘਰ ਗੰਗਾ ਕਿਨਾਰੇ ਹੈ' ਪਰ ਜੇ ਅਸੀਂ ਗੰਗਾ ਨੂੰ ਪਵਿੱਤਰਤਾ, ਸ਼ਾਂਤੀ ਅਤੇ ਖ਼ੁਸ਼ਹਾਲੀ ਦਾ ਪ੍ਰਤੀਕ ਮੰਨ ਲਈਏ ਤਾਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਦਾ ਘਰ ਪਵਿੱਤਰ, ਸ਼ਾਂਤ ਅਤੇ ਖ਼ੁਸ਼ਹਾਲ ਹੈ | ਗੰਗਾ ਦੇ ਇਨ੍ਹਾਂ ਅਰਥਾਂ ਨੂੰ ਵਿਅੰਜਨਾ ਕਿਹਾ ਜਾਂਦਾ ਹੈ। ਸੁਝਾਉਣ ਦੇ ਇਸ ਤਰੀਕੇ ਨੂੰ ਧੁਨੀ ਕਿਹਾ ਜਾਂਦਾ ਹੈ।

ਪਰੰਪਰਾਈ ਅਰਥ ਵਿਗਿਆਨ : ਸ਼ਬਦ-ਅਰਥ ਤੇ ਪ੍ਰਸੰਗ

ਪਰੰਪਰਾਈ ਵਿਆਕਰਨ ਵਿਚ ਸ਼ਬਦ ਨੂੰ ਵਾਕ ਵਿਗਿਆਨ ਅਤੇ ਅਰਥ ਵਿਗਿਆਨ ਦੇ ਪੱਧਰ ਦੀ ਬੁਨਿਆਦੀ ਇਕਾਈ ਸਮਝਿਆ ਜਾਂਦਾ ਸੀ। ਸ਼ਬਦ ਨੂੰ ਰੂਪ ਅਤੇ ਅਰਥ ਵਾਲਾ ਚਿੰਨ੍ਹ ਕਿਹਾ ਜਾਂਦਾ ਸੀ। ਦਰਅਸਲ ਪਰੰਪਰਾਈ ਸੋਚ ਸ਼ਬਦ ਨੂੰ ਵਸਤੂ ਦਾ ਨਾਮ ਹੀ ਸਮਝਦੀ ਸੀ। ਇਸ ਵਿਚਾਰ ਨੂੰ ਨਾਮਕਰਨ (naming) ਦੇ ਤੌਰ ਤੇ ਜਾਣਿਆ ਜਾਂਦਾ ਹੈ। ਲਾਇਨਜ਼ ਅਨੁਸਾਰ ਇਹ ਵਿਚਾਰ ਪਲੈਟੋ ਅਤੇ ਸੁਕਰਾਤ ਆਦਿ ਦੇ ਸਮੇਂ ਤੋਂ ਚਲਿਆ। ਇਸ 'ਨਾਮ ਦੇਣ ਦੀ ਪ੍ਰਕਿਰਿਆ ਨੂੰ ਪਹਿਲਾਂ ਕੁਦਰਤੀ ਹੀ ਸਮਝਿਆ ਜਾਂਦਾ ਸੀ ਪਰ ਬਾਅਦ ਵਿਚ ਇਸ ਨੂੰ ਇਕ ਸਮਾਜਕ ਪ੍ਰਥਾ ਤਸੱਵਰ ਕੀਤਾ ਗਿਆ। ਹੌਲੀ ਹੌਲੀ ਸ਼ਬਦ ਅਰਥ ਅਤੇ ਵਸਤੂ ਵਿਚ ਨਿਖੇੜਾ ਕੀਤਾ ਜਾਣ ਲੱਗ ਪਿਆ। ਵਸਤੂ ਦਿਸਦੇ ਸੰਸਾਰ ਦੀ ਚੀਜ਼ ਹੈ, ਜਿਸ ਦਾ ਸੰਕਲਪ ਮਨੁੱਖ ਦੇ ਮਨ ਵਿਚ ਹੁੰਦਾ ਹੈ ਅਤੇ ਜਿਸ ਨੂੰ ਸ਼ਬਦ ਨਾਲ ਪ੍ਰਗਟ ਕੀਤਾ ਜਾਂਦਾ ਹੈ। ਇੰਜ ਸੰਕਲਪ ਨੂੰ ਸ਼ਬਦ ਦਾ ਅਰਥ ਕਿਹਾ ਗਿਆ। ਇਸ ਆਧਾਰ ਉੱਤੇ ਹੀ ਵਿਆਕਰਨਕ ਵਰਗਾ ਦੀ ਵਿਆਖਿਆ ਵੀ ਕੀਤੀ ਗਈ। ਆਧੁਨਿਕ ਅਰਥ ਵਿਗਿਆਨ ਸ਼ਬਦ, ਅਰਥ ਅਤੇ ਵਸਤੂ ਦੇ ਆਪਸੀ ਸੰਬੰਧ ਨੂੰ ਨਾਮ ਦੇਣ ਦੀ ਥਾਂ ਸੰਕੇਤੀ ਮੰਨਦਾ ਹੈ ਭਾਵ ਸ਼ਬਦ ਵਸਤੂ ਨੂੰ ਸੰਕੇਤ ਕਰਦੇ ਹਨ।

ਕੋਸ਼ਕਾਰੀ ਅਤੇ ਪੰਜਾਬੀ ਕੋਸ਼ਕਾਰੀ: ਸਥਿਤੀ ਤੇ ਸੰਭਾਵਨਾਵਾਂ

ਸਮਾਜਕ ਆਦਾਨ-ਪ੍ਰਦਾਨ ਲਈ ਜੋ ਮਹੱਤਵ ਭਾਸ਼ਾਈ ਵਰਤਾਰਿਆਂ ਨੂੰ ਪ੍ਰਾਪਤ ਹੁੰਦਾ ਹੈ। ਭਾਸ਼ਾਈ ਸਮਝ, ਸੰਭਾਲ ਅਤੇ ਸਮਰੱਥਾ ਲਈ ਲਗਪਗ ਉਸੇ ਕਿਸਮ ਦਾ ਮਹੱਤਵ ਕੋਸ਼ਕਾਰੀ ਦੇ ਕਾਰਜ ਨਾਲ ਜੁੜਿਆ ਹੁੰਦਾ ਹੈ, ਕਿਉਂਕਿ ਵੱਖ ਵੱਖ ਸਮਾਜਕ ਸਮੂਹਾਂ ਵਿਚਕਾਰ ਭਾਸ਼ਾਈ ਅਤੇ ਸਭਿਆਚਾਰਕ ਆਦਾਨ-ਪ੍ਰਦਾਨ ਦੀ ਪ੍ਰਕਿਰਿਆ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ 'ਕੋਸ਼ਕਾਰੀ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਇਸ ਲਈ ਜਿਨ੍ਹਾਂ ਸਮਾਜਕ ਸਮੂਹਾਂ, ਕੌਮਾਂ, ਦੇਸ਼ਾਂ ਜਾਂ ਪ੍ਰਦੇਸਾਂ ਨੇ ਆਪਣੇ ਭਾਸ਼ਾਈ ਅਤੇ ਸਭਿਆਚਾਰਕ ਵਿਕਾਸ ਦੀ ਪ੍ਰਕਿਰਿਆ ਦੌਰਾਨ ਕੋਸ਼ਕਾਰੀ ਦੇ ਅਮਲ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਕੋਸ਼ ਨਿਰਮਾਣ ਦੇ ਕਾਰਜ ਨੂੰ ਵਿਸ਼ੇਸ਼ ਮਹੱਤਵ ਦਿੱਤਾ ਹੈ, ਉਹ ਅਦਾਰੇ, ਦੂਜੇ ਭਾਸ਼ਾਈ ਅਦਾਰਿਆਂ ਦੇ ਮੁਕਾਬਲੇ ਜੀਵਨ ਦੇ ਸਰਬ ਪੱਖੀ ਵਿਕਾਸ ਨੂੰ ਵਧੇਰੇ ਤੇਜ਼ ਕਰ ਸਕੇ ਹਨ। ਵਰਤਮਾਨ ਸਮੇਂ ਵਿਚ ਜਦੋਂ ਵਿਸ਼ਵੀਕਰਨ ਦੀ ਲਹਿਰ ਹਰ ਜੀਅ ਨੂੰ ਆਪਣੀ ਲਪੇਟ ਵਿਚ ਲੈ ਰਹੀ ਹੈ, ਉਸ ਸਮੇਂ ਕੋਸ਼ਕਾਰੀ ਦਾ ਕਾਰਜ ਹੋਰ ਵੀ ਵਧੇਰੇ ਮਹੱਤਵ ਗ੍ਰਹਿਣ ਕਰ ਜਾਂਦਾ ਹੈ। ਸੱਚ ਤਾਂ ਇਹ ਹੈ ਕਿ ਅੱਜ ਦੇ ਗਿਆਨ, ਵਿਗਿਆਨ ਦੀ ਇਸ ਵੰਨ-ਸਵੰਨੀ ਦੁਨੀਆ ਦਾ ਬੋਧ 'ਕੋਸ਼' ਦੇ ਸਹਿਯੋਗ ਤੋਂ ਬਿਨਾ ਸੰਭਵ ਹੀ ਨਹੀਂ ਹੈ। ਇਤਿਹਾਸਕ ਅਮਲ ਦੌਰਾਨ ਵੱਖ ਵੱਖ ਭਾਸ਼ਾਵਾਂ ਦੇ 'ਸਮਭਾਸ਼ੀ ਕੋਸ਼', 'ਦੁਭਾਸ਼ੀ ਕੋਸ਼', ਵਿਸ਼ਵ ਕੋਸ਼', 'ਸਾਹਿਤ ਕੋਸ਼', 'ਅਖਾਣ ਤੇ ਮੁਹਾਵਰਾ ਕੋਸ਼' ਆਦਿ ਕੋਸ਼ਕਾਰੀ ਦੀਆਂ ਵੱਖ ਵੱਖ ਕਿਸਮਾਂ ਸਮਾਜਕ ਵਿਕਾਸ ਲਈ ਵਡਮੁੱਲਾ ਯੋਗਦਾਨ ਪਾਉਂਦੀਆਂ ਰਹੀਆਂ ਹਨ। ਕੋਸ਼ਕਾਰੀ ਦਾ ਕਾਰਜ ਨਿਰਸੰਦੇਹ, ਕਿਸੇ ਸਮਾਜਕ ਅਦਾਰੇ ਦੀ ਭਾਸ਼ਾ ਸਾਹਿਤ ਅਤੇ ਸਭਿਆਚਾਰਕ ਵਿਕਾਸ, ਉਸ ਦੇ ਸੰਚਾਰ ਅਤੇ ਉਸ ਦੀ ਸੰਭਾਲ ਲਈ ਬੁਨਿਆਦੀ ਮਹੱਤਤਾ ਵਾਲਾ ਕਾਰਜ ਹੁੰਦਾ ਹੈ। ਕਸ਼ ਨਿਰਮਾਣ ਦਾ ਕਾਰਜ ਕਿਸੇ ਸਮਾਜਕ ਖਿੱਤੇ ਦੀ ਭਾਸ਼ਾ ਦੀਆਂ ਵਿਵਹਾਰਕ ਲੋੜਾਂ ਵਿਚੋਂ ਜਨਮ ਲੈਂਦਾ ਹੈ। ਇਨ੍ਹਾਂ ਵਿਹਾਰਕ ਲੋੜਾਂ ਦੀ ਪੂਰਤੀ ਹੀ 'ਭਾਸ਼ਾਈ ਪ੍ਰਵਚਨ' ਨੂੰ ਸਾਰਥਕਤਾ ਪ੍ਰਦਾਨ ਕਰਦੀ ਹੈ, ਵਿਸ਼ਵ ਪੱਧਰ ਉੱਤੇ ਸਮਾਜ ਸਭਿਆਚਾਰਕ ਪਰਿਵਰਤਨ ਦਾ ਅਮਲ ਇਕ ਸੁਭਾਵਿਕ ਵਰਤਾਰਾ ਹੈ। ਪਰਿਵਰਤਨ ਦੀ ਇਸ ਨਿਰੰਤਰ ਪ੍ਰਕਿਰਿਆ ਦੌਰਾਨ ਅਨੇਕ ਤਰ੍ਹਾਂ ਦੇ ਦੇਸੀ/ਬਿਦੇਸੀ ਸ਼ਬਦਾਂ ਦਾ ਪਰਸਪਰ ਵਟਾਂਦਰਾ ਹੁੰਦਾ ਰਹਿੰਦਾ ਹੈ। ਅਜਿਹੇ ਸ਼ਬਦਾਂ ਦੇ ਉਚਾਰ ਤੋਂ ਲੈ ਕੇ ਉਨ੍ਹਾਂ ਦੇ ਅਰਥ-ਸੰਚਾਰ ਦੇ ਮਸਲੇ ਤੱਕ, ਸਾਰੇ ਪਹਿਲੂ ਕੋਸ਼ ਦੇ ਸਹਿਯੋਗ ਨਾਲ ਹੀ ਨਜਿੱਠੇ ਜਾ ਸਕਦੇ ਹਨ।

ਸੰਬੰਧਿਤ ਸਮਾਜ ਦੀ ਭਾਸ਼ਾਈ ਅਤੇ ਸਭਿਆਚਾਰਕ ਸਮਰੱਥਾ ਅਨੁਸਾਰ ਹੀ ਉਸ ਭਾਸ਼ਾ ਦੇ ਕੋਸ ਦਾ ਨਿਰਮਾਣ ਹੋ ਸਕਦਾ ਹੈ।ਇਸ ਦ੍ਰਿਸ਼ਟੀ ਤੋਂ ਪੰਜਾਬੀ ਭਾਸ਼ਾ ਦੀ ਪ੍ਰਾਚੀਨਤਾ, ਵਿਸ਼ਾਲਤਾ ਅਤੇ ਭਾਸ਼ਾਈ ਸਮਰੱਥਾ ਦੇ ਮੁਕਾਬਲੇ ਇਸਦੀ ਕੋਸ਼ਕਾਰੀ ਦੀ ਸਥਿਤੀ ਵਧੇਰੇ ਤਸੱਲੀਬਖਸ਼ ਨਹੀਂ ਹੈ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਜਗਤ ਅੰਦਰ ਪ੍ਰਚਲਿਤ ਵੰਨ-ਸਵੰਨੀ ਸ਼ਬਦਾਵਲੀ ਇਸ ਦੇ ਅਖੁੱਟ ਅਤੇ ਅਮੀਰ ਵਿਰਸੇ ਦਾ ਬੋਧ ਕਰਾਉਂਦੀ ਹੈ। ਪੰਜਾਬੀ ਸਮਾਜ ਦੀਆਂ ਵਿਭਿੰਨ ਸਭਿਆਚਾਰਕ ਪ੍ਰਣਾਲੀਆਂ (ਭੋਜਨ ਪ੍ਰਣਾਲੀ, ਰਿਸ਼ਤਾ ਪ੍ਰਣਾਲੀ, ਮੁਦਰਾ ਪ੍ਰਣਾਲੀ ਤੇ ਕਿਹੜ ਆਪਣੇ ਨਿਵੇਕਲੇ ਸ਼ਬਦ-ਭੰਡਾਰ ਰੱਖਦੀਆਂ ਹਨ। ਇਸ ਤਰ੍ਹਾਂ ਪੁਰਾਤਨ ਸਮੁੱਦੀਆਂ ਲਗਪਗ ਸਾਰੀਆਂ ਹੀ ਕਾਰੀਗਰ ਜਾਤੀਆਂ ਦੇ ਸੰਦਾਂ ਸਾਧਨਾਂ ਨਾਲ ਜੁੜੀ ਸ਼ਬਦਾਵਲੀ ਦਾ ਇਕ ਵੱਖਰਾ ਸਿਲਸਿਲਾ ਹੈ। ਖਾਣ-ਪੀਣ, ਹਾਰ-ਸ਼ਿੰਗਾਰ, ਪੂਜਾ-ਪ੍ਰਤਿਸ਼ਠਾ ਕਰਮਕਾਂਡ ਵਹਿਮ-ਭਰਮ ਜਾਂ ਵਿਸ਼ਵਾਸਾਂ ਨਾਲ ਜੁੜੀ ਸ਼ਬਦਾਵਲੀ ਦਾ ਆਪਣਾ ਵੱਖਰਾ ਮਹੱਤਵ ਰਿਹਾ ਹੈ। ਸਮਾਜਕ ਪਰਿਵਰਤਨ ਦੇ ਅਮਲ ਦੌਰਾਨ ਇਹ ਸ਼ਬਦ ਅਲੋਪ ਹੋ ਰਹੇ ਹਨ। ਪੁਰਾਣੇ ਸਮੇਂ ਵਿਚ ਪੰਜਾਬੀ

ਔਰਤ ਇਕਾਸੀ (81) ਕਿਸਮ ਦੇ ਗਹਿਣੇ ਪਹਿਨਦੀ ਸੀ। ਜੇ ਸਾਰੇ ਗਹਿਣਿਆਂ ਨਾਲ ਜੁੜੇ ਸ਼ਬਦਾਂ ਦਾ ਜ਼ਿਕਰ ਨ ਵੀ ਕਰੀਏ ਤਾਂ ਵੀ ਔਰਤ ਦੇ ਗਰਦਨ ਤੋਂ ਹੇਠਾਂ ਅਤੇ ਛਾਤੀ ਉਭਾਰਾਂ ਉੱਤੇ ਲਟਕਣ ਵਾਲੇ ਗਹਿਣਿਆਂ ਵਿਚ ਜੰਜੀਰੀ, ਤੱਗਾ, ਹਮੇਲ, ਇਨਾਮ, ਨਾਮੀਆ, ਤਵੀਤ, ਖੁੱਲਣ ਤਵੀਤ, ਸਿੰਗ ਤਵੀਤ, ਚੰਪਾਕਲੀ, ਚੱਕੀ, ਹੌਲਦਿਲੀ, ਚੋਟਾਲਾ, ਸਾਕਟ, ਪੰਡਲ, ਨੌਰਤਨਾ ਸੈੱਟ, ਬੁਘਤੀਆਂ, ਰਾਣੀਹਾਰ, ਟਿਊਟਾ ਅਤੇ ਚੰਦਰ ਸੋਨੀ ਹਾਰ ਪ੍ਰਸਿੱਧ ਰਹੇ ਹਨ। ਇਨ੍ਹਾਂ ਗਹਿਣਿਆਂ ਵਿਚ ਦਿਲਚਸਪ ਪਹਿਲੂ ਇਹ ਬਣਦਾ ਹੈ ਕਿ ਜੇ ਡੋਰੇ ਵਿਚ ਪੌਂਡ ਪਰੋਏ ਹੋਣ ਤਾਂ ਉਹ ਤੱਗਾ ਹੈ, ਜੇ ਰੁਪਏ ਹੋਣ ਤਾਂ ਹਮੇਲ ਹੈ, ਜੇ ਸੋਨੇ ਦੇ ਪੇਸ ਹੁਣ ਤਾਂ ਬੁਘਤੀਆਂ, ਤਿਕੋਨੇ ਤਵੀਤ ਹੋਣ ਤਾਂ ਉਹੀ ਇਨਾਮ ਬਣ ਜਾਂਦਾ ਹੈ। ਇਸ ਕਿਸਮ ਦੀ ਸ਼ਬਦਾਵਲੀ ਦੇ ਹੋਰ ਵੀ ਨਮੂਨੇ ਦਿੱਤੇ ਜਾ ਸਕਦੇ ਹਨ ਪਰੰਤੂ ਮੰਤਵ ਕੇਵਲ ਵੰਨ-ਸੁਵੰਨਤਾ ਦਰਸਾਉਣਾ ਹੀ ਸੀ।

ਸਭਿਆਚਾਰਕ ਪਰਿਵਰਤਨ ਦੇ ਅਮਲ ਦੌਰਾਨ ਰੋਜਾਨਾ ਜੀਵਨ ਨਾਲ ਸੰਬੰਧਿਤ ਵਰਤਾਰੇ ਅਤੇ ਉਨ੍ਹਾਂ ਨਾਲ ਜੁੜੀ ਸ਼ਬਦਾਵਲੀ ਵੀ ਬਦਲ ਰਹੀ ਹੈ। ਨਵੀਂ ਸਮਾਜਕ ਵਿਵਸਥਾ ਦੇ ਸ਼ਬਦ ਪੁਰਾਣੇ ਸ਼ਬਦਾਂ ਨਾਲ ਜੁੜੇ ਭਾਵਬੋਧ ਪ੍ਰਗਟ ਕਰਦੇ ਹੋਏ ਵੀ ਸੁਭਾਅ ਵਜੋਂ ਵਿਲੱਖਣਤਾ ਰੱਖਦੇ ਹਨ ਜਿਵੇਂ ਪੁਰਾਤਨ ਸਮਾਜਕ ਢਾਂਚੇ ਅੰਦਰ ਪ੍ਰਚਲਿਤ ਸ਼ਬਦ 'ਪਹਾ' ਅਤੇ ਨਵੀਂ ਸਮਾਜਕ ਆਰਥਿਕ ਵਿਵਸਥਾ ਅੰਦਰ ਪ੍ਰਚਲਿਤ ਸ਼ਬਦ ਬਹਿਰਾਂ ਇਕੋ ਅਰਥ ਦੇ ਧਾਰਨੀ ਸ਼ਬਦ ਹਨ, ਫੇਰ ਦੋਵੇਂ ਬੁਨਿਆਦੀ ਤੌਰ ਤੇ ਵੱਖਰੀ ਬਿਰਤੀ ਵਾਲੇ ਸ਼ਬਦ ਹਨ। ਪੁਰਾਤਨ ਸਮਾਜ-ਸਭਿਆਚਾਰਕ ਢਾਂਚੇ ਨਾਲ ਸੰਬੰਧਿਤ ਨਿੱਤ ਜੀਵਨ ਵਿਚੋਂ ਅਲੋਪ ਹੋ ਰਹੀ ਵੰਨ-ਸਵੰਨੀ ਸ਼ਬਦਾਵਲੀ ਨੂੰ ਇਸ ਦੇ ਸਮੁੱਚੇ ਸੰਦਰਭ ਸਹਿਤ ਕੋਸ਼ਕਾਰੀ ਦੇ ਕਾਰਜ ਰਾਹੀਂ ਹੀ ਸੰਭਾਲਿਆ ਅਤੇ ਜਾਣਿਆ ਜਾ ਸਕਦਾ ਹੈ। ਕੋਸ਼ਕਾਰੀ ਦੇ ਮਹੱਤਵ ਨੂੰ ਮੰਨਣ ਤੋਂ ਕੋਈ ਵੀ ਸਮਾਜਕ ਅਦਾਰਾ ਇਨਕਾਰੀ ਨਹੀਂ, ਪਰੰਤ ਆਧੁਨਿਕ ਸਮੇਂ ਵਿਚ ਜਦੋਂ ਨਵੇਂ ਨਵੇਂ ਅਨੁਸ਼ਾਸਨ ਹੋਂਦ ਵਿਚ ਆ ਰਹੇ ਹਨ ਤਾਂ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਸਾਨੂੰ ਬਹੁਤ ਵੱਡੀਆਂ ਪ੍ਰਾਪਤੀਆਂ ਦਾ ਅਹਿਸਾਸ ਨਹੀਂ ਹੁੰਦਾ। ਵਰਤਮਾਨ ਸਮੇਂ ਵਿਚ ਪੰਜਾਬੀ ਕੋਸ਼ਕਾਰੀ ਦੀ ਸਥਿਤੀ ਤੋਂ ਉਹ 'ਅਦਾਰੇ' ਜਾਂ ਅਦਾਰਿਆਂ ਨਾਲ ਜੁੜੇ ਵਿਦਵਾਨ ਦੀ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹਨ, ਜਿਹੜੇ ਲੰਬੇ ਸਮੇਂ ਤੋਂ ਪੰਜਾਬੀ ਕੋਸ਼ਕਾਰੀ ਦੇ ਕਾਰਜ ਨਾਲ ਸਿੱਧੇ ਤੌਰ ਤੇ ਜੁੜੇ ਆ ਰਹੇ ਹਨ। ਅਜਿਹਾ ਕਹਿਣ ਦਾ ਮਨੋਰਥ ਵਿਦਵਾਨਾਂ ਦੁਆਰਾ ਕੀਤੇ ਜਾ ਰਹੇ ਸੁਹਿਰਦ ਯਤਨਾਂ ਨੂੰ ਅਣਡਿਠ ਕਰਨਾ ਜਾਂ ਉਨ੍ਹਾਂ ਦੀ ਕਾਰਜ ਕੁਸ਼ਲਤਾ ਨੂੰ ਨਖੇਧਾਤਮਕ ਦ੍ਰਿਸ਼ਟੀ ਤੋਂ ਦੇਖਣਾ ਹਰਗਿਜ਼ ਨਹੀਂ ਹੈ, ਸਗੋਂ ਅਜਿਹਾ ਕਹਿਣ ਦਾ ਭਾਵ ਉਨ੍ਹਾਂ ਸਾਰੀਆਂ ਦੁਸ਼ਵਾਰੀਆਂ ਵੱਲ ਝਾਤ ਪਵਾਉਣ ਨਾਲ ਜੁੜਿਆ ਹੋਇਆ ਹੈ, ਜਿਹੜੀਆਂ ਪੰਜਾਬੀ ਕੋਸ਼ਕਾਰੀ ਦੇ ਕਾਰਜ-ਖੇਤਰ ਵਿਚ ਗੰਭੀਰ ਚੁਣੌਤੀਆਂ ਦੇ ਰੂਪ ਵਿਚ ਸਾਹਮਣੇ ਆ ਰਹੀਆਂ ਹਨ। ਇਸ ਸੰਬੰਧ ਵਿਚ ਪਹਿਲੀ ਦੁਸ਼ਵਾਰੀ ਤਾਂ ਇਹ ਹੈ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁਦੱਈ ਹੋਣ ਦਾ ਦਾਅਵਾ ਕਰਨ ਵਾਲੀ ਕਿਸੇ ਵੀ ਸਰਕਾਰੀ ਜਾਂ ਗ਼ੈਰ-ਸਰਕਾਰੀ ਧਿਰ ਨੇ ਕੋਸ਼-ਨਿਰਮਾਣ ਦੇ ਕਾਰਜ ਨੂੰ ਹਾਲੇ ਤਕ ਇਕ ਸੁਤੰਤਰ ਅਨੁਸ਼ਾਸਨ ਵਜੋਂ ਅਪਣਾਉਣ ਜਾਂ ਵਿਕਸਤ ਕਰਨ ਦਾ ਉਪਰਾਲਾ ਨਹੀਂ ਕੀਤਾ। ਫਲਸਰੂਪ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਵਿਕਾਸ ਦੀ ਲਗਾਤਾਰ ਦੁਹਾਈ ਦੇਣ ਦੇ ਬਾਵਜੂਦ ਵੀ ਅਸੀਂ ਨਿਰੰਤਰ ਨਿਘਾਰ ਦੀ ਅਵਸਥਾ ਪ੍ਰਾਪਤ ਕਰਦੇ ਜਾ ਰਹੇ ਹਾਂ।

ਪੰਜਾਬੀ ਕੋਸ਼ਕਾਰੀ ਦੇ ਕਾਰਜ ਖੇਤਰ ਨਾਲ ਲੰਬੇ ਸਮੇਂ ਤੋਂ ਤਨਦੇਹੀ ਨਾਲ ਜੁੜੇ ਵਿਦਵਾਨਾ ਵੱਲੋਂ ਪਿਛਲੇ ਦਿਨੀਂ ਅਤਿਅੰਤ ਇਮਾਨਦਾਰੀ ਨਾਲ ਇਹ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਦੂਜੀਆਂ ਵਿਕਸਤ ਭਾਸ਼ਾਵਾਂ ਦੇ ਮੁਕਾਬਲੇ ਕੋਸ਼ਕਾਰੀ ਦੇ ਖੇਤਰ ਵਿਚ (ਅਸੀਂ) ਅਜੇ ਪੈਰ ਧਰਿਆ ਹੈ। ਇਹ ਘੋਸ਼ਣਾ ਵੀਹਵੀਂ ਸਦੀ ਦੇ ਅੰਤਮ ਦਹਾਕੇ ਦੇ ਆਖਰੀ ਸਾਲਾਂ ਵਿਚ ਉਸ ਸਮੇਂ ਕੀਤੀ ਗਈ ਸੀ ਜਦੋਂ ਸਮੁੱਚਾ ਕੌਮਾਂਤਰੀ ਅਦਾਰਾ ਇੱਕੀਵੀਂ ਸਦੀ ਵਿਚ ਪ੍ਰਵੇਸ਼ ਕਰ ਰਿਹਾ ਸੀ ਤੇ ਵਿਸ਼ਵ ਦੀਆਂ ਵੱਡੀਆਂ ਤਾਕਤਾਂ ਤਕਨਾਲੋਜੀ ਦੇ ਬਲਬੂਤੇ ਪੁਲਾੜਦੀਆਂ ਪਰਤਾਂ ਫੈਲਣ ਵੱਲ ਰੁਚਿਤ ਹੋ ਚੁੱਕੀਆਂ ਸਨ। ਉਸ ਸਮੇਂ ਤਕ ਵੀ ਅਸੀਂ ਆਪਣੀਆਂ ਬੁਨਿਆਦੀ ਸਮੱਸਿਆਵਾਂ ਸਾਹਮਣੇ 'ਗਡੀਰੇ ਸਹਾਰੇ ਰੁੜਨ' ਦੀ ਹਾਲਤ ਵਿਚ ਹਾਂ। ਅਜਿਹੀ ਹਾਲਤ ਵਿਚ ਵੀ ਜਦੋਂ ਸਾਡਾ ਸਮੁੱਚਾ ਭਾਸ਼ਾਈ ਤੇ ਸਭਿਆਚਾਰਕ ਵਰਤਾਰਾ ਆਪਣੀ ਪਹਿਚਾਣ ਗੁਆਉਂਦਾ ਜਾ ਰਿਹਾ ਹੈ, ਉਸ ਸਮੇਂ ਅਸੀਂ ਤਰ੍ਹਾਂ ਤਰ੍ਹਾਂ ਦੀ ਹੋਛੀ ਛੋਛੇਬਾਜ਼ੀ ਦਾ ਮਾਰਗ ਅਖਤਿਆਰ ਕਰਕੇ ਵਿਸ਼ਵ ਦੀ ਕੋਈ ਵੱਡੀ ਤਾਕਤ ਬਣਨ ਦਾ ਭਰਮ ਕਦੋਂ ਤਕ ਪਾਲ ਸਕਾਂਗ

ਪੰਜਾਬ ਦਾ ਇਤਿਹਾਸਕ ਅਤੇ ਭੂਗੋਲਿਕ ਪਿਛੋਕੜ ਇਸ ਦੀ ਭਾਸ਼ਾਈ ਅਤੇ ਸਭਿਆਚਾਰਕ ਵੰਨ-ਸੁਵੰਨਤਾ ਦਾ ਕਾਰਨ ਮੰਨਿਆ ਗਿਆ ਹੈ, ਪਰ ਇਹ ਕਾਰਨ ਕੋਸ਼ਕਾਰੀ ਦੇ ਕਾਰਜ ਲਈ ਸਮੱਸਿਆ ਵੀ ਪੈਦਾ ਕਰਦਾ ਰਿਹਾ ਹੈ| ਵਡੀ ਰੰਗਤ ਵਾਲੀ ਸਬਦਾਵਲੀ, ਸੰਸਕ੍ਰਿਤ ਮੂਲ ਦੀ ਸ਼ਬਦਾਵਲੀ ਅਤੇ ਅਰਬੀ-ਫਾਰਸੀ ਮੂਲ ਦੀ ਸ਼ਬਦਾਵਲੀ ਵਿਚਕਾਰ ਅੰਤਰ ਨਿਖੇੜ ਕਰਨਾ ਇਨ੍ਹਾਂ ਦਾ ਉਚਾਰ ਅਤੇ ਸੰਚਾਰ ਦਰੁਸਤ ਕਰਨਾ ਵੀ ਕੋਸ਼ਕਾਰੀ ਦੇ ਖੇਤਰ ਦੀ ਗੰਭੀਰ ਚੁਣੌਤੀ ਰਹੀ ਹੈ। ਜਿੱਥੋਂ ਤੱਕ ਵੈਦਿਕ ਭਾਸ਼ਾ ਅਤੇ ਇਸ ਦੇ ਸਾਹਿਤ ਦੀ ਸਾਂਭ-ਸੰਭਾਲ ਦੇ ਮਸਲੇ ਹਨ ਉਹ ਉਸ ਸਮੇਂ ਦੇ ਰਿਸ਼ੀਆਂ ਮੁਨੀਆਂ ਵੱਲੋਂ ਹਲ ਕਰ ਲਈ ਗਏ ਸਨ। ਉਸ ਸਮੇਂ 'ਵੇਦਾਂਗ', ਪਾਤਿਸਾਖਿਆ' ਅਤੇ 'ਨਿਘੰਟ' ਵਰਗੀਆਂ ਵਿਧਾਵਾਂ ਅਸਲ ਵਿਚ ਕੋਸ਼ ਕਲਾ ਦਾ ਹੀ ਨਮੂਨਾ ਮੰਨੀਆਂ ਗਈਆਂ ਸਨ। ਸੰਸਕ੍ਰਿਤ ਭਾਸ਼ਾ ਵਿਚ ਕੋਸ਼, ਅਭਿਧਾਨ-ਕੋਸ਼, ਨਾਮ-ਨਿਧਾਨ, ਨਾਮ-ਮਾਲਾ ਅਤੇ ਨਾਮ-ਸੰਗ੍ਰਹਿ ਵਰਗੇ ਸ਼ਬਦਾਂ ਦੀ ਹੋਂਦ ਅਤੇ ਪ੍ਰਯੋਗ ਉਸ ਸਮੇਂ ਦੇ ਕੋਸ਼ਕਾਰੀ ਦੇ ਰੁਝਾਣ ਵਲ ਸੰਕੇਤ ਕਰਦੇ ਸ਼ਬਦ ਹੀ ਹਨ। ਨਿਘੰਟੂ ਵੜੀ ਮੂਲ ਦਾ ਸ਼ਬਦ ਹੈ ਜਿਹੜਾ 'ਕੋਸ਼' ਦਾ ਭਾਵ ਪ੍ਰਗਟ ਕਰਦਾ ਹੈ। ਅਸਲ ਵਿਚ ਇਹ ਸ਼ਬਦ 'ਪਰਿਆਇਵਾਚੀ ਕੋਸ਼' ਦੇ ਅਰਥਾਂ ਵਿਚ ਪ੍ਰਯੋਗ ਹੁੰਦਾ ਰਿਹਾ ਹੈ। 'ਨਿਰੁਕਤ' ਇਸੇ ਵੰਨਗੀ ਦੀ ਰਚਨਾ ਮੰਨੀ ਗਈ ਹੈ ਜਿਹੜੀ ਯਾਸਕ ਵੱਲੋਂ ਈਸਵੀ ਪੂਰਬ ਵਿਚ ਕੀਤੀ ਗਈ ਸੀ। ਅਮਰਕੋਸ਼ ਛੇਵੀਂ ਸਦੀ ਦੀ ਰਚਨਾ ਹੈ, ਜਿਸ ਤੋਂ ਇਹ ਸੰਕਤ ਮਿਲ ਜਾਂਦਾ ਹੈ ਕਿ ਕੋਸ਼ਕਾਰੀ ਦਾ ਰੁਝਾਣ ਕਾਫ਼ੀ ਪੁਰਾਣਾ ਰਿਹਾ ਹੈ।

ਸੰਸਕ੍ਰਿਤ ਭਾਸ਼ਾ ਅਤੇ ਸਾਹਿਤ ਅੰਦਰ ਕੇਸ਼ ਨਿਰਮਾਣ ਦਾ ਕਾਰਜ ਭਾਵੇਂ ਆਧੁਨਿਕ ਸਮੇਂ ਦੀ ਕੋਸ਼ਕਾਰੀ ਦੇ ਵਿਗਿਆਨਕ ਦ੍ਰਿਸ਼ਟੀਕੋਣ ਦਾ ਧਾਰਨੀ ਨਹੀਂ, ਪਰੰਤੂ ਸਮੇਂ ਦੀ ਲੋੜ ਅਨੁਸਾਰ ਇਹ ਕਾਰਜ ਨਿਰਾਸ਼ ਨਹੀਂ ਸੀ ਕਰਦੇ, ਜਦੋਂ ਕਿ ਆਧੁਨਿਕ ਸਮੇਂ ਦੀ ਪੰਜਾਬੀ ਕੋਸ਼ਕਾਰੀ ਦਾ ਸਿਲਸਿਲਾ ਵਧੇਰੇ ਗੰਭੀਰ ਤਵੱਜੋਂ ਦੀ ਮੰਗ ਕਰਦਾ ਹੈ। ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਸਮੂਹਿਕ ਜਾਂ ਸੰਸਥਾਈ ਪੱਧਰ ਦੇ ਯਤਨਾ ਨਾਲੋਂ ਵਿਅਕਤੀਗਤ ਪੱਧਰ ਉੱਤੇ ਕੀਤੇ ਗਏ ਯਤਨ ਵਧੇਰੇ ਸਾਰਥਕ ਰਹੇ ਹਨ। ਉਦਾਹਰਨ ਵੱਜ ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ (1930), ਸ. ਮੋਯਾ ਸਿੰਘ ਦੀ ਪੰਜਾਬੀ ਡਿਕਸ਼ਨਰੀ ਅਤੇ ਡਾ. ਸੋਹਿੰਦਰ ਸਿੰਘ ਬੇਦੀ ਦਾ ਲੋਕਧਾਰਾ ਵਿਸ਼ਵਕੋਸ਼ (ਅੱਠ ਜਿਲਦਾ) ਦੀ ਕਾਰਜ ਗੁਜਾਰੀ ਦੇਖੀ ਜਾ ਸਕਦੀ ਹੈ। ਇਸ ਦੇ ਮੁਕਾਬਲੇ ਸੰਸਥਾਈ

ਪੱਧਰ ਦਾ ਕਾਰਜ ਜਾਂ ਤਾਂ 'ਅਲਪ ਸੰਖਿਆ' ਵਿੱਚ ਹੈ ਜਾਂ ਫੇਰ ਉਹ ਅਧੂਰੀ ਹਾਲਤ ਵਿਚ ਪਿਆ ਹੈ। ਤੀਜੀ ਕਿਸਮ ਦਾ ਕਾਰਜ ਵਿਦੇਸ਼ੀ ਹਾਕਮਾਂ ਵੱਲੋਂ ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਅਤੇ ਪੰਜਾਬੀ ਸਭਿਆਚਾਰ ਫ਼ਾਰਸੀ ਦੇ ਲਗਪਗ ਨੌ ਦੇ ਕਰੀਬ 'ਨਸੀਬ' ਜਾਂ ਫ਼ਾਰਸੀ ਸੰਸਕ੍ਰਿਤ ਭਾਸ਼ਾ ਨਾਲ ਸੰਬੰਧਿਤ ਹੋਰ ਕੋਸ਼, ਸਮਭਾਸ਼ੀ ਕੋਸ਼ ਜਾਂ ਦੁਭਾਸ਼ੀ ਕੋਸ਼, ਉਸ ਕਿਸਮ ਦੇ ਉਚੇਚੇ ਯਤਨਾਂ ਨਾਲ ਤਿਆਰ ਕਰਵਾਏ ਗਏ ਕੋਸ਼ ਨਹੀਂ, ਜਿਸ ਦੀ ਸੋਚੀ ਸਮਝੀ ਸਾਜਿਸ਼ ਅਧੀਨ ਅੰਗਰੇਜ਼ ਹਾਕਮਾਂ ਨੇ ਕੋਸ਼ਕਾਰੀ ਦਾ ਕਾਰਜ ਕਰਵਾਇਆ ਹੈ। ਈਸਾਈ ਧਰਮ ਦਾ ਪ੍ਰਚਾਰ ਅੰਗਰੇਜ਼ੀ ਸੈਨਿਕ ਪ੍ਰਬੰਧ ਦੀ ਮਜ਼ਬੂਤੀ, ਯੂਰੀਪਨ ਅਫਸਰਾਂ ਲਈ ਦੇਸੀ ਲੋਕਾਂ ਨਾਲ ਸੰਬਾਦ ਰਚਾਉਣ ਦੀ ਯੋਗਤਾ ਅਤੇ ਪੱਛਮੀ ਸਭਿਆਚਾਰ ਦੀਆਂ ਜੜਾਂ ਪੱਕੀਆਂ ਕਰਨਾ ਆਦਿ ਮਨੋਰਥ ਅੰਗਰੇਜ਼ਾਂ ਵੱਲੋਂ ਸੁਚੇਤ ਤੌਰ ਤੇ ਅਪਣਾਗੇ ਗਏ ਸਨ।

ਈਸਾਈ ਮਿਸ਼ਨਰੀਆਂ ਦਾ ਮਨੋਰਥ ਭਾਵੇਂ ਲੋਕ ਨਹੀਂ ਸੀ, ਪਰੰਤੂ ਪੰਜਾਬ ਵਿਚ ਲਗਪਗ ਸਾਰੇ ਹੀ ਆਧੁਨਿਕ ਰੰਗਤ ਵਾਲੇ ਭਾਸ਼ਾਈ ਜਾਂ ਸਭਿਆਚਾਰਕ ਵਰਤਾਰੇ ਕਿਸੇ ਨਾ ਕਿਸੇ ਰੂਪ ਵਿਚ ਈਸਾਈ ਮਿਸ਼ਨਰੀਆਂ ਦੀ ਹੀ ਦੇਣ ਹਨ।ਈਸਾਈ ਮਿਸ਼ਨਰੀਆਂ ਦੇ ਵਿਰੋਧ ਜਾਂ ਪ੍ਰਤਿਕਰਮ ਵੱਜੋਂ ਵੀ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਚੋਖਾ ਕਾਰਜ ਹੋਇਆ ਹੈ। ਇਸ ਕਿਸਮ ਦਾ ਕਾਰਜ ਵਧੇਰੇ ਕਰਕੇ ਸਿੱਖ ਵਿਦਵਾਨਾਂ ਵੱਲੋਂ ਸਿੱਖ ਧਰਮ ਦੇ ਵਿਸ਼ੇਸ਼ ਗ੍ਰੰਥਾਂ ਨਾਲ ਸੰਬੰਧਿਤ ਸ਼ਬਦਾਵਲੀ ਤੱਕ ਹੀ ਸੀਮਤ ਰੱਖਿਆ ਗਿਆ ਹੈ। ਗੁਰਬਾਣੀ ਤੇ ਆਧਾਰਿਤ ਅਜਿਹੇ ਕੰਮਾਂ ਦੀ ਕੁੱਲ ਗਿਣਤੀ ਪੰਦਰਾਂ ਦੇ ਕਰੀਬ ਬਣਦੀ ਹੈ। ਇਸ ਦੇ ਮੁਕਾਬਲੇ ਸਾਧਾਰਨ ਵੰਨਗੀ ਦੇ ਕੇਵਲ ਚਾਰ ਕੋਸ਼ ਹੀ ਪ੍ਰਾਪਤ ਹੁੰਦੇ ਹਨ। ਜਿਨ੍ਹਾਂ ਵਿਚ ਸ. ਕਰਤਾਰ ਸਿੰਘ ਦਾ ਪ੍ਰਮਾਣਿਕ ਪੰਜਾਬੀ ਕੋਸ਼ ਵੀ ਸ਼ਾਮਲ ਹੈ ਜਿਸ ਦੀ ਕੇਵਲ ਇਕੋ ਜਿਲਦ 'ੳ ਤੋਂ 'ਹ' ਤੱਕ 1963 ਈ. ਵਿਚ ਪ੍ਰਕਾਸ਼ਿਤ ਹੋ ਕੇ ਖਤਮ ਹੋ ਚੁੱਕੀ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ ਪੰਜਾਬੀ ਕੰਬ (ਜੋ ਜਿਲਦਾ) ਇਕ ਚੰਗਾ ਯਤਨ ਹੈ। ਪਰ ਉਪ ਭਾਸ਼ਾਈ ਕੋਸ ਕੇਵਲ ਪੁਆਧੀ ਅਤੇ ਪੋਠੋਹਾਰੀ ਸ਼ਬਦਾਵਲੀ ਤਕ ਹੀ ਸੀਮਤ ਹਨ। 1960 ਤੋਂ ਮਗਰੋਂ ਮਾਝੀ ਤੇ ਮਲਵਈ ਉਪ ਭਾਸ਼ਾ ਬਾਰੇ ਕੋਈ ਯਤਨ ਨਹੀਂ ਹੋਏ। 'ਮੁਹਾਵਰਾ ਤੇ ਅਖਾਣ ਕੋਸ਼' ਦੀ ਸਥਿਤੀ ਬਾਕੀ ਕੋਸ਼ ਵੰਨਗੀਆਂ ਨਾਲੋਂ ਬਿਹਤਰ ਹੈ। ਇਸੇ ਤਰ੍ਹਾਂ 'ਪਰਿਆਏ ਕੋਸ਼ ਦੀ ਵੰਨਗੀ ਵੀ ਸਧਾਰਨ ਜੀਵਨ ਦੀ ਸ਼ਬਦਾਵਲੀ ਨਾਲੋਂ ਸਿੱਖ ਧਰਮ ਜਾਂ ਧਾਰਮਿਕ ਗ੍ਰੰਥਾਂ ਨਾਲ ਸੰਬੰਧਿਤ ਸ਼ਬਦਾਵਲੀ ਨਾਲ ਹੀ ਵਧੇਰੇ ਜੋੜੀ ਹੋਈ ਹੈ। ਪਰ ਇਸ ਵੰਨਗੀ ਦੇ ਕਾਰਜ ਨਿਰਾਸ਼ ਨਹੀਂ ਕਰਦੇ।

ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਮਿਸ਼ਰਤ ਵੰਨਗੀ ਦੇ ਕੋਸ਼/ਵਿਸ਼ਵਕੋਸ਼ ਕੁੱਲ ਮਿਲਾ ਕੇ ਤੇਰਾਂ ਦੇ ਕਰੀਬ ਬਣਦੇ ਹਨ। ਇਨ੍ਹਾਂ ਵਿਚ ਗੁਰਬਖਸ਼ ਸਿੰਘ ਕੇਸਰੀ ਦਾ ਸੰਖਿਆ ਕੋਸ਼,ਅਰਥ-ਵਿਗਿਆਨ ਦੇ ਨਾਲ ਸਬੰਧਤ, ਹਿੰਦੂ ਮਿਥਿਹਾਸ ਕੋਸ਼, ਪੰਜਾਬ ਅਤੇ ਪੰਜਾਬੀ ਯੂਨੀਵਰਸਿਟੀ ਦੇ ਸਾਹਿਤ ਕੋਸ਼ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਪੰਜਾਬੀ ਪੁਸਤਕ ਕੋਸ਼ ਵੀ ਸ਼ਾਮਲ ਹਨ। ਅਜਿਹੇ ਯਤਨ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਵੰਨ-ਸਵੰਨਤਾ ਤਾਂ ਪੈਦਾ ਕਰਦੇ ਹਨ ਪਰ ਅਧੂਰੀ ਹਾਲਤ ਵਿਚ ਹੋਣ ਕਾਰਨ ਅਤੇ ਕੋਸ਼-ਵਿਗਿਆਨ ਦੀ ਦ੍ਰਿਸ਼ਟੀ ਤੋਂ ਕਈ ਤਰ੍ਹਾਂ ਦੀਆਂ ਤਕਨੀਕੀ ਉਣਤਾਈਆਂ ਕਾਰਨ ਇਸ ਵੰਨਗੀ ਦੇ ਐਬ ਕਿਸੇ ਵਿਲੱਖਣ ਕਲਾ ਕੋਸ਼ਲਤਾ ਦਾ ਪ੍ਰਦਰਸ਼ਨ ਨਹੀਂ ਕਰ ਸਕੇ। ਪੰਜਾਬੀ ਵਿਚ ਵਿਸ਼ੇ ਕੋਸ਼ ਅਤੇ ਸੰਦਰਭ ਕੋਸ਼ ਦੇ ਰੂਪ ਵਿਚ ਹੋਇਆ ਕਾਰਜ ਬਹੁਤ ਹੀ ਅਲਪ ਸੰਖਿਆ ਵਿਚ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੇ ਪਰਿਆਏ ਤੇ ਵਿਪਰਿਆਏ ਕੋਸ਼, ਤੁਕ-ਤਕਕਰਾ, ਸ਼ਬਦ

ਅਨੁਕਮਣਿਕਾ ਅਤੇ ਸ਼ਬਦ ਜੋਤ ਕੋਸ਼ ਪੰਜਾਬੀ ਪੇਸਕਾਰੀ ਦੇ ਖੇਤਰ ਦੀਆਂ ਸਚਮੁੱਚ ਵਰਣਨਯੋਗ ਪ੍ਰਾਪਤੀਆਂ ਹਨ। ਦੁਭਾਸ਼ੀ ਕੰਮ ਦੇ ਰੂਪ ਵਿਚ ਪੰਜਾਬੀ ਅੰਗਰੇਜ਼ੀ ਕੋਸ਼ ਗਿਣਤੀ ਵਿਚ ਚਾਰ ਦੇ ਕਰੀਬ ਹਨ ਜਦੋਂ ਕਿ ਅੰਗੇਜ਼ੀ-ਪੰਜਾਬੀ ਕੋਸ਼ਾਂ ਦੀ ਸੰਖਿਆ ਚੰਦਾਂ ਦੇ ਕਰੀਬ ਬਣਦੀ ਹੈ। ਇਨ੍ਹਾਂ ਦੇ ਮੁਕਾਬਲੇ ਫ਼ਾਰਸੀ, ਉਰਦੂ, ਰੂਸੀ, ਮਲਿਆਲਮ ਆਦਿ ਭਾਸ਼ਾ ਦੇ ਕੋਸ਼ ਵੀ ਇਕ ਜਾਂ ਦੋ ਦੀ ਗਿਣਤੀ ਵਿਚ ਪ੍ਰਾਪਤ ਹੁੰਦੇ ਹਨ। ਜਦੋਂ ਕਿ ਹਿੰਦੀ-ਪੰਜਾਬੀ ਤੇ ਉਰਦੂ ਦੇ ਬਹੁਭਾਸ਼ੀ ਕੋਸ਼ ਲਗਪਗ ਛੇ ਦੀ ਗਿਣਤੀ ਵਿਚ ਪ੍ਰਾਪਤ ਹੁੰਦੇ ਹਨ। ਪਰਿਭਾਸ਼ਕ ਕੋਸ਼/ਤਕਨੀਕੀ ਸ਼ਬਦਾਵਲੀ ਦਾ ਕਾਰਜ ਪੰਜਾਬ ਦੇ ਭਾਸ਼ਾ ਵਿਭਾਗ ਨੇ ਚੋਖੀ ਮਾਤਰਾ ਵਿਚ ਕੀਤਾ ਹੈ।

ਪੰਜਾਬੀ ਕੋਸ਼ਕਾਰੀ ਬਾਰੇ ਉਪਰੋਕਤ ਵੇਰਵਾ ਪੰਜਾਬੀ ਕੋਸ਼ਕਾਰੀ ਦਾ ਸਰਵੇਖਣ ਨਹੀਂ ਸਗੋਂ ਇਹ ਸੰਖੇਪ ਵੇਰਵਾ ਪੰਜਾਬੀ ਕੋਸ਼ਕਾਰੀ ਦੀ ਦਿਸ਼ਾ ਅਤੇ ਦਸ਼ਾ ਦੀ ਸਥਿਤੀ ਵੱਲ ਕੀਤਾ ਸੰਕੇਤ ਮਾਤਰ ਹੈ। ਪੰਜਾਬੀ ਕੋਸ਼ਕਾਰੀ ਦੇ ਕਾਰਜ ਵਿਚ ਅਧੂਰੇਪਣ ਜਾਂ ਤਕਨੀਕੀ ਊਣਤਾਈਆਂ ਨੂੰ ਕਦੇ ਕਿਸੇ ਨੇ ਸੁਹਿਰਦ ਰੂਪ ਵਿਚ ਦਰੁਸਤ ਕਰਨ ਦਾ ਯਤਨ ਨਹੀਂ ਕੀਤਾ ਅਤੇ ਨਾ ਹੀ ਕਦੇ ਕੋਸ਼ਕਾਰੀ ਦੇ ਨਵੇਂ ਇੰਦਰਾਜ ਕਰਕੇ ਪੰਜਾਬੀ ਕੋਸ਼ਕਾਰੀ ਨੂੰ ਸਮਕਾਲੀ ਸਮਾਜਕ ਹਾਲਤਾਂ ਦੇ ਅਨੁਕੂਲ ਬਣਾਉਣ ਦਾ ਉਪਰਾਲਾ ਕੀਤਾ ਹੈ। ਫਲਸਰੂਪ ਪੰਜਾਬੀ ਕੋਸ਼ਕਾਰੀ ਤੇ ਕੋਸ਼ ਨਿਰਮਾਣ ਦਾ ਕਾਰਜ ਮਹੱਤਵਪੂਰਨ ਹੁੰਦਾ ਹੋਇਆ ਵੀ ਮਿਆਰੀ ਹੋਂਦ ਦਾ ਰੁਤਬਾ ਪ੍ਰਾਪਤ ਨਹੀਂ ਕਰ ਸਕਿਆ। ਪੰਜਾਬੀ ਕੋਸ਼ਕਾਰੀ ਦੀ ਇਸ ਸਥਿਤੀ ਲਈ ਹੇਠ ਲਿਖੇ ਕਾਰਨ ਜ਼ਿੰਮੇਵਾਰ ਠਹਿਰਾਏ ਜਾ ਸਕਦੇ ਹਨ

ਪੰਜਾਬੀ ਜਗਤ ਅੰਦਰ ਕੋਸ਼ਕਾਰੀ ਦੇ ਖੋਜ-ਕਾਰਜ ਨੂੰ ਅਧਿਆਪਨ ਕਾਰਜ ਦੇ ਮੁਕਾਬਲੇ ਤੁੱਛ ਮੰਨਿਆ ਜਾਂਦਾ ਹੈ। ਕੋਸ਼ਕਾਰੀ ਦੇ ਖੇਤਰ ਵਿਚ ਖੋਜ ਕਾਰਜ ਲਈ ਪ੍ਰਾਪਤ ਹੋਣ ਵਾਲੀਆਂ ਸੁਵਿਧਾਵਾਂ ਵੀ ਨਾ ਮਾਤਰ ਹਨ।

ਭਾਸ਼ਾ ਭਾਸ਼ਾਵਾਂ ਸਿੱਖਣ ਸਿਖਾਉਣ ਦੇ ਅਮਲ ਪਤੀ ਅਸੀਂ ਕਦੇ ਵੀ ਸੁਹਿਰਦ ਪਹੁੰਚ ਅਪਣਾਉਣ ਦਾ ਯਤਨ ਨਹੀਂ ਕੀਤਾ। ਪੰਜਾਬੀ ਭਾਸ਼ਾ ਦੇ ਵਿਕਾਸ ਨਾਲ ਸੰਬੰਧਿਤ ਸਰਕਾਰੀ ਗ਼ੈਰ ਸਰਕਾਰੀ ਅਦਾਰੇ ਕਦੇ ਵੀ ਪੰਜਾਬੀ ਦੇ ਭਾਸ਼ਾਈ ਵਿਕਾਸ ਲਈ ਉਸਾਰੂ ਰੁੱਖ ਅਖ਼ਤਿਆਰ ਨਹੀਂ ਕਰ ਸਕੇ। ਪੰਜਾਬੀ ਦੀ ਆਪਣੀ ਭਾਸ਼ਾਈ ਬਣਤਰ ਵੀ ਇਸ ਦੀ ਕੋਸ਼ਕਾਰੀ ਦੇ ਮਿਆਰੀ ਰੂਪ ਧਾਰਨ ਕਰਨ ਵਿਚ ਰੁਕਾਵਟ ਬਣਦੀ ਰਹੀ ਹੈ।

ਆਧੁਨਿਕ ਸਮੇਂ ਦੇ ਸੰਚਾਰ ਸਾਧਨਾਂ ਦਾ ਪ੍ਰਾਰ, ਵਿਵਹਾਰਕ ਜੀਵਨ ਦਾ ਅੰਦਾਜ਼ ਅਤੇ ਪੱਛਮੀ ਮੁਲਮ ਹੇਠ ਗਲਫੀ 'ਦੇਸੀ ਮਾਨਸਿਕਤਾ' ਨੇ ਪੰਜਾਬੀ ਸੱਭਿਆਚਾਰ ਅਤੇ ਭਾਸ਼ਾਈ ਵਰਤਾਰਿਆਂ ਨੂੰ ਇਸ ਦੇ ਖਾਲਸ ਰੂਪ ਵਿਚ ਸੰਭਾਲਣ ਜਾਂ ਜਾਨਣ ਦੀ ਕਦੇ ਪ੍ਰਵਾਹ ਹੀ ਨਹੀਂ ਕੀਤੀ।

ਇਸ ਕਿਸਮ ਦੇ ਕਾਰਨ ਹੋਰ ਵੀ ਗਿਣਵਾਏ ਜਾ ਸਕਦੇ ਹਨ ਪਰ ਅਜਿਹਾ ਕਰਨ ਦਾ ਮਨੋਰਥ ਕੇਵਲ ਇਹੋ ਹੈ ਕਿ ਜਿੱਥੇ ਅਸੀਂ ਬਾਕੀ ਹਰ ਤਰ੍ਹਾਂ ਦੇ ਪੱਛਮੀ ਵਿਵਹਾਰ ਤੇ ਜੀਵਨ ਜਾਚ ਨੂੰ ਅਪਣਾਉਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਾਂ ਉਥੇ ਰੀਸੋ ਰੀਸ ਜੇ ਪੱਛਮ ਦੇ ਲੋਕਾਂ ਵਾਂਗ ਮਿਹਨਤ ਕਰਨ ਦੀ ਰਵਾਇਤ ਵੀ ਕਾਇਮ ਕਰ ਲਈਏ ਤਾਂ ਸ਼ਾਇਦ ਸਾਡੀ ਬੰਦ-ਖਲਾਸੀ ਸੰਭਵ ਹੈ।

ਕੋਸ਼ਕਾਰੀ ਦੇ ਪਰਿਪੇਖ ਵਿਚ ਸ਼ਾਬਦਿਕ ਅਤੇ ਪ੍ਰਸੰਗਿਕ ਅਰਥ ਦਾ ਨਿਖੇੜਾ

ਕੋਸ਼ਕਾਰੀ ਦੇ ਪਰਿਪੇਖ ਵਿਚ ਸ਼ਾਬਦਿਕ ਅਤੇ ਪ੍ਰਸੰਗਿਕ ਅਰਥ ਦਾ ਨਿਖੇੜਾ ਕੁਝ ਖੇਤਰਾਂ ਵਿੱਚ ਕੀਤਾ ਜਾਣ ਵਾਲਾ ਇੱਕ ਵਖਰੇਵਾਂ ਹੈ।ਸ਼ਾਬਦਿਕ ਭਾਸ਼ਾ ਗੱਲਬਾਤ ਦੌਰਾਨ ਵਰਤੇ ਜਾ ਰਹੇ ਸ਼ਬਦਾਂ ਦਾ ਆਪਣੀ ਐਨ ਸਹੀ ਕੋਸ਼ਗਤ ਪਰਿਭਾਸ਼ਾ ਅਨੁਸਾਰ ਪ੍ਰਯੋਗ ਹੁੰਦਾ ਹੈ।ਲਾਖਣਿਕ (ਜਾਂ ਅਲੰਕਾਰਕ) ਭਾਸ਼ਾ ਪਰਿਭਾਸ਼ਾ ਤੋਂ ਹਟਕੇ ਇੱਕ ਨਵੇਂ, ਬਦਲੇ ਹੋਏ, ਜਾਂ ਵਧੇਰੇ ਗੁੰਝਲਦਾਰ ਅਰਥਾਂ ਨੂੰ ਪ੍ਰਾਪਤ ਕਰਨ ਹਿਤ ਸ਼ਬਦ ਪ੍ਰਯੋਗ ਹੁੰਦਾ ਹੈ।ਸ਼ਾਬਦਿਕ ਅਰਥ ਪ੍ਰਯੋਗ ਸ਼ਬਦਾਂ ਦਾ "ਆਮ" ਅਰਥਾਂ ਵਿੱਚ ਪ੍ਰਯੋਗ ਹੁੰਦਾ ਹੈ।ਇਹ ਪ੍ਰਸੰਗ ਦੀ ਪਰਵਾਹ ਕੀਤੇ ਬਿਨਾਂ ਇਕਸਾਰ ਅਰਥ ਦਾ ਵਾਹਕ ਰਹਿੰਦਾ ਹੈ ਅਤੇ ਪ੍ਰਸੰਗਿਕ ਅਰਥ ਅੱਡ ਅੱਡ ਸ਼ਬਦਾਂ ਦੇ ਅਰਥ ਦੇ ਐਨ ਅਨੁਸਾਰੀ ਹੁੰਦਾ ਹੈ।

'ਸ਼ਬਦ" ਦੀ ਵਰਤੋਂ ਇੱਕ ਹੋਰ ਅਮੂਰਤ ਭਾਵਾਰਥ ਵਿੱਚ ਕੀਤੀ ਜਾਂਦੀ ਹੈ ਜਿਸ ਨੂੰ ਕੋਸ਼ਾਤਮਕ ਸ਼ਬਦ ਕਿਹਾ ਜਾਂਦਾ ਹੈ। ਇੱਕ ਕੋਸੀ ਸ਼ਬਦ ਉਹ ਭਾਵ ਹੁੰਦਾ ਹੈ ਜਿਸਦਾ ਇੰਦਰਾਜ ਕੋਸ਼ਗਤ (DICTIONARY) ਵਿੱਚ ਹੁੰਦਾ ਹੈ। ਇੱਕ ਕੋਸ਼ਗਤ ਇਕਾਈ ਇੱਕ ਅਮੂਰਤ ਇਕਾਈ ਹੁੰਦੀ ਹੈ ਅਤੇ ਇਹ ਲਿਖਤੀ ਅਤੇ ਧੁਨੀਆਤਮਕ ਪੱਧਰ ਤੇ ਵਰਤੀ ਜਾਂਦੀ ਹੈ ਇਹਨਾਂ ਦੀ ਵਰਤੋਂ ਮਿਲਦੇ ਜੁਲਦੇ ਸ਼ਬਦਾਂ ਵਿੱਚੋਂ ਕੀਤੀ ਜਾਂਦੀ ਹੈ। ਡੇਵਿਡ ਕ੍ਰਿਸਟਲ ਅਨੁਸਾਰ 'ਸ਼ਬਦ' ਦਾ ਇੱਕ ਹੋਰ ਅਮੂਰਤ ਭਾਵ ਵੀ ਮਿਲਦਾ ਹੈ ਜਿਹੜਾ ਕਿ ਅਜਿਹਾ ਸਾਂਝਾ ਤੱਤ ਹੈ ਜੋ ਕਿ ਵਿਵਿਧ ਭਾਂਤ ਦੇ ਰੂਪਾਂ ਦਾ ਅਧਾਰ ਹੈ। ਇਹ ਵਿਵਧ ਰੂਪ ਇਕੋ ਹੀ ਯੂਨਿਟ ਦੇ ਬਦਲਵੇਂ ਰੂਪਾਂਤਰ ਹਨ ਜਿਵੇਂ ਕਿ ਅੰਗਰੇਜ਼ੀ ਭਾਸ਼ਾ ਦੇ ਵਿਆਕਰਣ ਵਿੱਚ /walk, walking, walks/ ਇੱਕੋ ਕੋਸ਼ਕ walk ਦੇ ਵਿਭਕਤੀ ਰੂਪ (inflexion) ਹਨ[ਅਹਿਜੇ ਆਧਾਰ ਭੂਤ ਸਾਂਝੇ ਸ਼ਬਦ ਯੂਨਿਟ ਨੂੰ 'ਕੋਸ਼ਕ' ਕਿਹਾ ਜਾਂਦਾ ਹੈ। ਕੋਸ਼ਕ, ਸ਼ਬਦ ਕੋਸ਼ ਦੀਆਂ ਇਕਾਈਆਂ ਹਨ, ਅਤੇ ਇਹ ਡਿਕਸ਼ਨਰੀਆਂ ਵਿੱਚ ਇੰਦਰਾਜਾਂ (entries) ਦੇ ਤੌਰ ਤੇ ਮੁੱਢਲੀ ਇਕਾਈਆਂ ਵਜੋਂ ਦਰਜ ਕੀਤੇ ਜਾਂਦੇ ਹਨ। ਕੋਸ਼ਕਾਂ ਵਾਲੇ ਭਾਵਾਰਥ ਨੂੰ ਸੂਚਿਤ ਕਰਨ ਕਰਕੇ ਸ਼ਬਦ ਦੇ ਇਸ ਸੰਦਰਭਗਤ ਭੇਦ ਨੂੰ 'ਕੋਸ਼ਗਾਤਮਕ ਸ਼ਬਦ' ਕਿਹਾ ਜਾਂਦਾ ਹੈ।ਮੁੱਢਲੇ ਕੋਸ਼ਾਤਮਕ ਸ਼ਬਦਾਂ ਦਾ ਰੂਪਾਂਤਰ ਵਿਭਕਤੀ-ਰੂਪਾਂ ਵਿੱਚ ਹੁੰਦਾ ਹੈ। ਇਹਨਾਂ ਕੋਸ਼ਕੀ ਬਹੁਵਿਧ ਸ਼ਬਦ-ਰੂਪਾਂ ਨੂੰ ਰੂਪਾਵਲੀ ਕਿਹਾ ਜਾਂਦਾ ਹੈ। ਉਦਹਾਰਣ ਦੇ ਤੌਰ ਤੇ /ਚਲ/ ਇੱਕ ਮੁੱਢਲੀ ਕੋਸ਼ਕ (lexeme) ਇਸ ਦੀ ਰੂਪਾਵਲੀ ਵੇਖੋ:

ਭਾਸ਼ਾ ਦੇ ਸ਼ਬਦ ਕੋਸ਼ ਨੂੰ ਦੋ ਹੋਰ ਰੂਪ-ਭੇਦਾਂ ਵਿਕਾਰੀ ਅਤੇ ਅਵਿਕਾਰੀ ਵਿੱਚ ਵੰਡਿਆ ਜਾਂਦਾ ਹੈ। ਵਿਕਾਰੀ ਸ਼ਬਦ – ਉਹ ਸ਼ਬਦ ਜਿੰਨ੍ਹਾਂ ਦੇ ਵਿੱਚ ਰੂਪਾਂ ਵਿੱਚ ਕੋਈ ਵਿਕਾਰ ਜਾਂ ਤਬਦੀਲੀ ਵਾਪਰਦੀ ਹੈ। ਮਿਸਾਲ ਵਜੋਂ /ਲੜਕਾ, ਕੁਰਸੀ, ਮੇਜ/ ਆਦਿ ਅਹਿਜੇ ਸ਼ਬਦ ਹਨ ਜੋ ਵਿਕਾਰੀ ਹਨ ਕਿਉਂਕਿ ਇਹਨਾਂ ਦੇ ਰੂਪਾਂ ਵਿੱਚ ਤਬਦੀਲੀ ਆ ਜਾਂਦੀ ਹੈ। ਇਹਨਾਂ ਤੋਂ ਕ੍ਰਮਵਾਰ /ਲੜਕਿਆਂ, ਲੜਕੇ /ਆਦਿ ਰੂਪ ਬਣਦੇ ਹਨ। ਇਹਨਾਂ ਰੂਪਾਂ ਨੂੰ ਲੜਕਾ ਸ਼ਬਦ ਦੀ ਨਾਂਵੀ/ਨਾਮਾਤਮਕ ਰੂਪਾਵਲੀ (nominal paradigm) ਕਿਹਾ ਜਾਂਦਾ ਹੈ। ਅਵਿਕਾਰੀ ਸ਼ਬਦ ਉਹ ਸ਼ਬਦ ਹੁੰਦੇ ਹਨ ਜਿੰਨ੍ਹਾਂ ਦੇ ਰੂਪ ਵਿੱਚ ਤਬਦੀਲੀ ਜਾਂ ਵਿਕਾਰ ਨਹੀਨ ਵਾਪਰਦਾ। ਉਹ ਹਮੇਸ਼ਾ ਇੱਕ ਰੂਪ ਵਿੱਚ ਰਹਿੰਦੇ ਹਨ। ਪਜਾਬੀ ਵਿੱਚ ਇਹ ਆਮ ਤੌਰ ਤੇ ਸੰਬੰਧਕ, ਯੋਜਕ, ਵਿਸਮਿਕ ਸ਼ਬਦ ਆਦਿ ਅਵਿਕਾਰੀ ਸ਼ਬਦ ਹਨ। ਜਿਵੇਂ; ਯੋਜਕ - ਅਤੇ, ਕਿ, ਜੇਕਰ, ਕਿਉਂਕਿ, ਪਰ ਆਦਿ। ਸੰਬੰਧਕ – ਨੂੰ, ਤੋਂ, ਨਾਲ, ਵਿੱਚ, ਨੇ, ਦੁਆਰਾ ਆਦਿ। ਇਹਨਾਂ ਅਵਿਕਾਰੀ ਸ਼ਬਦਾਂ ਨੂੰ ਵਿਆਕਰਣਕ ਰੂਪਾਂ ਦੇ ਬਰਾਬਰ ਰੱਖਿਆ ਜਾਂਦਾ ਹੈ।

ਸਾਧਾਰਣ ਸ਼ਬਦ ਉਹ ਸ਼ਬਦ ਹਨ ਜੋ ਅਵੰਡ ਹੁੰਦੇ ਹਨ ਭਾਣ ਉਹਨਾਂ ਨੂੰ ਹੋਰ ਵੱਖ ਵੱਖ ਟੋਟਿਆਂ ਵਿੱਚ ਵੰਡ ਕਿ ਹੋਰ ਛੋਟੀਆਂ ਸਾਰਥਕ ਇਕਾਈਆਂ ਵਿੱਚ ਨਹੀਂ ਤੋੜਿਆ ਜਾ ਸਕਦਾ। ਜਿਵੇਂ ਪੜ੍ਹਨਾਂਵ (ਤੂੰ, ਮੈਂ, ਉਹ) ਯੋਜਕ (ਜੇਕਰ, ਅਗਰ, ਮਗਰ ਕਿਉਂਕਿ) ਮਿਸ਼ਰਿਤ ਸ਼ਬਦ ਉਹ ਸ਼ਬਦ ਹੁੰਦੇ ਹਨ ਜਿੰਨ੍ਹਾ ਦੇ ਨਿਰਮਾਣ ਵਿੱਚ ਇੱਕ ਤੋਂ ਵੱਧ ਤੱਤ ਕਾਰਜਸ਼ੀਲ ਹੁੰਦੇ ਹਨ। ਇਹਨਾਂ ਨੂੰ ਹੋਰ ਛੋਟਿਆਂ ਟੋਟਿਆਂ ਵਿੱਚ ਤੋੜਿਆ ਜਾ ਸਕਦਾ ਹੈ ਅਤੇ ਹਰੇਕ ਟੋਟਾ ਕੋਈ ਨਾ ਕੋਈ ਅਰਥ ਪ੍ਰਗਟ ਕਰਦਾ ਹੈ। ਜਿਵੇਂ ਕੁਰਸੀਆਂ, ਘਰਾਂ ਆਦਿ। ਇਹਨਾਂ ਸ਼ਬਦਾਂ ਵਿੱਚ ਇੱਕ ਤੋਂ ਵੱਧ ਤੱਤ ਕਾਰਜਸ਼ੀਲ ਹਨ। ਜਿਵੇਂ ਘਰਾਂ (ਘਰਾ+ ਆਂ) ਕੁਰਸੀਆਂ (ਕੁਰਸੀ+ਆਂ) ਸੰਯੁਕਤ ਸ਼ਬਦ ਅਤੇ ਸਮਾਸੀ ਸ਼ਬਦ ਗੁੰਝਲਦਾਰ, ਜਟਿਲ ਬਣਤਰਾਂ ਵਾਲੇ ਹੁੰਦੇ ਹਨ।

ਅਰਥ ਅਧਾਰਿਤ ਸ਼ਬਦ ਵੰਨਗੀਆਂ

ਅਰਥ ਵਿਹਾਰ ਦੇ ਆਧਾਰ ਉੱਤੇ ਸ਼ਬਦਾਂ ਨੂੰ ਕਈ ਤਰੀਕਿਆਂ ਨਾਲ ਵਰਗੀਕ੍ਰਿਤ ਕੀਤਾ ਜਾਂਦਾ ਹੈ। ਜਿਵੇਂ ਸਮਾਨਾਰਥਕ ਸ਼ਬਦ, ਵਿਰੋਧਾਰਥਕ ਸ਼ਬਦ, ਬਹੁਅਰਥਕ ਸ਼ਬਦ, ਸਮਨਾਮੀ ਸ਼ਬਦ ਅਤੇ ਸਮੂਹ-ਅਰਥਕ ਸ਼ਬਦ ਆਦਿ।

(1) ਸਮਾਨਾਰਥਕ ਸ਼ਬਦ : ਸ਼ਬਦ ਕੋਸ਼ ਦੀ ਦ੍ਰਿਸ਼ਟੀ ਤੋਂ ਬਹੁਤ ਸਾਰੇ ਸ਼ਬਦ ਅਜਿਹੇ ਹੁੰਦੇ ਹਨ ਜਿਨ੍ਹਾਂ ਦਾ ਇਕੋ ਅਰਥ ਹੁੰਦਾ ਹੈ। ਇਨ੍ਹਾਂ ਨੂੰ ਸਮਾਨਾਰਥਕ ਸ਼ਬਦ ਕਿਹਾ ਜਾਂਦਾ ਹੈ। ਅਰਥਾਤ ਇਕੋ ਅਰਥ ਭਾਵ ਵਾਲੇ ਵਿਭਿੰਨ ਸ਼ਬਦਾਂ ਨੂੰ ਸਮਾਨਾਰਥੀ ਸ਼ਬਦ ਕਿਹਾ ਜਾਂਦਾ ਹੈ। ਮਿਸਾਲ ਵਜੋਂ ਕਠਨ, ਔਖਾ, ਮੁਸ਼ਕਲ ਆਦਿ ਤਿੰਨੇ ਸ਼ਬਦ ਸਮਾਨਰਥੀ ਹਨ।ਇਕ ਭਾਸ਼ਾ ਵਿਚ ਸਮਾਨਰਥੀ ਸ਼ਬਦਾਂ ਦੇ ਹੋਣ ਦੇ ਦੋ ਕਾਰਨ ਹਨ: ਇਕ ਤਾਂ ਦੂਜੀਆਂ ਭਾਸ਼ਾਵਾਂ ਤੋਂ ਲਏ ਗਏ ਸ਼ਬਦ ਸਮਅਰਥੀ ਸ਼ਬਦ ਸਮੂਹ ਸਿਰਜ ਲੈਂਦੇ ਹਨ। ਦੂਜਾ ਕਾਰਨ ਵਿਵਰਜਿਤ ਸ਼ਬਦਾਂ ਨੂੰ ਵਰਤਣ ਤੋਂ ਟਲਣ ਦਾ ਹੁੰਦਾ ਹੈ। ਪਾਮਰ ਅਨੁਸਾਰ ਕੁਝ ਸ਼ਬਦ ਵੱਖਰੀਆਂ ਵੱਖਰੀਆਂ ਉਪਭਾਸ਼ਾਵਾਂ ਨਾਲ ਸੰਬੰਧਿਤ ਹੋਣ ਕਾਰਨ ਵੀ ਸਮਾਨਾਰਥੀ ਹੋ ਸਕਦੇ ਹਨ।

(2) ਵਿਰੋਧਾਰਥਕ ਸ਼ਬਦ : ਜਿੰਨ੍ਹਾਂ ਸ਼ਬਦਾਂ ਦਾ ਆਪਸੀ ਸੰਬੰਧ ਵਿਰੋਧਤਾ ਵਾਲਾ ਹੁੰਦਾ ਹੈ, ਉਨ੍ਹਾਂ ਨੂੰ ਵਿਰੋਧਾਰਥਕ ਸ਼ਬਦ ਕਿਹਾ ਜਾਂਦਾ ਹੈ। ਜਿਵੇਂ: ਗੁਰਾ/ਕਾਲਾ, ਨਵਾਂ/ਪੁਰਾਣਾ, ਚੰਗਾ/ਮਾੜਾ, ਆਦਿ। ਅਰਥਾਂ ਦਾ ਇਹ ਵਿਰੋਧ ਕਈ ਕਿਸਮ ਦਾ ਹੁੰਦਾ ਹੈ। ਹਰੇਕ ਭਾਸ਼ਾ ਵਿਚ ਵਿਰੋਧਾਰਥਕ ਸ਼ਬਦ ਦੇ ਜਿਹੜੇ ਜੱਟ ਮਿਲਦੇ ਹਨ, ਆਮ ਤੌਰ ਤੇ ਉਹ ਵਿਸ਼ੇਸ਼ਣ ਹੀ ਹਨ ਜੋ ਰੂਪ ਪੱਖ ਇਕੋ ਜਿਹੇ ਹਨ। ਇਹੋ ਜਿਹੀ ਸਮੱਸਿਆ ਨੂੰ ਸ਼ਬਦ-ਕੋਸ਼ ਦੀ ਮਦਦ ਨਾਲ ਹੱਲ ਕੀਤਾ ਜਾਂਦਾ ਹੈ। ਬਹੁਅਰਥਕ ਸ਼ਬਦ ਦਾ ਸ਼ਬਦ ਕੋਸ਼ ਵਿਚ ਇਕ ਹੀ ਇੰਦਰਾਜ ਹੁੰਦਾ ਹੈ ਜਦੋਂ ਕਿ ਸਮਨਾਮ ਸ਼ਬਦ ਦੇ ਉਨੇ ਹੀ ਇੰਦਰਾਜ ਹੁੰਦੇ ਹਨ, ਜਿੰਨੇ ਉਹ ਸ਼ਬਦ ਹੁੰਦੇ ਹਨ। ਇਹ ਵੀ ਕੋਈ ਸੌਖਾ ਕੰਮ ਨਹੀਂ ਹੈ।ਇਸ ਲਈ ਸ਼ਬਦਾ ਦੀ ਨਿਯੁਕਤੀ ਦਾ ਅਧਿਐਨ ਕਰਨਾ ਪੈਂਦਾ ਹੈ। ਸਮਨਾਮੀ ਸ਼ਬਦਾਂ ਦਾ ਵਰਗੀਕਰਨ ਅਰਥ ਵਿਗਿਆਨੀ ਸਮਧੁਨੀ ਸ਼ਬਦਾਂ ਅਤੇ ਸਮਲਖ ਸ਼ਬਦਾਂ ਵਿਚ ਵੀ ਕਰਦੇ ਹਨ। ਪੰਜਾਬੀ ਵਿਚ ਇਸ ਦੀਆਂ ਮਿਸਾਲਾ ਨਹੀਂ ਹਨ ਪਰ ਅੰਗਰੇਜ਼ੀ ਭਾਸ਼ਾ ਵਿਚ ਇਸ ਦੀਆਂ ਕਈ ਉਦਾਹਰਨਾਂ ਮਿਲਦੀਆਂ ਹਨ ।

(4) ਸਮੂਹ ਅਰਥਕ ਸ਼ਬਦ : ਜਦੋਂ ਬਹੁਤੇ ਸ਼ਬਦ ਮਿਲ ਕੇ ਇਕ ਅਰਥ ਦੇਣ ਤਾਂ ਉਨ੍ਹਾਂ ਨੂੰ ਸਮੂਹਅਰਥਕ ਸ਼ਬਦ ਕਿਹਾ ਜਾਂਦਾ ਹੈ। ਆਮ ਤੌਰ ਤੇ ਸਮੂਹਅਰਥਕ ਸ਼ਬਦਾਂ ਵਿਚ ਮੁਹਾਵਰੇ ਆ ਜਾਂਦੇ ਹਨ।ਉਲਮਾਨ ਨੇ ਸਮੂਹਅਰਥਕ ਸ਼ਬਦਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ ਪਾਰਦਰਸ਼ੀ ਸ਼ਬਦ ਅਤੇ ਧੁੰਦਲੇ ਸ਼ਬਦ। ਪਾਰਦਰਸ਼ੀ ਸ਼ਬਦ ਉਹ ਹੁੰਦੇ ਹਨ ਜਿਨ੍ਹਾਂ ਦਾ ਅਰਥ ਸ਼ਬਦਾਂ ਦੇ ਹਿੱਸਿਆਂ ਉੱਤੇ ਆਧਾਰਿਤ ਹੁੰਦਾ ਹੈ। ਮਸਲਨ ਪੰਜਾਬੀ ਸ਼ਬਦ 'ਭਾਸ਼ਾ ਵਿਗਿਆਨ ਪਾਰਦਰਸ਼ਕ ਸ਼ਬਦ ਹੈ ਕਿਉਂਕਿ ਇਸ ਦਾ ਅਰਥ 'ਭਾਸ਼ਾ' ਅਤੇ 'ਵਿਗਿਆਨ' ਦੇ ਅਰਥਾਂ ਉੱਤੇ ਆਧਾਰਿਤ ਹੈ। ਧੁੰਦਲੇ ਸ਼ਬਦ ਉਹ ਹੁੰਦੇ ਹਨ, ਜਿਨ੍ਹਾਂ ਦੇ ਅਰਥਾਂ ਨੂੰ ਸ਼ਬਦਾਂ ਦੇ ਭਾਗਾਂ ਦੇ ਅਰਥ ਨਿਰਧਾਰਿਤ ਨਹੀਂ ਕਰ ਸਕਦੇ। ਮੁਹਾਵਰੇ ਧੁੰਦਲੇ ਸ਼ਬਦਾਂ ਵਰਗੇ ਹੀ ਹੁੰਦੇ ਹਨ।ਜਿਵੇਂ 'ਨੱਕ ਤੇ ਮੱਖੀ ਬੈਠਣ ਨਾ ਦੇਣਾ' ਦਾ ਅਰਥ ਨੱਕ ਅਤੇ ਮੱਖੀ ਸ਼ਬਦਾਂ ਦੇ ਅਰਥਾਂ ਦੇ ਜੋੜ ਦੇ ਬਿਲਕੁਲ ਆਧਾਰਿਤ ਨਹੀਂ ਹੈ। ਦਰਅਸਲ ਮੁਹਾਵਰਾ ਇਕ ਸ਼ਬਦ ਵਾਂਗ ਹੁੰਦਾ ਹੋਇਆ ਵੀ ਕਾਰਜਾਤਮਕ ਤੌਰ ਤੇ ਸ਼ਬਦ ਤੋਂ ਵੱਖ ਹੁੰਦਾ ਹੈ। ਮੁਹਾਵਰਿਆਂ ਵਿਚਲੇ ਸ਼ਬਦ ਜੁੱਟ ਆਪਣੀ ਸੰਗਤ ਵਿਚ ਹੀ ਰਹਿੰਦੇ ਹਨ। ਮਸਲਨ ਅਸੀਂ 'ਨੱਕ-ਮੱਖੀ' ਦੀ ਥਾਂ 'ਨੱਕ-ਮੱਛਰ' ਦਾ ਜੁੱਟ ਨਹੀਂ ਵਰਤ ਸਕਦੇ। ਇਵੇਂ ਪੈਰਾਂ ਤੇ ਪਾਣੀ ਨਾ ਪੈਣ ਦੇਣਾ' ਦੀ ਥਾਂ ਅਸੀਂ 'ਪੈਰਾਂ ਉੱਤੇ ਦੁੱਧ ਜਾਂ ਚਾਹ' ਨਹੀਂ ਵਰਤ ਸਕਦੇ। ਦਰਅਸਲ ਇਹ ਸ਼ਬਦ ਜੁੱਟ ਆਪਸ ਵਿਚ ਸਹਿਚਾਰੀ ਸੰਬੰਧਾਂ ਵਿਚ ਬੱਝੇ ਹੁੰਦੇ ਹਨ।

(5) **ਸਮਨਾਮ ਸ਼ਬਦ-** ਬਹੁ-ਅਰਥਕ ਸ਼ਬਦਾਂ ਦੇ ਅਧਿਐਨ ਲਈ ਸਮਰੂਪ/ਸਮਨਾਮ ਸ਼ਬਦਾਂ ਦਾ ਅਧਿਐਨ ਕਰ ਲੈਣਾ ਜ਼ਰੂਰੀ ਹੈ। ਪਹਿਲਾਂ ਸਾਨੂੰ ਬਹੁ-ਅਰਥਕ ਸ਼ਬਦਾਂ ਅਤੇ ਸਮਰੂਪ ਸ਼ਬਦਾਂ ਦੇ ਅੰਤਰ ਨੂੰ ਸਪਸ਼ਟ ਕਰਨਾ ਚਾਹੀਦਾ ਹੈ। ਬਹੁ-ਅਰਥਕ ਸ਼ਬਦਾਂ ਦਾ ਸ਼ਬਦ-ਕੋਸ਼ ਵਿੱਚ ਇੱਕ ਹੀ ਇੰਦਰਾਜ ਹੁੰਦਾ ਹੈ ਜਦੋਂ ਕਿ ਸਮਰੂਪ/ਸਮਨਾਮ ਸ਼ਬਦਾਂ ਦੇ ਜਿੰਨੇ ਉਹ ਰੂਪ ਹੁੰਦੇ ਹਨ, ਓਨੇ ਹੀ ਇੰਦਰਾਜ ਹੁੰਦੇ ਹਨ ਪਰ ਇਹ ਗੱਲ ਤਸੱਲੀਬਖ਼ਸ਼ ਨਹੀਂ ਜਾਪਦੀ। ਇਸ ਸਵਾਲ ਦਾ ਜਵਾਬ ਸ਼ਬਦ-ਕੋਸ਼ ਨਿਰਮਾਤਾ ਸਾਮ੍ਹਣੇ ਇੱਕ ਪ੍ਰਸ਼ਨ ਚਿੰਨ੍ਹ ਦੇ ਤੌਰ ਤੇ ਸਾਮ੍ਹਣੇ ਆਉਂਦਾ ਹੈ ਕਿ ਉਹ ਇਹਨਾਂ ਨੂੰ ਬਹੁ- ਅਰਥਕ ਕਹੇ ਜਾਂ ਸਮਰੂਪ ਕਹੇ। ਆਖ਼ਰਕਾਰ ਸ਼ਬਦ- ਕੋਸ਼ ਦਾ ਲੇਖਕ ਇਹ ਨਿਰਣਾ ਸ਼ਬਦਾਂ ਦੀ ਨਿਰੁਕਤੀ ਦੇ ਅਧਿਐਨ ਨੂੰ ਆਧਾਰ ਬਣਾ ਕੇ ਕਰਦਾ ਹੈ।ਜੇਕਰ ਇਹਨਾਂ ਸ਼ਬਦਾਂ ਦੀ ਨਿਰੁਕਤੀ ਵੱਖਰੇ-ਵੱਖਰੇ ਮੂਲ ਤੋਂ ਹੋਈ ਹੈ ਤਾਂ ਇਹ ਇੱਕ ਨਹੀਂ ਬਲਕਿ ਬਹੁਤੇ ਸ਼ਬਦ ਹਨ ਅਤੇ ਇਹ ਸ਼ਬਦ ਸਮਰੂਪ/ਸਮਨਾਮ ਸ਼ਬਦ ਹਨ ।- ਗੁਰਪਾਲ ਸਿੰਘ

ਅਰਥ ਪਰਿਵਰਤਨ ਦੀਆਂ ਦਿਸ਼ਾਵਾਂ

ਅਰਥ ਪਰਿਵਰਤਨ ਦੀਆਂ ਤਿੰਨ ਦਿਸ਼ਾਵਾਂ ਹਨ :- (ੳ) ਅਰਥ ਵਿਸਥਾਰ (ਅ) **ਅਰਥ ਸੰਕੋਚ** (ੲ) **ਅਰਥ ਪਲਟਾ**

ਸ਼ਬਦਾਂ ਦਾ ਅਰਥ ਜਦ ਸੀਮਤ ਖੇਤਰ ਤੋਂ ਨਿਕਲ ਕੇ ਵਿਸਥਾਰ ਪਾ ਜਾਂਦਾ ਹੈ ਤਦ ਉਸ ਨੂੰ ਅਰਥ ਵਿਸਥਾਰ ਕਹਿੰਦੇ ਹਨ। ਅਰਥ ਸੰਕੋਚ ਸ਼ੁਰੂ ਵਿਚ ਭਾਸ਼ਾ ਥੋੜੇ ਅਰਥ ਰੱਖਦੀ ਹੈ ਜਿਵੇਂ ਹਰਨ ਜੰਗਲ ਦਾ ਜੀਵ ਹੈ ਜਿਸ ਨੂੰ ਗ ਵੀ ਕਹਿੰਦੇ ਹਨ।

ਅਰਥ ਸੰਕੋਚ

ਅਰਥਾਦੇਸ਼ ਅਰਥ ਦੇ ਉਸ ਪਰਿਵਰਤਨ ਨੂੰ ਆਖਦੇ ਹਨ ਜਿਹੜਾ ਭਾਵ ਸਾਹਚਰਯ ਦੇ ਕਾਰਨ ਹੁੰਦਾ ਹੈ। ਕਈ ਵਾਰ ਮੂਲ ਅਰਥ ਖ਼ਤਮ ਹੋਣ ਲੱਗਦਾ ਹੈ ਤੇ ਗੌਣ ਅਰਥ ਪ੍ਰਚਲਿਤ ਹੋ ਜਾਂਦਾ ਹੈ। ਹੌਲੀ-ਹੌਲੀ ਕੇਵਲ ਗੌਣ ਅਰਥ ਹੀ ਰਹਿ ਜਾਂਦਾ ਹੈ।

ਅਰਥ ਪਲਟਾ

ਜਦੋਂ ਪਹਿਲਾਂ ਅਰਥ ਚੰਗੇ ਭਾਵ ਵਾਲਾ ਹੋਵੇ ਪਰ ਬਾਅਦ ਵਿਚ ਭੈੜੇ ਭਾਵ ਲਈ ਯੋਗ ਹੋਣ ਲੱਗ ਜਾਵੇ ਜਿਵੇਂ ਹਰੀਜਨ ਸ਼ਬਦ ਸ਼ੁਰੂ ਵਿਚ ਪ੍ਰਭੂ ਭਗਤ ਲਈ ਯੋਗ ਹੁੰਦਾ ਸੀ ਪਰ ਵਰਤਮਾਨ ਸਮੇਂ ਸ਼ੂਦਰ ਜਾਤੀ ਲਈ ਯੋਗ ਹੁੰਦਾ ਹੈ।

1.1.7.8 ਭਾਰਤੀ ਆਰੀਆਈ ਭਾਸ਼ਾ ਪਰਿਵਾਰ

ਭਾਰਤੀ ਆਰੀਆਈ ਭਾਸ਼ਾ ਪਰਿਵਾਰ ਦਾ ਵਿਕਾਸ

ਆਰੀਆ ਜਾਤੀ ਦੇ ਲੋਕ 2000 ਈ. ਤੋਂ 1500 ਈ. ਪੂਰਵ ਦੇ ਸਮੇਂ ਭਾਰਤ ਦੇ ਉੱਤਰ-ਪੱਛਮੀ ਸੀਮਾਂਤ ਪ੍ਰਦੇਸ਼ ਰਾਹੀਂ ਆਉਣੇ ਸ਼ੁਰੂ ਹੋਏ ਸੀ। ਉਨ੍ਹਾਂ ਦੀ ਭਾਸ਼ਾ ਨੂੰ ਸਮੁੱਚੇ ਤੌਰ ' ਤੇ ਸੰਸਕ੍ਰਿਤ ਕਿਹਾ ਜਾਂਦਾ ਹੈ। ਭਾਰਤੀ ਆਰੀਆ ਭਾਸ਼ਾ ਪਰਿਵਾਰ ਵਿਚ ਸੰਸਕ੍ਰਿਤ ਸਭ ਤੋਂ ਪ੍ਰਾਚੀਨ ਭਾਸ਼ਾ ਮੰਨੀ ਜਾਂਦੀ ਹੈ।ਡਾ. ਕਾਲਾ ਸਿੰਘ ਬੇਦੀ ਨੇ 2500 ਈ. ਪੂਰਵ ਤੋਂ 500 ਈ. ਪੂਰਬ ਤਕ ਦਾ ਸਮਾਂ ਵੈਦਿਕ ਭਾਸ਼ਾ ਜਾਂ ਸੰਸਕ੍ਰਿਤ ਦਾ ਸਮਾਂ ਮੰਨਿਆ ਹੈ। ਇਸ ਭਾਸ਼ਾ ਵਿਚ ਵੇਗਾ ਦੀ ਰਚਨਾ ਹੋਈ ਹੈ। ਵੇਦਾਂ ਵਿਚੋਂ 'ਰਿਗਵੇਦ' ਸੰਸਾਰ ਦਾ ਸਭ ਤੋਂ ਪ੍ਰਾਚੀਨ ਗ੍ਰੰਥ ਹੈ। ਰਿਗਵੇਦ ਦੀ ਭਾਸ਼ਾ ਸੰਸਕ੍ਰਿਤ ਹੈ। ਵੇਦਾਂ ਦੀ ਭਾਸ਼ਾ ਹੋਣ ਕਾਰਨ ਸੰਸਕ੍ਰਿਤ ਦੇ ਇਸ ਸਮੇਂ ਨੂੰ ਵੈਦਿਕ ਕਾਲ ਤੇ ਭਾਸ਼ਾਈ ਵਰਤਾਰੇ ਨੂੰ ਵੈਦਿਕ ਭਾਸ਼ਾ ਦਾ ਨਾਂ ਦਿੱਤਾ ਗਿਆ ਹੈ। ਭਾਸ਼ਾ ਭਾਵੇਂ ਸਮਾਜਕ ਵਿਰਸੇ ਦੀ ਪੈਦਾਵਾਰ ਹੁੰਦੀ ਹੈ, ਪਰੰਤੂ ਇਹ ਇਕ ਸੁਭਾਵਿਕ ਵਰਤਾਰਾ ਹੈ, ਜਿਸ ਵਿਚ ਲਗਾਤਾਰ ਪਰਿਵਰਤਨ ਹੁੰਦਾ ਰਹਿੰਦਾ ਹੈ। ਇਹ ਪਰਿਵਰਤਨ ਲਿਖਤ ਭਾਸ਼ਾ ਦੇ ਮੁਕਾਬਲੇ ਬੋਲਚਾਲ ਦੀ ਭਾਸ਼ਾ ਵਿਚ ਵਧੇਰੇ ਤੇਜ਼ੀ ਨਾਲ ਹੁੰਦਾ ਹੈ। ਇਸ ਲਈ ਸੰਸਕ੍ਰਿਤ ਭਾਸ਼ਾ ਪੜ੍ਹੇ ਲਿਖੇ ਵਿਦਵਾਨਾਂ ਤੱਕ ਵਧੇਰੇ ਮਹਿਦੂਦ ਹੁੰਦੀ ਗਈ। ਜਦੋਂ ਕਿ ਬੋਲਚਾਲ ਦੇ ਪੱਧਰ ਦੀ ਜਿਹੜੀ ਭਾਸ਼ਾ ਉਸ ਸਮੇਂ ਪ੍ਰਚਲਿਤ ਸੀ, ਉਹ ਲੌਕਿਕ ਭਾਸ਼ਾ ਦੇ ਰੂਪ ' ਵਿਚ ਪ੍ਰਵਾਨ ਕੀਤੀ ਜਾਂਦੀ ਸੀ। ਇਸੇ ਸਮੇਂ ਸੰਸਕ੍ਰਿਤ ਵਿਚ ਮਹਾਂਰਿਸ਼ੀ ਪਾਣਨੀ ਦਾ ਅਸ਼ਟ ਅਧਿਆਈ ਵਿਆਕਰਨ ਲਿਖਿਆ ਗਿਆ ਸੀ।

500 ਈ ਤੋਂ ਮਗਰੋਂ ਪ੍ਰਕ੍ਰਿਤਾਂ ਦਾ ਸਮਾਂ ਮੰਨਿਆ ਜਾਂਦਾ ਹੈ। ਲੌਕਿਕ ਭਾਸ਼ਾ ਦਾ ਰੂਪ ਹੀ ਪ੍ਰਵਾਨ ਹੋ ਕੇ ਪਾਲੀ ਪ੍ਰਾਕ੍ਰਿਤਾਂ ਦੇ ਰੂਪ ਵਿਚ ਪ੍ਰਚਲਿਤ ਹੋ ਗਿਆ ਸੀ। ਵੈਦਿਕ ਭਾਸ਼ਾ ਦਾ ਜ਼ੋਰ ਘਟ ਗਿਆ ਸੀ। ਇਸੇ ਪ੍ਰਕਿਤ ਰੂਪ ਨੂੰ ਸੋਧ ਸੰਵਾਰ ਕੇ ਫਿਰ ਸਾਹਿਤ ਰਚਿਆ ਜਾਣ ਲੱਗਿਆ। ਭਾਸ਼ਾ ਦਾ ਕੁਦਰਤੀ ਵਹਿਣ ਉਵੇਂ ਤੁਰਦਾ ਰਿਹਾ। (563–483) ਵਿਚ ਮਹਾਤਮਾ ਬੁੱਧ ਨੇ ਆਪਣੇ ਧਰਮ ਪ੍ਰਚਾਰ ਲਈ ਜਿਸ ਭਾਸ਼ਾ ਦਾ ਪ੍ਰਯੋਗ ਕੀਤਾ, ਉਸਨੂੰ 'ਪਾਲੀ' ਭਾਸ਼ਾ ਦਾ ਪ੍ਰਾਕ੍ਰਿਤ ਰੂਪ ਮੰਨਿਆ ਜਾਂਦਾ ਹੈ। ਇਸ ਸਮੇਂ ਮਗਧ (ਬਿਹਾਰ) ਦੀ ਲੋਕ ਬੋਲੀ ਨੂੰ ਪਾਲੀ ਨਾਂ ਨਾਲ ਜਾਣਿਆ ਗਿਆ

ਸੀ। ਪਾਲੀ ਪ੍ਰਾਕ੍ਰਿਤ ਵਿਚ ਵੱਡੀ ਪੱਧਰ ਦੀ ਸਾਹਿਤ ਰਚਨਾ ਹੋਈ ਤਾਂ ਪਾਲੀ ਵੀ ਸਾਹਿਤਕ, ਰਾਜਸੀ ਤੇ ਧਾਰਮਿਕ ਭਾਸ਼ਾ ਬਣ ਗਈ ਸੀ। ਰਾਜਸੀ ਤਬਦੀਲੀ ਕਾਰਨ ਮੁੜ ਭਾਸ਼ਾਈ ਤਬਦੀਲੀ ਹੋ ਗਈ। ਇਸ ਸਮੇਂ ਪਾਲੀ ਵਿਚ ਰਚੇ ਬਹੁਤ ਸਾਰੇ ਧਾਰਮਿਕ ਗ੍ਰੰਥ ਸੰਸਕ੍ਰਿਤ ਵਿਚ ਉਲਥਾਏ ਗਏ।

ਪ੍ਰਾਕ੍ਰਿਤਾਂ ਦਾ ਕੁਦਰਤੀ ਵਹਿਣ ਆਪਮੁਹਾਰੇ ਰੂਪ ਵਿਚ ਫੈਲਦਾ ਗਿਆ ਅਤੇ ਭਾਸ਼ਾਈ ਰੂਪਾਂ ਵਿਚ ਮਹਾਂਰਾਸ਼ਟਰੀ, ਮਾਗਧੀ, ਅਰਧ ਮਾਗਧੀ ਤੇ ਸ਼ੋਰਸ਼ਨੀ ਦਾ ਰੂਪ ਪ੍ਰਚਲਿਤ ਹੋ ਗਿਆ। ਹੌਲੀ ਹੌਲੀ ਇਹ ਭਾਸ਼ਾਵਾਂ ਵੀ ਵਿਕਾਸ ਕਰਨ ਲੱਗ ਪਈਆਂ। ਇਨਾਂ ਵਿਚ ਉੱਚ ਕੋਟੀ ਦੇ ਗ੍ਰੰਥ ਰਚੇ ਗਏ। ਭਾਸ਼ਾ ਸ਼ਾਸਤਰੀਆਂ ਨੇ ਵਿਆਕਰਨਾਂ ਦੀ ਰਚਨਾ ਕੀਤੀ। ਭਾਸ਼ਾ ਨੇਮਬੱਧ ਤੇ ਇੱਕ ਸੱਚ ਹੈ ਕਿ ਜਦੋਂ ਵੀ ਕਿਸੇ ਭਾਸ਼ਾ ਨੂੰ ਪਿਆਰੀ, ਵਕਬਾਲੀ ਜਾਂ ਕੰਧ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਤਾਜ਼ਾ ਖਤ ਅਦਲਾ ਵਿਚ ਆ ਜਾਂਦੀ ਹੈ ਭਲਵਾਨ ਦੀ ਤਾਂ ਲੋਕਾਂ ਵਿਚ ਆਪਣਾ ਬਦਲ ਕਾਇਮ ਕਰ ਲੈਂਦੀ ਹੈ ਜਦ ਪ੍ਰਾਕਿਰਸ ਕਹਾਣੀ ਜਾਣ ਵਾਲੀਆਂ ਭਾਸ਼ਾਵਾਂ ਵੀਬੋਧਨ ਵਿਚ ਲੈ ਗਈਆਂ ਤਾਂ ਇਹ ਵੀ ਲੋਕ ਦਿਲਾਂ ਅਤੇ ਲੋਕ-ਲੜਕੇ ਤੋਂ ਦੂਰ ਹੋਣ ਲੱਗ ਪਈਆਂ।

ਪੰਜਾਬ ਵਿੱਚ ਪੱਕਿਰਤਾਂ ਦੇ ਪ੍ਰਭਾਵਹੀਣ ਹੋਣ ਦਾ ਸਮਾਂ ਕਾਫ਼ੀ ਉੱਥਲ-ਪੱਥਰ ਦੀਆਂ ਦਾ ਹੈ। ਇਸ ਸਮੇਂ ਦੌਰਾਨ ਪੰਜਾਬ ਦੀ ਧਰਤੀ ਉੱਤੇ ਅਨੇਕਾਂ ਕਬੀਲੇ ਹਮਲਾਵਰ ਦੇ ਰੂਪ ਵਿਚ ਆਏ ਹਨ। ਇਨ੍ਹਾਂ ਦਿਓ ਅਧੀਨ ਚੱਕੜ ਜਾਂ ਗੁਰਜਰ, ਜੱਗ, ਤਖੜ, ਕੋਰ, ਲੋਕ, ਲਾਲੀ, ਸਿਥੀਅਨ, ਹੁਣ ਆਦਿਕ ਵਧੇਰੇ ਮਹੱਤਵ ਰੱਖਦੇ ਹਨ। ਅਹੀਰਾਂ ਦਾ ਪੰਜਾਬ ਵਿਚ ਕਾਫੀ ਬੋਲਬਾਲਾ ਰਿਹਾ ਹੈ। ਬਹੁਤ ਸਾਰੇ ਇਲਾਕੇ ਅਹੀਰਾਂ ਦੇ ਰਾਜ ਅਧੀਨ ਰਹੇ ਹਨ। ਪੰਜਾਬ ਵਿਚ ਅਹੀਰੀ ਬੋਲੀ ਦਾ ਵੀ ਬੋਲਬਾਲਾ ਰਿਹਾ ਹੈ। ਕੁਝ ਦੋਸ਼ੀ ਭਾਸ਼ਾਵਾਂ ਦਾ ਰੂਪ ਅਤੇ ਬਹੁਤ ਸਾਰਾ ਵਿਦੇਸ਼ੀ ਤਲਾਅ ਕਬੀਲਿਆਂ ਦੀ ਬੋਲੀ ਰਾਹੀਂ ਹੀ ਹੁੰਦਾ ਰਿਹਾ ਹੈ ਜਿਸ ਕਾਰਨ ਪਾਕਿਰਤ ਭਾਸ਼ਾਵਾ ਭਾਸ਼ਾ ਦਾ ਇਲਕੱਤਾ ਬਣ ਗਈਆਂ ਹਨ। ਲੋਕ ਬੋਲੀ ਦਾ ਸਾਹਿਤਕ ਕਿਰਤਾ ਨਾਲੇ ਅੰਦਰ ਲਗਾਤਾਰ ਵਧਦਾ ਗਿਆ। ਉਸੇ ਸਮੇਂ ਸਾਹਿਤਕ ਕਿਰਤ ਬਲੀ ਦੇ ਪੰਛੜਾਂ ਨੇ ਲੋਕ-ਬੋਲੀ ਨੂੰ ਨਿਰਾਦਰ ਭਰੀ ਨਜ਼ਰ ਨਾਲ ਦੇਖਦੇ ਹੋਏ ਇਸ ਨੂੰ ਅਪਭ੍ਰੰਸ਼ (ਦੀ ਹੋਈ) ਭਾਸ਼ਾ ਦਾ ਨਾਂ ਦੇ ਦਿੱਤਾ ਤੇ ਬਾਅਦ ਵਿਚ ਇਹ ਅਪਭ੍ਰੰਸ਼ ਹੀ ਪੂਰੇ ਭਾਰਤ ਦੇਸ਼ ਵਿਚ ਪ੍ਰਧਾਨ ਭਾਸ਼ਾ ਬਣ ਗਈ।

ਅਪਭ੍ਰੰਥ ਦਾ ਅਰਥ ਹੈ ਵਿਕੜੀ ਹੋਈ, ਭ੍ਰਿਸ਼ਟ ਹੋਈ ਭਾਝਾ, ਅਸਲ ਜਦੋਂ ਸੰਪੂਰਨ ਭਾਸ਼ਾ ਦਾ ਸਥਾਨ ਧਾਰਨ ਕਰ ਗਈ ਤਾਂ ਇਸ ਭਾਸ਼ਾ ਅੰਦਰ ਵੀ ਸਾਹਿਤ ਰਚਿਆ ਜਾਣ ਲੋੜਿਆ। ਇਸ ਦੇ ਵਿਆਕਰਨ ਲੇਖ ਸਿਰਜੇ ਗਏ, ਜਦੋਂ ਅਪਸ਼ ਲੇਖਾਂ ਵਿਚ ਬੱਝ ਗਈ ਤਾਂ ਨਿਸ਼ਚੇ ਹੀ ਅਪਭ੍ਰੰਸ਼ ਦੀ ਲੋਕਾਂ ਤੋਂ ਦੂਰ ਹੋਣੀ ਸ਼ੁਰੂ ਹੋ ਗਈ। ਇਸ ਸਮੇਂ ਕਿਰਤਾਂ ਦੇ ਪੰਜ ਭਾਗ ਵਧੇਰੇ ਪ੍ਰਚਲਿਤ ਸਨ: ਮਹਾਂਰਾਸ਼ਟਰੀ, ਮਾਗਧੀ, ਮੋਰਸੈਨੀ ਅਰਧ ਮਾਤਾਬੀ ਤੇ ਪੰਜਾਬੀ। ਅਪਭ੍ਰੰਸ਼ਾਂ ਦੇ ਹੋਰ ਵੀ ਰੂਪ ਮੰਨੇ ਗਏ ਹਨ, ਜਿਵੇਂ ਪ੍ਰਕਿਰਤੀ ਵਿਚ ਮਾਰਕੰਡੇ ਨੇ ਅਪਦੇਸ਼ਾਂ ਦੇ 27 ਭੇਦ ਮੰਨੇ ਹਨ।

ਉਸ ਸਮੇਂ ਸਰਸਵਤੀ ਦਰਿਆ (ਅੰਬਾਲੇ) ਤੋਂ ਪੱਛਮ ਵੱਲ ਦੋ ਪੰਜਾਬ, ਕਸ਼ਮੀਰ ਸਰਹੱਦੀ ਸੂਬੇ ਤੇ ਕੰਧਾਰ ਤਕ ਦੇ ਇਲਾਕੇ ਨੂੰ ਸਰਸਵਤੀ ਤੋਂ ਪੂਰਬ ਵੱਲ ਬ੍ਰਹਮ ਵਰਤ ਦੇਸ਼ ਵਿਚ ਵੱਸਣ ਵਾਲੇ ਆਰੀਆਂ, ਨਫਰਤ ਨਾਲ ਪਿਸ਼ਾਚ ਦੇਸ' ਆਖਦੇ ਸਨ, ਤੇ ਇਥੋਂ ਦੀ ਬੋਲੀ ਨੂੰ ਪੰਜਾਬੀ ਕਿਹਾ ਗਿਆ ਸੀ। ਇਸੇ ਇਲਾਕੇ ਦੇ ਪੂਰਬੀ ਹਿੱਸੇ ਨੂੰ ਸੋਰਸੇਨ ਕਿਹਾ ਜਾਂਦਾ ਸੀ। ਇਨ੍ਹਾਂ ਦੋਵਾਂ ਅਪਭ੍ਰੰਸ਼ਾਂ ਦੇ ਮੇਲ ਨੇ ਇਥੋਂ ਦੀਆਂ ਬੋਲਚਾਲ ਦੀਆਂ ਸਥਾਨਕ ਬੋਲੀਆਂ ਵੇਕੀ ਤੇ

ਲੱਗਈ ਦੇ ਆਧਾਰ ਤੇ ਨਵੀਂ ਬੋਲੀ ਦੀ ਬੁਨਿਆਦ ਰੱਖੀ। ਜਿਸ ਨੇ ਅੱਜ ਪੰਜਾਬੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸੋ ਪੰਜਾਬੀ ਭਾਰਤੀ ਆਰੀਆ ਪਰਿਵਾਰ ਦੀ ਬੰਸ ਵਿਚ ਪੈਦਾ ਹੋਈ ਇਕ ਗੌਰਵਮਾਲੀ ਭਾਸ਼ਾ ਹੈ।

ਪ੍ਰਾਚੀਨ ਭਾਰਤੀ ਆਰੀਆਈ ਭਾਸ਼ਾ ਪਰਿਵਾਰ ਨਾਲ ਪੰਜਾਬੀ ਦਾ ਸਬੰਧ

ਭਾਸ਼ਾ ਦੇ ਸਿਆਣੇ ਦੱਸ ਪਾਉਂਦੇ ਹਨ ਕਿ ਪੰਜਾਬੀ ਭਾਸ਼ਾ ਦਾ ਪਿੱਛਾ ਰਿਗਵੇਦੀ ਸੰਸਕ੍ਰਿਤ ਨਾਲ ਜਾ ਜੁੜਦਾ ਹੈ। ਇਸ ਹਿਸਾਬ ਨਾਲ ਪੰਜਾਬੀ ਦੇ ਪੁਸ਼ਤੈਨੀ ਵਿਰਸੇ ਦੀ ਉਮਰ ਕੋਈ ਤਿੰਨ ਸਾਢੇ ਤਿੰਨ ਮਿਲੇਨੀਅਮ ਬਣ ਜਾਂਦੀ ਹੈ। ਪਰ ਪੰਜਾਬੀ ਭਾਸ਼ਾ ਆਪਣੇ ਆਧੁਨਿਕ ਸਰੂਪ ਵਿਚ ਕੋਈ ਇਕ ਮਿਲੇਨੀਅਮ ਪਹਿਲਾਂ ਹੀ ਨਿਖਰ ਕੇ ਪੇਸ਼ੇ ਨਜ਼ਰ ਹੁੰਦੀ ਹੈ। ਇਸ ਅਨੰਤ ਲੰਮੇ ਸਮੇਂ ਦੌਰਾਨ ਪੰਜਾਬੀ ਨੇ ਕਈ ਰੂਪ ਰੰਗ ਬਦਲੇ। ਪੰਜਾਬੀ ਉਪਰ ਕਈ ਝੱਖੜ ਝੁੱਲੇ।ਅੱਜ ਜੇ ਕੋਈ ਹਮਾਤੜ ਦਸਵੀਂ ਗਿਆਰਵੀਂ ਸਦੀ ਦੀ ਬਾਲਕ ਪੰਜਾਬੀ ਨਾਲ ਇਸ ਇੱਕੀਵੀਂ ਸਦੀ ਦੀ ਜੋਬਨਵੰਤ ਪੰਜਾਬੀ ਦਾ ਕੱਦ ਕਾਠ ਅਤੇ ਮੁਹਾਂਦਰਾ ਮੇਚੇ ਤਾਂ ਪਤਾ ਲੱਗੇਗਾ ਕਿ ਕੀ ਤੋਂ ਕੀ ਕੁਝ ਹੋ ਗਿਆ ਹੈ।ਦਸਵੀਂ-ਗਿਆਰਵੀਂ ਸਦੀ ਦੇ ਪੰਜਾਬ ਦੀਆਂ ਲੋਕ ਬੋਲੀਆਂ (ਅਪਭ੍ਰੰਸ਼ਾਂ ਵਿਚੋਂ ਪੰਜਾਬੀ ਦਾ ਵਿਕਾਸ ਹੋਇਆ।ਜਿਵੇਂ ਬ੍ਰਿਛ-ਬੂਟਿਆਂ ਦੀ ਪਛਾਣ ਉਨ੍ਹਾਂ ਦੇ ਫਲਾਂ-ਫੁੱਲਾਂ ਆਦਿ ਤੋਂ ਹੁੰਦੀ ਹੈ ਉਵੇਂ ਕਿਸੇ ਬੋਲੀ ਦੀ ਪਛਾਣ ਦਾ ਦਸਤਾਵੇਜ਼ੀ ਸਬੂਤ ਸਾਹਿਤ ਹੁੰਦਾ ਹੈ। ਸਾਹਿਤ ਬਿਨਾ ਬੋਲੀ ਬਾਂਝ ਹੈ। ਪੰਜਾਬੀ ਭਾਸ਼ਾ ਦੇ ਪੁਸ਼ਤੈਨੀ ਵਿਰਸੇ ਦਾ ਤਾਂ ਸਭ ਤੋਂ ਵੱਡਾ ਅਤੇ ਅਹਿਮ ਦਸਤਾਵੇਜ਼ ਰਿਗਵੇਦ ਹੈ। ਪਰ ਗਿਆਰਵੀਂ ਸਦੀ ਦੀ ਪੁਰਾਣੀ ਪੰਜਾਬੀ ਦੀ ਵੰਨਗੀ ਉਸ ਵੇਲੇ ਦੇ ਕਵੀ ਅਦਰਮਾਣ ਦੀ ਕਾਵਿ ਰਚਨਾ 'ਸੰਨੇਹ ਰਾਯ` ਸਾਡੇ ਸਾਹਮਣੇ ਪੇਸ਼ ਕਰਦੀ ਹੈ। ਇਹ ਰਚਨਾ ਕਾਲੀਦਾਸ ਦੇ 'ਮੇਘਦੂਤ ਵਾਂਗ ਇਕ ਬਿਰਹਣੀ ਦਾ ਗਮ ਭਰਿਆ ਸੁਨੇਹਾ ਹੈ। ਇਸ ਕਾਵਿ ਗ੍ਰੰਥ ਦੀ ਕਥਾ ਦਾ ਪਿਛੋਕੜ ਮੁਲਤਾਨ ਹੈ। ਇਥੋਂ ਹੀ ਇਸ ਖੰਡ-ਕਥਾ ਦਾ ਆਰੰਭ ਹੁੰਦਾ ਹੈ। ਸੰਨੇਹ ਰਾਸਯ ਹੀ ਪੰਜਾਬੀ ਭਾਸ਼ਾ ਦਾ ਪ੍ਰਥਮ ਪ੍ਰਾਪਤ ਕਾਵਿ ਗ੍ਰੰਥ ਹੈ। ਇਸ ਦੀ ਬੋਲੀ ਅਪਭ੍ਰੰਸ਼ ਜਾਂ ਪੁਰਾਣੀ ਪੰਜਾਬੀ ਦਾ ਨਮੂਨਾ ਹੈ, ਜੋ ਉਸ ਸਮੇਂ ਦੇ ਪੰਜਾਬ ਵਿਚ ਵਰਤੀ ਅਤੇ ਸਮਝੀ ਜਾਂਦੀ ਸੀ। ਮਸ਼ਹੂਰ ਵਿਦਵਾਨ ਰਾਹੁਲ ਸੰਕਤਾਇਨ ਇਸ ਰਚਨਾ ਦਾ ਕਾਲ 1010 ਈ ਮੰਨਦੇ ਹਨ। ਪੁਸਤਕ 'ਹਿੰਦੀ ਕਾਵਿ ਧਾਰਾ' ਦੀ ਭੂਮਿਕਾ ਵਿਚ ਆਪ ਲਿਖਦੇ ਹਨ ਕਿ ਇਸ ਕਵੀ ਦੀ ਬਾਣੀ ਬੜੀ ਮਾਂਜੀ ਸੁਆਰੀ ਹੋਈ ਹੈ। ਪਰ ਇਸ ਕਾਵਿ ਰਚਨਾ ਦੀ ਭਾਸ਼ਾ ਇਹੋ ਜਿਹੀ ਨਹੀਂ ਹੈ ਕਿ ਪੰਜਾਬੀ ਬੋਲਦਾ ਜਣਾ-ਖਣਾ ਇਸ ਨੂੰ ਸਮਝ ਲਵੇ। ਸਿਰਫ਼ ਬਰੀਕ-ਬੀਨੀ ਨਾਲ ਹੀ ਇਸ ਵਿਚੋਂ ਪੰਜਾਬੀ ਦੀਆਂ ਖਾਸੀਅਤਾਂ ਟੋਹੀਆਂ ਜਾ ਸਕਦੀਆਂ ਹਨ। ਅਸਲ ਵਿਚ ਇਹ ਸੰਕ੍ਰਾਂਤੀ ਕਾਲ ਦੀ ਭਾਸ਼ਾ ਹੈ, ਜਿਸ ਨੂੰ ਵਿਦਵਾਨਾਂ ਨੇ 'ਅਵਹੱਠ' ਦਾ ਨਾਮ ਵੀ ਦਿੱਤਾ ਹੈ। ਇਸ ਤੋਂ ਬਾਅਦ ਪੰਜਾਬੀ ਆਪਣੇ ਅਪਭ੍ਰੰਸ਼ੀ ਪ੍ਰਭਾਵ ਹੇਠੋਂ ਨਿਕਲਣੀ ਸ਼ੁਰੂ ਹੋ ਜਾਂਦੀ ਹੈ ਅਤੇ ਸਿੱਧਾਂ-ਨਾਥਾਂ ਦੀਆਂ ਧੂਣੀਆਂ ਦੀ ਅੱਗ ਸੇਕਦੀ ਹੋਈ ਪੰਜਾਬੀਪੁਣੇ ਵੱਲ ਝੁਕਦੀ ਹੈ। ਪਰ ਇਸ ਦਾ ਚਿਹਰਾ ਮੁਹਰਾ ਅਪਭ੍ਰੰਸ਼ੀ ਲੱਛਣਾਂ ਵਾਲਾ ਹੀ ਰਹਿੰਦਾ ਹੈ। ਇਸੇ ਕਾਲ ਵਿਚ ਥੋੜ੍ਹਾ ਚਿਰ ਮਗਰੋਂ ਫਰੀਦ ਬਾਣੀ ਵੀ ਅਪਭ੍ਰੰਸ਼ੀ ਰੁਚੀਆਂ ਸਮੇਤ ਸਾਡੇ ਕੋਲ ਆਉਂਦੀ ਹੈ। ਪਰ ਫ਼ਰੀਦ ਬਾਣੀ ਵਿਚ ਪੰਜਾਬੀ ਸਪੱਸ਼ਟ ਤੋਂ ਸਪੱਸ਼ਟਤਰ ਹੁੰਦੀ ਨਜ਼ਰ ਆਉਂਦੀ ਹੈ। ਇਸ ਬਾਣੀ ਤੋਂ ਸਾਨੂੰ ਪਹਿਲੀ ਵਾਰ ਪੰਜਾਬੀ ਦਾ ਨਿਗਰਵਾਂ ਚੇਹਰਾ ਸਾਫ ਸਾਫ ਦਿਸਦਾ ਹੈ। ਬਾਬਾ ਫ਼ਰੀਦ ਦਾ ਡੇਰਾ ਲਹਿੰਦੇ ਪੰਜਾਬ ਦੀ ਤਰਫ ਸੀ। ਇਸ ਪਾਸੇ ਤਿੰਨ ਚਾਰ ਸੌ ਵਰ੍ਹਿਆਂ ਤੋਂ ਇਸਲਾਮੀ ਸਭਿਆਚਾਰ ਦੇ ਘਣੇ ਬੱਦਲ ਵਰ ਚੁੱਕੇ ਸਨ। ਇਸ ਲਈ ਸੁਭਾਵਕ ਹੀ ਬਾਬਾ ਫਰੀਦ ਦ ਸਲੋਕਾਂ ਵਿਚ ਅਰਬੀ ਫ਼ਾਰਸੀ ਦੇ ਲਫ਼ਜ਼ ਵੀ ਆਏ ਹਨ। ਫ਼ਰੀਦ ਬਾਣੀ ਪੜ੍ਹਿਆ

ਇੰਜ ਜਾਪਦੈ ਜਿਵੇਂ ਉਨ੍ਹਾਂ ਦੇ ਸ਼ਲੋਕ ਉਮਰ ਦੇ ਆਖਰੀ ਪੰਥ ਵਿਚ ਰਚੇ ਗਏ ਹੋਣ ਕਿਉਂਕਿ ਥਾਂ ਥਾਂ ਤੇ ਜੀਵਨ ਤਜਰਬਿਆਂ ਦੇ ਸਿੱਟੇ ਅਤੇ ਦੁਨੀਆਂ ਦੀ ਨਾਸਮਾਨਤਾ ਜਾਂ ਸਦਾਪੇ ਦਾ ਤਰਸਯੋਗ ਜਿਕਰ ਕੀਤਾ ਗਿਆ ਹੈ। ਮਿਸਾਲ ਲਈ ਹੇਠ ਲਿਖੇ ਸਲੋਕ ਵੇਖੇ ਜਾ ਸਕਦੇ ਹਨ:

ਇਨੀ ਨਿਕੀ ਜੰਘੀਐ ਥਲਿ ਡੂਗਰਿ ਭਵਿਓਮ ਸੈ ਕੋਹਾਂ ਥੀਓਮ।

ਅੱਜ ਫਰੀਦਾ ਜੜਾ, ਦੇਖਿ ਫਰੀਦਾ ਜਿ ਥੀਆ, ਦਾੜੀ ਹੋਈ ਭੂਰਿ।

ਅੱਗਾ ਨੇੜੇ ਆਇਆ ਪਿਛਾ ਰਹਿਆ ਦੂਰਿ।

ਬਾਬਾ ਫ਼ਰੀਦ ਜੀ ਦੀ ਬਲੀ ਬਾਬਤ ਵੀ ਪੱਕੇ ਤੌਰ ਤੇ ਸ਼ਾਇਦ ਇਹ ਦਾਅਵਾ ਨਹੀ ਕੀਤਾ ਜਾ ਸਕਦਾ ਕਿ ਇਹ ਆਪਣੇ ਸ਼ੁੱਧ ਸਰੂਪ ਵਿਚ ਹੈ ਕਿਉਂਕਿ ਇਸ ਦੀ ਸਾਂਭ-ਸੰਭਾਲ ਬਾਅਦ ਵਿਚ ਕਿਤੇ ਜਾ ਕੇ ਸੋਲਵੀਂ ਸਦੀ ਵਿਚ ਹੁੰਦੀ ਹੈ। ਇਸ ਲਈ ਲੋਕ ਕੰਠ ਦੀਆਂ ਛੋਹਾਂ ਨਾਲ ਇਸ ਵਿਚ ਥੋੜੀ-ਬਹੁਤੀ ਅਦਲਾ-ਬਦਲੀ ਤਾਂ ਹੋ ਹੀ ਗਈ ਹੋਵੇਗੀ।ਭਾਸ਼ਾ ਚਿੰਤਕ ਦੱਸਦੇ ਹਨ ਕਿ ਫ਼ਰੀਦ ਬਾਣੀ ਵਿਚ ਅਪਭ੍ਰੰਸ਼ ਵਾਲੇ ਬਹੁਤ ਸਾਰੇ ਭਾਸ਼ਾਗਤ ਲੱਛਣ ਹਨ। ਬਾਬਾ ਫ਼ਰੀਦ ਤੋਂ ਬਾਅਦ ਗੁਰੂ ਨਾਨਕ ਕਾਲ ਤਕ ਦੇ ਦਰਮਿਆਨੇ ਸਮੇਂ ਦੀ ਕੋਈ ਰਚਨਾ ਸੁਲੱਭ ਨਹੀਂ ਹੋਈ ਹੈ।ਇਸ ਲਈ ਚੌਧਵੀਂ ਪੰਦਰਵੀਂ ਸਦੀ ਦੀ ਬੋਲੀ ਬਾਰੇ ਕਈ ਲੱਖਣ ਲਾਉਣਾ ਸੰਭਵ ਨਹੀਂ ਹੈ। ਏਨੀ ਗੱਲ ਤਾਂ ਅਸੀਂ ਕਹਿ ਹੀ ਸਕਦੇ ਹਾਂ ਕਿ ਪੰਜਾਬੀ ਭਾਸ਼ਾ ਦੇ ਭਾਗ ਦਾ ਸਿਤਾਰਾ ਪਿਛਲੇ ਇਕ ਮਿਲੇਨੀਅਮ ਦੇ ਪਹਿਲੇ ਅੱਧ (1000 ਤੋਂ 1500 ਈ.) ਤੱਕ ਚਮਕ ਉੱਠਿਆ ਸੀ।

ਸੋਲ੍ਹਵੀਂ ਸਦੀ ਦਾ ਅਮਨ ਦਾ ਜ਼ਮਾਨਾ ਸਮੂਹ ਭਾਰਤੀ ਭਾਸ਼ਾਵਾਂ ਦੇ ਲਿਸ਼ਕਣ-ਪੁਸ਼ਕਣ ਦਾ ਜ਼ਮਾਨਾ ਹੈ। ਇਸ ਸਮੇਂ ਭਾਰਤ ਦੀਆਂ ਸਾਰੀਆਂ ਹੀ ਭਾਸ਼ਾਵਾਂ ਜੁਆਨੀ ਵਿਚ ਪੈਰ ਰੱਖਦੀਆਂ ਹਨ।ਪੰਜਾਬੀ ਭਾਸ਼ਾ ਵੀ ਨਵੀਂ ਦਿੱਖ ਅਤੇ ਨਵਾਂ ਨਿਖਾਰ ਵੜਦੀ ਹੈ।ਪੰਜਾਬੀ ਦਾ ਮੂੰਹ-ਮੁਹਾਂਦਰਾ ਤੇ ਤਰਜ਼-ਤਾਸੀਰ ਨਵੇਂ ਜੁੱਗ ਵਿਚ ਪ੍ਰਵੇਸ਼ ਕਰਦੀ ਹੈ। ਦਰਅਸਲ ਲੋਕਾਂ ਦੇ ਜਾਗਣ ਨਾਲ ਹੀ ਲੋਕ-ਬੋਲੀਆਂ ਸਾਹਿਤਕ ਨੁਕਤਾ-ਨਿਗਾਹ ਤੋਂ ਪ੍ਰਫ਼ੁੱਲਿਤ ਹੋ ਸਕਦੀਆਂ ਹਨ।ਪੰਜਾਬ ਵਿਚ ਇਸ ਜਾਗ ਦਾ ਸੁਨੇਹਾ ਗੁਰੂ ਸਾਹਿਬਾਨ ਨੇ ਦਿੱਤਾ। ਇਸ ਵੇਲੇ ਰਾਜਸੀ ਬਲ ਨਾਲ ਪਰਦੇਸਣ ਫ਼ਾਰਸੀ ਨੇ ਦੇਸ਼ੀ ਭਾਸ਼ਾਵਾਂ ਉੱਤੇ ਤੇ ਕਾਫ਼ੀ ਦਾਬਾ ਪਾਇਆ ਹੋਇਆ ਸੀ। ਜਿਨ੍ਹਾਂ ਲੋਕਾਂ ਦੀ ਬੋਲੀ ਹੀ ਸੁਤੰਤਰ ਨਾ ਹੋਵੇ ਉਹ ਸੁਤੰਤਰ ਵਿਚਾਰ ਕਿਵੇਂ ਸੋਚ ਸਕਦੇ ਹਨ। ਇਸ ਨੁਕਤੇ ਨੂੰ ਗੁਰੂ ਨਾਨਕ ਸਾਹਿਬ ਨੇ ਮਹਿਸੂਸ ਕੀਤਾ। ਇਸੇ ਕਰਕੇ ਤਾਂ ਉਹ ਬੜੇ ਵਿਅੰਗ ਭਰੇ ਲਹਿਜੇ ਵਿਚ 'ਮਲਾਰ ਦੀ ਵਾਰ' ਵਿਚ ਲਿਖਦੇ ਹਨ:

ਆਦਿ ਪੁਰਖ ਕਉ ਅਲਹੁ ਕਹੀਐ, ਸ਼ੇਖਾਂ ਆਈ ਵਾਰੀ। ਘਰਿ ਘਰਿ ਮੀਆਂ ਸਭਨਾ ਜੀਆ ਬੋਲੀ ਅਵਰੁ ਤੁਮਾਰੀ।

ਇਕ ਪਾਸੇ ਵਿਦੇਸ਼ੀ ਹਾਕਮਾਂ ਦੀ ਬਲੀ ਵਾਰਸੀ, ਲੋਕ ਬੋਲੀਆਂ ਨੂੰ ਮਾਰਨ ਦੇ ਵਿੱਚ ਸੀ ਅਤੇ ਦੂਜੇ ਪਾਸੇ ਸੰਸਕ੍ਰਿਤ ਨੂੰ ਦੇਦ ਬਾਣੀ ਮੰਨਣ ਵਾਲੇ ਸਨਾਤਨੀ ਸਾਹਮਣ ਰੂਹਾਨੀ ਖੁਸ਼ੀਆਂ ਨੂੰ ਗੁਆਰ' ਆਖ ਕੇ ਕਾਰ ਰਹੇ ਸਨ। ਅਜਿਹੀ ਦਰਦਮਾ ਦੇ ਵੱਲੋਂ ਗੁਰੂ ਸਾਹਿਬਾਨ ਨ ਲੋਕਾਂ ਦੀ ਭਾਸ਼ਾ ਦਾ ਪੱਖ ਲਿਆ। ਉਨ੍ਹਾਂ ਨੇ ਆਪਣੇ ਅਧਿਆਤਮਕ ਵਿਚਾਰ

ਅਤੇ ਸਮਾਜ ਸੁਧਾਰ ਦੇ ਸੁਨੇਹੜੇ ਲੋਕਾਂ ਦੀ ਭਾਸ਼ਾ ਵਿਚ ਦੇਣੇ ਬੇਹਤਰ ਸਮਝੇ। ਗੁਰੂਆਂ ਦੇ ਇਸ ਨਾਦ ਨਾਲ ਪੰਜਾਬੀ ਭਾਸ਼ਾ ਦੀ ਕਾਇਆ ਜਗਮਗਾ ਉਹ ਸੂਫ਼ੀ ਦਰਵੇਸ਼ ਬਾਬਾ ਫਰੀਦ ਦਾ ਸਦਕਾ ਪੰਜਾਬੀ ਦਾ ਮੁੱਢ ਲਹਿੰਦੀ ਵਿਚ ਬੱਝਾ ਸੀ ਪਰ ਗੁਰੂਆਂ ਵੱਲੋਂ ਪੰਜਾਬੀ ਦਾ ਸੰਬੰਧ ਭਾਰਤੀ ਸੰਤ ਸਾਹਿਤ ਨਾਲ ਜਾ ਜੁੜਿਆ। ਗੁਰੂ ਨਾਨਕ ਤੋਂ ਬਾਅਦ ਸੰਤ ਭਾਸ਼ਾ ਦਾ ਜ਼ਰ ਵਧਦਾ ਗਿਆ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਗੁਰੂ ਸਾਹਿਬਾਨ ਆਪਣਾ ਸੁਨੇਹਾ ਸਮੁੱਚ ਭਾਰਤ ਨੂੰ ਦੇਣਾ ਚਾਹੁੰਦੇ ਸਨ। 1601 ਈ. ਵਿਚ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ ਦੀ ਸੰਪਾਦਨਾ ਕਰਕੇ ਪੰਜਾਬੀ ਭਾਸ਼ਾ ਨੂੰ ਇਕ ਅਮੋਲਕ ਖਜ਼ਾਨਾ ਦਿੱਤਾ। ਗੁਰੂ ਸਾਹਿਬਾਨ ਤੋਂ ਇਲਾਵਾ ਦਮੋਦਰ ਨੇ ਮੁਲਤਾਨੀ ਰੰਗ ਦੀ ਠੇਠ ਪੰਜਾਬੀ ਵਿਚ ਹੀਰ ਦੀ ਪ੍ਰੇਮ ਕਹਾਣੀ ਲਿਖ ਕੇ ਦੱਸ ਦਿੱਤਾ ਕਿ ਪੰਜਾਬੀ ਕੇਵਲ ਅਧਿਆਤਮਕ ਸਾਹਿਤ ਜੋਗੀ ਹੀ ਨਹੀਂ ਹੈ ਸਗੋਂ ਇਸ ਵਿਚ ਰੋਮਾਂਚਿਕ ਸਾਹਿਤ ਰਚਣ ਦੀ ਸਮਰੱਥਾ ਵੀ ਹੈ। ਸ਼ਾਹ ਹੁਸੈਨ ਦੀਆਂ ਕਾਫ਼ੀਆਂ ਨੇ ਟਕਸਾਲੀ ਪੰਜਾਬੀ ਦੇ ਸਵੱਛ ਰੂਪ ਨੂੰ ਪੇਸ਼ ਕੀਤਾ। ਸੱਤੇ ਬਲਵੰਡ ਦੀ ਵਾਰ ਸਿੱਧੀ ਪੱਧਰੀ ਪੰਜਾਬੀ ਦੀ ਮੋਹਣੀ ਤਸਵੀਰ ਪੇਸ਼ ਕਰਦੀ ਹੈ।

ਸਤਾਰਵੀਂ ਸਦੀ ਦਾ ਸ਼ਿਰੋਮਣੀ ਕਵੀ ਭਾਈ ਗੁਰਦਾਸ ਹੈ। ਆਪ ਨੇ 39 ਵਾਰਾਂ ਲਿਖੀਆਂ ਜਿਨ੍ਹਾਂ ਦੀ ਭਾਸ਼ਾ ਪੰਜਾਬੀ ਦੇ ਬਹੁ-ਭਾਂਤੇ ਸ਼ਬਦ-ਭੰਡਾਰ ਦਾ ਮਹਾਂਕੋਸ਼ ਹੈ। ਇਨ੍ਹਾਂ ਵਾਰਾਂ ਵਿਚ ਪੰਜਾਬੀ ਲੋਕ-ਭਾਸ਼ਾ ਸਾਹਿਤਕ ਅਤੇ ਸਭਿਆਚਾਰਕ ਮਾਧਿਅਮ ਦੇ ਤੌਰ ਤੇ ਪਹਿਲੀ ਵਾਰ ਸਪਸ਼ਟ ਹੋਈ। ਇਸ ਸਦੀ ਦਾ ਬੀਰ ਸਾਹਿਤ ਵੀ ਪੰਜਾਬੀ ਭਾਸ਼ਾ ਦੀ ਭਾਸ਼ਾਈ ਸਮਰਥਾ ਨੂੰ ਦ੍ਰਿੜ ਕਰਾਉਂਦਾ ਹੈ। ਮੋਟੇ ਤੌਰ ਤੇ 1500 ਈ. ਤੋਂ 1700 ਈ. ਤਕ ਦੇ ਕਾਲ ਖੰਡ ਦੌਰਾਨ ਦੀ ਪੰਜਾਬੀ ਭਾਸ਼ਾ ਵਿਚ ਤਦਭਵੀਕਰਨ ਦੀ ਰੁਚੀ ਬਲਵਾਨ ਰਹਿੰਦੀ ਹੈ। ਤਦਭਵੀਕਰਨ ਦਰਅਸਲ ਪੰਜਾਬੀਕਰਣ ਦਾ ਹੀ ਦੂਜਾ ਨਾਮ ਹੈ। ਇਸ ਦਾ ਅਰਥ ਹੈ ਕਿ ਇਸ ਸਮੇਂ ਜਿੰਨ ਵੀ ਸ਼ਬਦ ਜਾਂ ਧੁਨੀ ਜੁਗਤਾਂ ਹੋਰਨਾਂ ਸੋਮਿਆਂ ਤੋਂ ਆਈਆਂ ਉਨ੍ਹਾਂ ਨੂੰ ਪੰਜਾਬੀ ਨੇ ਚਿੱਥ-ਚਿੱਥ ਆਪਣੇ ਆਪੇ ਵਿਚ ਸਮੋ ਲਿਆ। ਜਿਹੜੀ ਭਾਸ਼ਾ ਬੇਡੋਲ ਸ਼ਬਦਾਂ ਨੂੰ ਨਿਗਲਦੀ ਹੈ, ਉਹ ਆਪਣਾ ਰੂਪ ਵਿਗਾੜ ਲੈਂਦੀ ਹੈ। ਪਰ ਜੋ ਸ਼ਬਦਾਂ ਨੂੰ ਪਪੋਲ-ਪਪੋਲ ਕੇ ਖਾਂਦੀ ਹੈ, ਉਹ ਆਪਣਾ ਆਪਾ ਵੀ ਕਾਇਮ ਰੱਖਦੀ ਹੈ ਅਤੇ ਬਲਵਾਨ ਵੀ ਬਣਦੀ ਰਹਿੰਦੀ ਹੈ। ਪੰਜਾਬੀ ਨੇ ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਜੇਹੀਆਂ ਭਾਸ਼ਾਵਾਂ ਦੇ ਸੰਪਰਕ ਸਮੇਂ ਇਨ੍ਹਾਂ ਦੀ ਸ਼ਬਦਾਵਲੀ ਦਾ ਚੋਗ-ਚੁਗਿਆ ਹੈ ਪਰ ਉਸ ਨੇ ਅਣਪਛਾਤਾ ਬਣਾ ਦਿੱਤਾ। ਜੋ ਸੰਸਕ੍ਰਿਤ ਸੋਮੇ ਤੋਂ ਹਸਤ`, 'ਸਤਯ' ਅਤੇ ਦੁਧ ਆਦਿ ਸ਼ਬਦ ਆਏ ਤਾਂ ਉਹ ਪੰਜਾਬੀ ਰੰਗ ਵਿਚ ਰੰਗ ਕੇ ਹੱਥ, ਸੱਚ ਅਤੇ ਦੁੱਧ ਹੋ ਗਏ। ਜੋ ਫ਼ਾਰਸੀ ਸਮੇਂ ਤੇ ਕਾਗਜ, ਨਜ਼ਰ ਅਤੇ ਮੁਸ਼ੱਕਤ ਆਦਿ ਸ਼ਬਦ ਆਏ ਤਾਂ ਉਨ੍ਹਾਂ ਦਾ ਤਦਭਵ ਰੂਪ ਕਾਗਦ, ਨਦਰ ਅਤੇ ਮਸਕਤ ਬਣ ਗਿਆ। ਇਸ ਲਈ ਪੰਜਾਬੀ ਦੇ ਪਾਜ ਰਾਮਾ-ਸ਼ਾਸਤਰੀ ਇਸ ਸਮੇਂ ਦੀ ਪੰਜਾਬੀ ਭਾਸ਼ਾ ਦੀ ਪਛਾਣ ਤਦਭਵ ਪ੍ਰਧਾਨ ਪੰਜਾਬੀ ਵਜੋਂ ਕਰਦੇ ਹਨ।

ਅਠਾਰ੍ਹਵੀਂ ਸਦੀ ਦੀ ਚੜ੍ਹਤ ਨਾਲ ਪੰਜਾਬੀ ਭਾਸ਼ਾ ਦਾ ਇਕ ਹੋਰ ਨਵਾਂ ਦੌਰ ਸ਼ੁਰੂ ਹੁੰਦਾ ਹੈ। ਰਾਜਸੀ ਉਥਲ-ਪੁਥਲ ਨਾਲ ਕਾਫ਼ੀ ਅਰਸਾ ਪਹਿਲਾਂ ਤੋਂ ਹੀ ਪੰਜਾਬੀ ਤਹਿਜੀਬ ਅਤੇ ਭਾਸ਼ਾ ਉਪਰ ਤੁਰਕੀ ਅਤੇ ਅਰਬੀ, ਫ਼ਾਰਸੀ ਪ੍ਰਭਾਵ ਪੈ ਚੁੱਕੇ ਸਨ। ਸਾਮੀ ਅਤੇ ਇਰਾਨੀ ਭਾਸ਼ਾ ਬੋਲਣਹਾਰਿਆਂ ਦੀ ਆਮਦ ਨਾਲ ਪੰਜਾਬੀ ਭਾਸ਼ਾ ਉੱਤੇ ਗ਼ੈਰ ਆਰਿਆਈ ਅਤੇ ਗ਼ੈਰ ਪੰਜਾਬੀ ਪ੍ਰਭਾਵ ਆਰੰਭੇ ਜਾ ਚੁੱਕੇ ਸਨ। ਵਾਸਤਵ ਵਿਚ ਤਾਂ ਪੰਜਾਬੀ ਦੀ ਨਿਕਾਸ ਅਵਸਥਾ ਵੇਲੇ ਹੀ, ਉਸ ਨੂੰ ਫ਼ਾਰਸੀ ਅਤੇ ਅਰਬੀ ਦੀ ਗੁੜਤੀ ਮਿਲ ਗਈ ਸੀ। ਫ਼ਾਰਸੀ ਦਾ ਅਸਰ ਫਰੀਦ ਦੀ ਭਾਸ਼ਾ ਉਪਰ ਚੋਖਾ ਹੈ।

ਇਸ ਤੋਂ ਮਗਰੋਂ ਇਹ ਗਲਬਾ ਦਿਨ ਬਦਿਨ ਵਧਦਾ ਹੀ ਗਿਆ। ਪੰਜਾਬੀ ਕਿੱਸਾ-ਕਾਲ ਇਸ ਦਾ ਸਿਖਰ ਹੈ। ਵਾਰਸ ਸ਼ਾਹ 18ਵੀਂ ਸਦੀ ਦੀ ਪੰਜਾਬੀ ਭਾਸ਼ਾ ਦਾ ਸਿਰਮੌਰ ਕਵੀ ਹੈ ਜੋ ਪੰਜਾਬੀ ਹੀਰ ਨੂੰ ਰਾਂਝਾ ਬਣ ਕੇ ਅਜਿਹਾ ਟੱਕਰਿਆ ਕਿ ਇਸ ਮਹਾਨ ਕਵੀ ਦੀ ਸ਼ਾਹਕਾਰ ਰਚਨਾ 'ਹੀਰ' ਘਰ-ਘਰ ਪਹੁੰਚ ਗਈ। 'ਹੀਰ ਵਾਰਸ' ਦੀ ਭਾਸ਼ਾ ਫ਼ਾਰਸੀ ਪ੍ਰਧਾਨ ਹੈ। ਵਾਰਸ ਤੋਂ ਇਲਾਵਾ 18ਵੀਂ ਅਤੇ 19ਵੀਂ ਸਦੀ ਦੇ ਸਮੂਹ ਕਿੱਸਾਕਾਰਾਂ ਦੀ ਭਾਸ਼ਾ ਫ਼ਾਰਸੀ ਪ੍ਰਧਾਨ ਹੈ। ਕੀ ਹਾਸ਼ਮ, ਕੀ ਅਹਿਮਦਯਾਰ ਅਤੇ ਕੀ ਕਾਦਰਯਾਰ ਆਦਿ ਅਨੇਕਾਂ ਮੁਸਲਮਾਨ ਕਵੀਆਂ ਨੇ ਬਹੁਤ ਸਾਰੀ ਫ਼ਾਰਸੀ ਸ਼ਬਦਾਵਲੀ ਨੂੰ ਪੰਜਾਬੀ ਵਿਚ ਘੋਲਿਆ।

ਪੰਜਾਬੀ ਭਾਸ਼ਾ ਉੱਤੇ ਫ਼ਾਰਸੀ ਦਾ ਜਾਦੂਈ ਪ੍ਰਭਾਵ ਉਦੋਂ ਢਿੱਲਾ ਹੋਣ ਲੱਗਿਆ ਜਦੋਂ 19ਵੀਂ ਸਦੀ ਦੇ ਅੱਧ ਵਿਚ ਅੰਗਰੇਜ਼ੀ ਹਕੂਮਤ ਕਾਇਮ-ਦਾਇਮ ਹੋ ਗਈ। ਪੰਜਾਬ ਦਾ ਸਾਰਾ ਵਾਤਾਵਰਨ ਤਬਦੀਲ ਹੋਣ ਲੱਗ ਪਿਆ।ਪੰਜਾਬੀ ਜਨਜੀਵਨ ਅਤੇ ਪ੍ਰਸ਼ਾਸਨ ਵਿਚ ਨਵੀਆਂ ਪ੍ਰਵਿਰਤੀਆਂ ਉਜਾਗਰ ਹੋਣ ਲੱਗੀਆਂ। ਵਿਦਿਅਕ, ਧਾਰਮਿਕ, ਸਮਾਜਕ, ਸਭਿਆਚਾਰਕ ਅਤੇ ਰਾਜ ਪ੍ਰਬੰਧਕੀ ਖੇਤਰਾਂ ਵਿਚ ਨਵੀਂ ਚੇਤਨਾ ਅੰਗੜਾਈਆਂ ਭਰਨ ਲੱਗੀ। ਅੰਗਰੇਜ਼ਾਂ ਨੇ ਪੰਜਾਬ ਉੱਤੇ ਸਿਰਫ਼ ਸੌ ਸਾਲ ਰਾਜ ਕੀਤਾ ਜੋ ਮੁਸਲਮਾਨ ਹਕੂਮਤ ਦੇ ਮੁਕਾਬਲੇ ਬਹੁਤ ਥੋੜ੍ਹਾ ਸਮਾਂ ਹੈ। ਪਰ ਪੰਜਾਬੀ ਭਾਸ਼ਾ ਉੱਤੇ ਅੰਗਰੇਜ਼ੀ ਭਾਸ਼ਾ ਦਾ ਪ੍ਰਭਾਵ ਫ਼ਾਰਸੀ ਨਾਲੋਂ ਵਧੇਰੇ ਪਿਆ। ਪੰਜਾਬੀ ਭਾਸ਼ਾ ਵਿਚ ਨਵੀਂ ਰੌਂ ਗੁਮਕ ਉਠੀ। ਸਾਡੀ ਸਮੁੱਚੀ ਰਹਿਣੀ ਬਹਿਣੀ ਅਤੇ ਬੋਲਚਾਲ ਅੰਗਰੇਜ਼ੀ ਰੰਗ ਵਿਚ ਰੰਗੀ ਗਈ।ਪਰ ਨਾਲ ਹੀ ਅੰਗਰੇਜ਼ਾਂ ਦੀ ਗੁਲਾਮੀ ਅਤੇ ਉਨ੍ਹਾਂ ਦੀਆਂ ਸਿਆਸੀ ਚਾਲਾਂ ਨੇ ਪੰਜਾਬੀਆਂ ਵਿਚ ਇਸ ਤਰ੍ਹਾਂ ਫੁੱਟ ਪਾ ਦਿੱਤੀ ਕਿ ਪੰਜਾਬੀ ਦਾ ਸਾਂਝਾ ਪਵਲਿਤ ਹੋ ਰਿਹਾ ਘਰ ਵੱਖ ਵੱਖ ਸੰਪਰਦਾਇਕ ਫ਼ਿਰਕਿਆਂ ਵਿਚ ਵੰਡਿਆ ਜਾਣ ਲੱਗਾ। ਇਸ ਨਾਲ ਪੰਜਾਬੀ ਭਾਸ਼ਾ ਬੁਰੀ ਤਰ੍ਹਾਂ ਅਸਰਅੰਦਾਜ਼ ਹੋਈ। ਮੁਸਲਮਾਨਾਂ ਦਾ ਝੁਕਾਅ ਉਰਦੂ ਵੱਲ ਕਰ ਦਿੱਤਾ ਗਿਆ। ਪੰਜਾਬੀ ਨੂੰ ਸਿੱਖਾਂ ਦੀ ਝੋਲੀ ਪਾ ਦਿੱਤਾ ਗਿਆ ਅਤੇ ਹਿੰਦੀ ਨੂੰ ਹਿੰਦੂਆਂ ਨਾਲ ਜੋੜ ਦਿੱਤਾ ਗਿਆ। ਪਰ ਫਿਰ ਵੀ ਵਿਦਿਆ ਦੇ ਪਾਸਾਰ ਅਤੇ ਕਈ ਕਿਸਮ ਦੀਆਂ ਧਾਰਮਿਕ, ਸਮਾਜਕ ਅਤੇ ਆਜ਼ਾਦੀ ਦੀਆਂ ਲਹਿਰਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਨਵਾਂ ਮੋੜ ਦਿੱਤਾ। ਪੰਜਾਬੀ ਵਿਚ ਨਾਵਲ, ਕਵਿਤਾ, ਨਿੱਕੀ ਕਹਾਣੀ, ਨਾਟਕ, ਇਕਾਂਗੀ, ਨਿਬੰਧ ਆਦਿ ਅਨੇਕਾਂ ਪੱਛਮੀ ਸਾਹਿਤ ਰੂਪਾਂ ਦੀ ਰਚਨਾ ਹੋਣ ਲੱਗੀ। ਇਸ ਵਿਚ ਮੋਢੀ ਪੰਜਾਬੀ ਲੇਖਕਾਂ ਦਾ ਬੜਾ ਯੋਗਦਾਨ ਹੈ ਜਿਨ੍ਹਾਂ ਵਿਚ ਭਾਈ ਵੀਰ ਸਿੰਘ, ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰਿੰਸੀਪਲ ਤੇਜਾ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਕਰਤਾਰ ਸਿੰਘ ਦੁੱਗਲ, ਹੀਰਾ ਸਿੰਘ ਦਰਦ, ਬਾਵਾ ਬੁੱਧ ਸਿੰਘ, ਮੋਹਨ ਸਿੰਘ ਦੀਵਾਨਾ ਆਦਿ ਅਨੇਕਾਂ ਲੇਖਕਾਂ ਦੇ ਨਾਂ ਜ਼ਿਕਰਯੋਗ ਹਨ। ਇਨ੍ਹਾਂ ਅਤੇ ਹੋਰ ਬਹੁਤ ਸਾਰੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਲੇਖਕਾਂ ਨੇ ਸਾਹਿਤ ਦੇ ਵੱਖ ਵੱਖ ਰੂਪਾਂ ਵਿਚ ਸਾਹਿਤ ਰਚਨਾ ਕਰ ਕੇ ਪੰਜਾਬੀ ਦਾ ਪਾਠਕ ਵਰਗ ਕਾਇਮ ਕੀਤਾ।ਪੰਜਾਬੀ ਵਿਚ ਨਵੀਂ ਕਿਸਮ ਦੀ ਭਾਸ਼ਾ ਸ਼ੈਲੀ ਨੇ ਜਨਮ ਲਿਆ। ਪਹਿਲ ਪੰਜਾਬੀ ਭਾਸ਼ਾ ਸਰਲ ਵਾਕ ਜੁਗਤ ਦੀ ਧਾਰਨੀ ਸੀ, ਪਰ ਅੰਗਰੇਜ਼ੀ ਦੀ ਰੀਸੇ ਪੰਜਾਬੀ ਲੇਖਕਾ ਨੇ ਲੰਮੇ ਲੰਮੇ ਵਾਕ ਬਣਾਉਣੇ ਆਰੰਭ ਕੀਤੇ। ਇਸ ਨਾਲ ਪੰਜਾਬੀ ਭਾਸ਼ਾ ਵਿਚ ਅੰਗਰੇਜ਼ੀ ਵਾਲ ਵਿਰਾਮ ਚਿੰਨ੍ਹਾਂ ਦੀ ਵਰਤੋਂ ਹੋਣ ਲੱਗ ਪਈ। ਅਰਬੀ ਫ਼ਾਰਸੀ ਵਾਂਗ ਅੰਗਰੇਜ਼ੀ ਭਾਸ਼ਾ ਨੇ ਵੀ ਪੰਜਾਬੀ ਨੂੰ ਕਈ ਨਵੇਂ ਸ਼ਬਦ ਢਾਂਚੇ ਦਿੱਤੇ।

1947 ਵਿਚ ਭਾਰਤ ਆਜ਼ਾਦ ਹੋ ਗਿਆ। ਆਜ਼ਾਦੀ ਦਾ ਦਿਨ ਭਾਰਤੀ ਇਤਿਹਾਸ ਵਿਚ ਬੜਾ ਮਹੱਤਵਪੂਰਨ ਮੋੜ ਹੈ। ਸਮੁੱਚੇ ਭਾਰਤੀ ਜੀਵਨ ਵਿਚ ਇਸ ਦਿਨ ਤੋਂ ਬਾਅਦ ਨਵਾਂ ਨਿਖਾਰ ਆਉਣਾ ਸ਼ੁਰੂ ਹੋ ਗਿਆ। ਕੀ ਭਾਸ਼ਾ, ਕੀ ਰਹਿਣ ਸਹਿਣ ਅਤੇ ਚਿੰਤਨ ਵਿਧੀ ਆਦਿ ਸਾਰਿਆਂ ਅੰਗਾਂ ਵਿਚ ਨਵੀਂ ਤਬਦੀਲੀ ਦ੍ਰਿਸ਼ਟੀਗੋਚਰ ਹੁੰਦੀ ਹੈ। ਪੰਜਾਬੀ ਭਾਸ਼ਾ ਵੀ ਇਸ ਦਿਨ ਤੋਂ ਨਵੇਂ ਦੌਰ ਵਿਚ ਪ੍ਰਵੇਸ਼ ਕਰਦੀ ਹੈ। ਪੰਜਾਬੀ ਨੂੰ ਰਾਜ ਪ੍ਰਬੰਧ ਅਤੇ ਉਚੇਰੀ ਸਿੱਖਿਆ ਦੇ ਮਾਧਿਅਮ ਵਜੋਂ ਸਰਕਾਰੀ ਮਾਨਤਾ ਮਿਲ ਗਈ। ਪੰਜਾਬੀ ਨੂੰ ਭਾਰਤ ਦੀਆਂ 15 ਰਾਸ਼ਟਰੀ ਭਾਸ਼ਾਵਾਂ ਵਿਚ ਯੋਗ ਸਥਾਨ ਮਿਲਿਆ। ਗਿਆਨ, ਵਿਗਿਆਨ ਅਤੇ ਹੋਰ ਗੰਭੀਰ ਵਿਸ਼ਿਆਂ ਦੇ ਸੂਖਮ ਵਿਚਾਰਾਂ ਨੂੰ ਪ੍ਰਗਟਾਉਣ ਲਈ ਪੰਜਾਬੀ ਨੂੰ ਸਮਰੱਥ ਬਣਾਉਣ ਦੀ ਜ਼ੋਰਦਾਰ ਗੱਲ ਛਿੜ ਪਈ। ਪੰਜਾਬੀ ਭਾਸ਼ਾ ਬਾਰੇ ਉਚੇਰੀ ਪੱਧਰ ਦੀ ਖੋਜ ਆਰੰਭ ਹੋਈ। ਸ਼ਬਦ ਕੋਸ਼, ਸ਼ਬਦ ਜੋੜ ਕੋਸ਼, ਵਿਆਕਰਣ ਅਤੇ ਪੰਜਾਬੀ ਦੀਆਂ ਉਪਭਾਸ਼ਾਵਾਂ ਦੀਆਂ ਭਿੰਨਤਾਵਾਂ ਲੱਭਣ ਦੇ ਭਾਸ਼ਾ ਵਿਗਿਆਨਕ ਯਤਨ ਆਰੰਭੇ ਗਏ। ਅੱਜ ਪੰਜਾਬੀ ਭਾਸ਼ਾ ਨੂੰ ਬੋਲਣ ਵਾਲੇ ਸਾਰੇ ਸੰਸਾਰ ਵਿਚ ਫੈਲੇ ਹੋਏ ਹਨ। ਇਸ ਲਈ ਅੱਜ ਪੰਜਾਬੀ ਦਾ ਬੋਲਬਾਲਾ ਸਾਰੇ ਸੰਸਾਰ ਵਿਚ ਹੈ।

ਪੰਜਾਬੀ ਭਾਸ਼ਾ ਦੀ ਪਿਛਲੇ ਇਕ ਹਜ਼ਾਰ ਸਾਲ ਦੀ ਵਿਕਾਸ ਯਾਤਰਾ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਸ ਦੀ ਪਾਚਣ ਸ਼ਕਤੀ ਬਹੁਤ ਤਕੜੀ ਹੈ। ਸਮੇਂ ਸਮੇਂ ਤੇ ਆਪਣੀ ਧਰਤ ਦੀਆਂ ਲੋੜਾਂ ਅਨੁਸਾਰ ਪੰਜਾਬੀ ਭਾਸ਼ਾ ਨੇ ਅਨੇਕਾਂ ਸ਼ਬਦ ਬਾਹਰੋਂ ਲਏ ਅਤੇ ਉਨ੍ਹਾਂ ਨੂੰ ਆਪਣੇ ਜੁੱਸੇ ਵਿਚ ਸਿਆਹੀ ਚੂਸ ਵਾਂਗ ਜਜ਼ਬ ਕਰ ਲਿਆ। ਉਹ ਸਾਰੇ ਤੁਰਕੀ, ਫ਼ਾਰਸੀ, ਅਰਬੀ, ਪੁਰਤਗੀ, ਫ਼ਰਾਂਸੀਸੀ ਅਤੇ ਅੰਗਰੇਜ਼ੀ ਸ਼ਬਦ ਜਿਹੜੇ ਅੱਜ ਇਸ ਦਾ ਸ਼ਿੰਗਾਰ ਹਨ, ਸਾਡੇ ਉਕਤ ਕਥਨ ਦੀ ਗਵਾਹੀ ਭਰਦੇ ਹਨ। ਅੱਜ ਕੌਣ ਕਹਿ ਸਕਦਾ ਹੈ ਕਿ ਇਹ ਵਿਦੇਸ਼ੀ ਸ਼ਬਦ ਹਨ। ਅੱਜ ਪੰਜਾਬੀ ਭਾਸ਼ਾ ਦੀ ਵਰਤੋਂ ਚੁੱਲੇ ਚੌਂਕੇ ਤੋਂ ਲੈ ਕੇ ਸੂਖ਼ਮ ਤੋਂ ਸੂਖ਼ਮ ਗਿਆਨ ਅਤੇ ਵਿਗਿਆਨ ਦੇ ਪ੍ਰਗਟਾਵੇ ਲਈ ਹੋ ਰਹੀ ਹੈ। ਇਸ ਤਰ੍ਹਾਂ ਅਸੀਂ ਅਨੁਭਵ ਕਰਦੇ ਹਾਂ ਕਿ ਪੰਜਾਬੀ ਭਾਸ਼ਾ ਨੇ ਪਿਛਲੇ ਇਕ ਮਿਲੇਨੀਅਮ ਵਿਚ ਵਿਕਾਸ ਦੀਆਂ ਅਨੇਕਾਂ ਮੰਜ਼ਲਾਂ ਮੁਕਾਈਆਂ ਹਨ। ਇਸ ਦਾ ਜਨਮ ਨਾਥਾਂ ਜੋਗੀਆਂ ਦੀਆਂ ਧੂਣੀਆਂ ਦੀ ਅੱਗ ਵਿਚੋਂ ਕੁਕਨਸ ਵਾਂਗ ਹੋਇਆ।ਸੂਫ਼ੀਆਂ ਸੰਤਾਂ ਅਤੇ ਫ਼ਕੀਰਾਂ ਦੇ ਹੱਥਾਂ ਵਿਚ ਇਹ ਖੇਡੀ| ਗੁਰੂ ਕਾਲ ਵਿਚ ਇਹ ਵੱਡੀ ਹੋਈ ਅਤੇ ਭਾਈ ਵੀਰ ਸਿੰਘ ਦੇ ਸਮੇਂ ਵਿਚ ਇਸ ਨੂੰ ਆਧੁਨਿਕਤਾ ਦਾ ਰੂਪ ਪ੍ਰਾਪਤ ਹੋਇਆ। ਅੱਜ ਇਕ ਨਵੇਂ ਮਿਨੀਅਮ ਦੀ ਦਹਿਲੀਜ਼ 'ਤੇ ਖੜੀ ਪੰਜਾਬੀ ਭਾਸ਼ਾ ਦਾ ਸੰਸਾਰ ਦੀਆਂ ਭਾਸ਼ਾਵਾਂ ਵਿਚ ਨਿਵੇਕਲਾ ਅਤੇ ਗੌਰਵਮਈ ਸਥਾਨ ਹੈ। (ਡਾ. ਬੂਟਾ ਸਿੰਘ ਬਰਾੜ)

ਵਾਕ ਕਿਸੇ ਸਮਾਜ ਦੀ ਭਾਸ਼ਾ ਦੀ ਵੱਡੀ ਤੋਂ ਵੱਡੀ ਇਕਾਈ ਮੰਨਿਆ ਜਾਂਦਾ ਹੈ। ਵਾਕ ਭਾਸ਼ਾਈ ਦ੍ਰਿਸ਼ਟੀ ਤੋਂ ਇਕ ਸੰਪੂਰਨ ਇਕਾਈ ਹੁੰਦੀ ਹੈ, ਜਿਸ ਵਿਚ ਵਿਆਕਰਨ ਦੀਆਂ ਲਗਭਗ ਸਾਰੀਆਂ ਹੀ ਵੰਨਗੀਆਂ ਦਾ ਅਧਿਐਨ ਕੀਤਾ ਜਾ ਸਕਦਾ ਹੈ। ਵਾਕ ਰਚਨਾ ਵਾਕ ਬਣਤਰ ਕਰਨ ਦੀਆਂ ਕਿਸਮਾਂ ਆਦਿ ਅਨੇਕਾਂ ਪੱਖਾਂ ਉੱਤੇ ਭਾਸ਼ਾ ਵਿਗਿਆਨੀ ਸਮੇਂ ਸਮੇਂ ਵਿਚਾਰ ਕਰਦੇ ਰਹੇ ਹਨ।

ਆਧੁਨਿਕ ਭਾਸ਼ਾ ਵਿਗਿਆਨੀ ਨੋਮ ਚੌਮਸਕੀ ਦੀ ਇਹ ਧਾਰਨਾ ਹੈ ਕਿ ਭਾਸ਼ਾ ਦੀ ਮੂਲ ਇਕਾਈ ਵਾਕ ਹੈ। ਪਰੰਪਰਾਗਤ ਦ੍ਰਿਸ਼ਟੀ ਤੋਂ ਇਹ ਗੱਲ ਕਹੀ ਜਾਂਦੀ ਸੀ ਕਿ ਭਾਸ਼ਾ ਦੀ ਮੂਲ ਇਕਾਈ ਸ਼ਬਦ ਹੈ, ਪਰ ਚੌਮਸਕੀ ਇਹ ਧਾਰਨਾ ਬਦਲ ਦਿੱਤੀ ਹੈ। ਡਾ. ਹਰਕੀਰਤ ਸਿੰਘ ਨੇ ਆਪਣੀ ਪੁਸਤਕ ਰੂਪਾਂਤਰੀ ਵਿਆਕਰਨ ਵਿਚ ਵਾਕ ਬਾਰੇ

ਮਹੱਤਵਪੂਰਨ ਜਾਣਕਾਰੀ ਦਾਨ ਕੀਤੀ ਹੈ। ਚੌਮਸਕੀ ਅਨੁਸਾਰ ਭਾਸ਼ਾ ਦੇ ਵਾਕਾਂ ਦੀਆਂ ਮੂਲ ਰੂਪ ਵਿਚ ਦੋ ਸ਼੍ਰੇਣੀਆਂ ਹਨ। 1. ਮੂਲ ਵਾਕ ਦੂਜਾ ਸਾਧਿਕ ਵਾਕ। ਮੂਲ ਵਾਕ ਸਰਲ ਤੇ ਸਿੱਧੇ ਰੂਪ ਵਾਲੇ ਹੁੰਦੇ ਹਨ। ਜਿਨ੍ਹਾਂ ਦੀ ਬਣਤਰ ਭਾਸ਼ਾ ਦੇ ਬੁਨਿਆਦੀ ਨਿਯਮਾਂ ਦੇ ਅਨੁਸਾਰ ਹੁੰਦੀ ਹੈ। ਬਾਕੀ ਸਾਰੇ ਵਾਕ ਇਨ੍ਹਾਂ ਮੂਲ ਵਾਕਾਂ ਵਿਚ ਕੋਈ ਰੂਪਾਂਤਰ ਕਰ ਕੇ ਬਣਾਏ ਜਾਂਦੇ ਹਨ। ਜਿਵੇਂ:

1. ਮੈਂ ਅਖਬਾਰ ਪੜਾਂਗਾ। 2. ਮੈਂ ਚਿੱਠੀ ਲਿਖਾਂਗਾ।(ਮੂਲ ਵਾਕ ਹਨ)

ਮੈਂ ਅਖਬਾਰ ਪੜ੍ਹ ਕੇ ਚਿੱਠੀ ਲਿਖਾਂਗਾ, ਇਹ ਸਾਧਿਤ ਵਾਕ ਹੈ। ਚੌਮਸਕੀ ਦਾ ਕਹਿਣਾ ਹੈ ਕਿ ਪਹਿਲਾ ਬੱਚਾ ਮੂਲ ਵਾਕ ਸਿਖਦਾ ਹੈ।ਫੇਰ ਉਹ ਰੂਪਾਂਤਰ ਕਰ ਕੇ ਨਵੇਂ ਵਾਕ ਬਣਾਉਂਦਾ ਹੈ। ਅਸਲ ਵਿਚ ਮੂਲ ਵਾਕ ਦੇ ਸਿੱਧਾਂਤ ਵਕਤਾ ਦੇ ਦਿਮਾਗ ਵਿਚ ਹੁੰਦੇ ਹਨ। ਜਿਸ ਦੇ ਸਹਾਰੇ ਉਹ ਨਵੇਂ ਵਾਕ ਬਣਾਉਂਦਾ ਹੈ। ਚੌਮਸਕੀ ਨੇ ਆਪਣੀ ਪਹਿਲੀ ਪੁਸਤਕ 'ਸਿੰਨਟੈਕਟਿਕ ਸਟੱਕਚਰਜ' ਵਿਚ ਮੂਲ ਵਾਕ ਵਿਚੋਂ ਵਾਕਾਂ ਦੀ ਇਕ ਵਿਸ਼ੇਸ਼ ਸ਼੍ਰੇਣੀ ਸਵੀਕਾਰ ਕੀਤੀ ਸੀ ਜਿਸ ਨੂੰ ਉਹ ਤੱਤ ਵਾਕ (Kernel Sentence) ਦਾ ਨਾਂ ਦਿੰਦਾ ਹੈ। ਤੱਤ ਵਾਕ ਅਜਿਹੇ ਮੂਲ ਵਾਕਾਂ ਨੂੰ ਮੰਨਿਆ ਗਿਆ ਹੈ, ਜੋ ਸਾਧਾਰਨ (simple) ਕਰਤਰੀ (active) ਤੇ ਹਾਂ ਮੁੱਖ ਹੋਣ ਜਿਨ੍ਹਾਂ ਵਿਚੋਂ ਇਕ ਉਪ ਵਾਕ ਹੋਵੇ, ਉਹ ਕਰਮਵਾਚ ਨਾ ਹੋਣ ਤੇ ਨਾ ਹੀ ਨਾਂਹ ਮੁੱਖ ਹੋਣ ਤੇ ਨਾ ਹੀ ਪ੍ਰਸ਼ਨਵਾਚੀ, ਬਾਕੀ ਦੇ ਵਾਰ ਇਨ੍ਹਾਂ ਵਿਚ ਰੂਪਾਂਤਰ ਕਰ ਕੇ ਬਣਾਏ ਜਾਂਦੇ ਹਨ। ਭਾਸ਼ਾ ਦੇ ਵਾਕਾਂ ਦੀਆਂ ਵੰਨਗੀਆਂ ਨੂੰ ਧਿਆਨ ਵਿਚ ਰੱਖੀਏ ਤਾਂ ਹਰ ਵਾਕ ਦੀਆਂ ਦੋ ਤਹਿਆਂ ਹੁੰਦੀਆਂ ਹਨ। ਉਤਲਾ ਤੇ ਹੇਠਲਾ ਢਾਂਚਾ ਚੌਮਸਕੀ ਅਨੁਸਾਰ ਕਿਸੇ ਵਾਕ ਦੇ ਅਰਥਾਂ ਵਿਚ ਭੁਲੇਖਾ ਉਸ ਸਮੇਂ ਪੈਦਾ ਹੁੰਦਾ ਹੈ। ਜਦੋਂ ਉਸ ਦੀ ਤਹਿ ਵਿਚੋਂ ਇਕ ਤੋਂ ਵਧੇਰ ਹੇਠਲ ਢਾਂਚੇ ਹੋਣ।

ਰੂਪਾਂਤਰੀ ਵਿਆਕਰਨ ਅਨੁਸਾਰ ਵਾਕ ਵਿਉਂਤ ਵਿਚ ਤਿੰਨ ਪ੍ਰਕਾਰ ਦੇ ਨਿਯਮ ਆਉਂਦੇ ਹਨ : (1) ਵਾਕਾਂਸ਼ ਉਸਾਰੀ ਨਿਯਮ (2) ਭਾਵਾਂਸ਼ ਉਸਾਰੀ ਨਿਯਮ (3) ਰੂਪਾਂਤਰੀ ਨਿਯਮ

1.1.8 ਅਭਿਆਸ ਲਈ ਪ੍ਰਸ਼ਨ

1. ਵਿਆਕਰਨਿਕ ਇਕਾਈਆਂ ਕੀ ਹਨ,ਇਸ ਦੇ ਸਿਧਾਂਤਕ ਪੱਖਾਂ ਉੱਪਰ ਚਾਨਣਾ ਪਾਉ?
2. ਪੰਜਾਬੀ ਵਾਕ ਬਣਤਰ ਦੀ ਪ੍ਰਕਿਰਤੀ ਤੇ ਪ੍ਰਕਾਰਜ ਕੀ ਹੈ?
3. ਸ਼ਬਦ ਰੂਪ ਅਤੇ ਕਾਰਜ ਦੇ ਆਧਾਰ ਉੱਤੇ ਸ਼੍ਰੇਣਿਕ ਵੰਡ ਬਾਰੇ ਚਰਚਾ ਕਰੋ?
4. ਸ਼ਬਦ ਰਚਨਾ ਦੀਆਂ ਵਿਧੀਆਂ ਨੂੰ ਦਰਸਾਉ?
5. ਸ਼ਬਦ ਰਚਨਾ ਦੀਆਂ ਵਿਧੀਆਂ ਦੇ ਪ੍ਰਕਾਰ ਕੀ ਹਨ ?
6. ਭਾਵੰਸ਼ ਸਥਾਪਨ ਦੇ ਆਧਾਰ-ਰੂਪ,ਸਹਿਰੂਪ ਅਤੇ ਭਾਵੰਸ਼ ਦਾ ਨਿਖੇੜਾ ਕਰੋ?
7. ਪੰਜਾਬੀ ਦੇ ਵਿਆਕਰਣਕ ਵਰਗ : ਵਚਨ,ਲਿੰਗ,ਕਾਲ,ਵਾਚ,ਪੁਰਖ ਬਾਰੇ ਚਰਚਾ ਕਰੋ?
8. ਕਾਰਕ ਅਤੇ ਆਸਪੈਕਟ ਦੀ ਸਥਾਪਨਾ ਦੇ ਆਧਾਰ ਕੀ ਹਨ ?

1.1.19 ਹੋਰ ਪੜ੍ਹਨ ਲਈ ਸਹਾਇਕ ਪੁਸਤਕਾਂ

ਹਰਕੀਰਤ ਸਿੰਘ	2000	ਭਾਸ਼ਾ ਅਤੇ ਭਾਸ਼ਾ ਵਿਗਿਆਨ	ਪੰਜਾਬੀ ਯੂਨੀਵਰਸਿਟੀ, ਪਟਿਆਲਾ
ਸੁਖਵਿੰਦਰ ਸਿੰਘ ਸੰਘਾ	1998	ਭਾਸ਼ਾ ਵਿਗਿਆਨ	ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਪ੍ਰੇਮ ਪ੍ਰਕਾਸ਼ ਸਿੰਘ	2014	ਸਿਧਾਤਕ ਭਾਸ਼ਾ ਵਿਗਿਆਨ	ਮਦਾਨ ਪ੍ਰਕਾਸ਼ਨ,ਪਟਿਆਲਾ
ਸਿੰਘ; ਜੀ. ਬੀ.	1950	ਗੁਰਮੁਖੀ ਲਿੱਪੀ ਦਾ ਜਨਮ ਅਤੇ ਵਿਕਾਸ	ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
ਸਿੰਘ; ਹ.	1966	ਪੰਜਾਬੀ ਬਾਰੇ	ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪੰਜਾਬੀ ਭਾਸ਼ਾ ਦਾ ਨਿਕਾਸ ਤੇ ਵਿਕਾਸ-ਜੁਗਤ ਤੇ ਵਰਤੋਂ ਦਾ ਵਿਕਾਸ

ਪਾਠ ਦੀ ਰੂਪ ਰੇਖਾ :

7.0 ਭੂਮਿਕਾ

7.1 ਪਾਠ ਦਾ ਉਦੇਸ਼

7.2 ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ

7.2.1 ਪੰਜਾਬੀ ਭਾਸ਼ਾ ਦਾ ਮੁੱਢਲਾ ਸਮਾਂ

7.2.2 ਭਾਰਤੀ ਆਰੀਆ ਭਾਸ਼ਾਵਾਂ ਦੇ ਵੱਖ-ਵੱਖ ਪੜਾਅ

7.2.3 ਇਸ ਆਧਾਰ ਤੇ ਪੁਰਾਤਨ ਭਾਰਤੀ ਬੋਲੀਆਂ ਦੀ ਵੰਡ ਕੁਝ ਵੱਖਰੇ ਢੰਗ ਨਾਲ ਕੀਤੀ ਜਾਂਦੀ ਹੈ

7.2.4 ਪੰਜਾਬੀ ਨਾਲ ਸ਼ੌਰਸ਼ੈਨੀ ਭਾਸ਼ਾ ਦੀ ਸਮਾਨਤਾਵਾਂ

7.2.5 ਪੰਜਾਬੀ ਦਾ ਪਿਸ਼ਾਚੀ ਨਾਲ ਸੰਬੰਧ

7.2.6 ਪੰਜਾਬੀ ਅਤੇ ਕੈਕੇਈ ਭਾਸ਼ਾ ਦਾ ਸੰਬੰਧ

7.2.7 ਸਾਰੰਸ਼

7.3 ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ

7.3.1 ਭੂਮਿਕਾ

7.3.2 ਭਾਸ਼ਾ ਅਤੇ ਲਿਪੀ ਦਾ ਸੰਬੰਧ

7.3.3 ਪੰਜਾਬੀ ਭਾਸ਼ਾ ਸੰਬੰਧੀ ਵੱਖ-ਵੱਖ ਪਰਿਭਾਸ਼ਾਵਾਂ

7.3.4 ਪੰਜਾਬੀ ਭਾਸ਼ਾ ਦੀਆਂ ਹੋਰ ਪ੍ਰਮੁੱਖ ਵਿਸ਼ੇਸ਼ਤਾਵਾਂ

7.3.5 ਸਾਰੰਸ਼

7.4 ਅਭਿਆਸ ਲਈ ਪ੍ਰਸ਼ਨ

7.5 ਸਹਾਇਕ ਪੁਸਤਕਾਂ ਅਤੇ ਹੋਰ ਪੜ੍ਹਨਯੋਗ ਸਮੱਗਰੀ

7.0 ਭੂਮਿਕਾ : ਪੰਜਾਬੀ ਭਾਸ਼ਾ ਦੇ ਜਨਮ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਭਾਸ਼ਾ ਬਾਰੇ ਗੱਲ ਕਰਨੀ ਜ਼ਰੂਰੀ ਹੈ। ਭਾਸ਼ਾ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਮਨੁੱਖ ਭਾਸ਼ਾ ਕਰਕੇ ਹੀ ਦੂਜੇ ਪ੍ਰਾਣੀਆਂ ਨਾਲੋਂ ਵੱਖਰਾ ਹੈ। ਭਾਸ਼ਾ ਰਾਹੀਂ ਮਨੁੱਖ ਆਪਣੇ ਭਾਵਾਂ ਦਾ ਇਜ਼ਹਾਰ ਦੂਜੇ ਮਨੁੱਖ ਤੱਕ ਕਰਦਾ ਹੈ। ਇਹ ਭਾਸ਼ਾਈ ਸੰਚਾਰ ਮਨੁੱਖ ਦੀ ਮਨੁੱਖ ਨਾਲ ਸਾਂਝ ਦਾ ਕਾਰਨ ਬਣਦਾ ਹੈ। ਮਨੁੱਖ ਦੇ ਵਿਕਾਸ ਦੌਰਾਨ ਭਾਸ਼ਾ ਨੇ ਵੀ ਵਿਕਾਸ ਕੀਤਾ ਹੈ। ਇਸ ਭਾਸ਼ਾਈ ਵਿਕਾਸ ਵਿਚ ਸੰਸਾਰ ਦੀਆਂ ਵੱਖ-ਵੱਖ ਭਾਸ਼ਾਵਾਂ ਦਾ ਜਨਮ ਹੁੰਦਾ ਹੈ। ਇਹਨਾਂ ਵੱਖ-ਵੱਖ ਭਾਸ਼ਾਵਾਂ ਦੇ ਜਨਮ ਤੋਂ ਬਾਅਦ ਦੂਜੀਆਂ ਭਾਸ਼ਾਵਾਂ ਨਾਲ ਕੁਝ ਗੁਣ ਸਾਂਝੇ ਵੀ ਮਿਲਦੇ ਹਨ। ਭਾਸ਼ਾਵਾਂ ਦੀਆਂ ਸਾਝਾਂ ਤੇ ਵੱਖਰਤਾਵਾਂ ਨੂੰ ਨਿਸ਼ਚਿਤ ਕਰਨ ਲਈ ਵਿਦਵਾਨਾਂ ਵੱਲੋਂ ਵੱਖ-ਵੱਖ ਮਾਡਲ ਬਣਾਏ ਗਏ ਹਨ। ਪੰਜਾਬੀ ਭਾਸ਼ਾ ਸੰਬੰਧੀ ਵੀ ਅਜਿਹੇ ਅਧਿਐਨ ਹੋਏ ਹਨ । ਅਜਿਹੇ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਭਾਸ਼ਾ ਵੱਖ-ਵੱਖ ਵਿਕਾਸ ਪੜ੍ਹਾਵਾਂ ਨੂੰ ਤਹਿ ਕਰਕੇ

ਮੌਜੂਦਾ ਰੂਪ ਤੱਕ ਪਹੁੰਚੀ ਹੈ। ਇਸ ਭਾਸ਼ਾ ਦਾ ਮਨੁੱਖੀ ਜੀਵਨ ਵਿਚ ਅਹਿਮ ਯੋਗਦਾਨ ਹੈ। ਇਹ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਕਿ ਭਾਸ਼ਾ ਨੇ ਮਨੁੱਖ ਨੂੰ ਉਤਮ ਤੇ ਵਿਸ਼ਾਲ ਬਣਾਇਆ ਹੈ। ਇਹਨਾਂ ਸਥਿਤੀਆਂ ਵਿੱਚ ਸੰਸਾਰ ਦੀਆਂ ਭਾਸ਼ਾਵਾਂ ਦੇ ਵਿਕਾਸ ਦੀ ਕਹਾਣੀ ਸ਼ੁਰੂ ਹੁੰਦੀ ਹੈ।

7.1 ਉਦੇਸ਼ : ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੇ ਜਨਮ ਅਤੇ ਵਿਕਾਸ ਬਾਰੇ ਮਿਆਰੀ ਜਾਣਕਾਰੀ ਦੇਣਾ ਹੈ। ਵਿਦਿਆਰਥੀਆਂ ਨੇ ਪੰਜਾਬੀ ਭਾਸ਼ਾ ਬਾਰੇ ਕੁਝ ਗੱਲਾਂ ਆਪਣੇ ਆਲੇ-ਦੁਆਲੇ ਤੋਂ ਸੁਣੀਆਂ ਹੋਣਗੀਆਂ ਪਰ ਉਹਨਾਂ ਕੋਲ ਇਸ ਜਾਣਕਾਰੀ ਦਾ ਸਪਸ਼ਟ ਉੱਤਰ ਨਹੀਂ ਹੋਵੇਗਾ। ਇਸ ਪਾਠ ਰਾਹੀਂ ਅਸੀਂ ਪੰਜਾਬੀ ਭਾਸ਼ਾ ਦੇ ਜਨਮ ਤੇ ਵਿਕਾਸ ਸੰਬੰਧੀ ਤਰਤੀਬ ਬੱਧ ਜਾਣਕਾਰੀ ਦਿੱਤੀ ਹੈ। ਇਸ ਪਾਠ ਵਿੱਚ ਵਿਦਿਆਰਥੀ ਪੰਜਾਬੀ ਭਾਸ਼ਾ ਦੇ ਜਨਮ ਸੰਬੰਧੀ ਜਾਣਕਾਰੀ ਲੈਂਦੇ ਹੋਏ ਇਹ ਵੀ ਮਹਿਸੂਸ ਕਰਨਗੇ ਕਿ ਇੱਕ ਭਾਸ਼ਾ ਦਾ ਕਿਹੜੇ-ਕਿਹੜੇ ਵਿਕਾਸ ਪੜਾਵਾਂ ਵਿਚੋਂ ਜਨਮ ਹੁੰਦਾ ਹੈ। ਵਿਦਿਆਰਥੀਆਂ ਦੀ ਸਹੂਲਤ ਲਈ ਪੰਜਾਬੀ ਭਾਸ਼ਾ ਦੇ ਜਨਮ ਸੰਬੰਧੀ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਅਤੇ ਪਰਿਭਾਸ਼ਾਵਾਂ ਅੰਕਿਤ ਕੀਤੇ ਗਏ ਹਨ। ਇਸ ਆਧਾਰ ਤੇ ਪੰਜਾਬੀ ਭਾਸ਼ਾ ਦੀ ਪ੍ਰਮਾਣਿਕਤਾ ਸੰਬੰਧੀ ਵੀ ਚਰਚਾ ਕੀਤੀ ਗਈ ਹੈ। ਇਸ ਪਾਠ ਵਿੱਚ ਪੰਜਾਬੀ ਭਾਸ਼ਾ ਦਾ ਦੂਜੀਆਂ ਭਾਸ਼ਾਵਾਂ ਨਾਲ ਕਿਸ ਤਰ੍ਹਾਂ ਦਾ ਸੰਬੰਧ ਰਿਹਾ ਹੈ, ਆਦਿ ਬਾਰੇ ਵਿਚਾਰਾਂ ਨੂੰ ਵੀ ਲਿਆ ਗਿਆ ਹੈ। ਇਸ ਪਾਠ ਦੀ ਜਾਣਕਾਰੀ ਤੋਂ ਅਸੀਂ ਉਮੀਦ ਕਰਦੇ ਹਾਂ ਕਿ ਵਿਦਿਆਰਥੀ ਪੰਜਾਬੀ ਭਾਸ਼ਾ ਸੰਬੰਧੀ ਆਪਣੀ ਸਮਝ ਨੂੰ ਹੋਰ ਬਿਹਤਰ ਬਣਾ ਸਕਣਗੇ। ਇਸ ਪਾਠ ਵਿੱਚ ਪੰਜਾਬੀ ਭਾਸ਼ਾ ਬਾਰੇ ਜਾਣਕਾਰੀ ਦਿੰਦੇ ਹੋਏ ਸੌਖੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਆਸ ਕਰਦੇ ਹਾਂ ਕਿ ਸਮੁੱਚੇ ਰੂਪ ਵਿੱਚ ਵਿਦਿਆਰਥੀਆਂ ਨੂੰ ਇਹ ਪਾਠ ਦੀ ਪੜ੍ਹਤ ਬਹੁਤ ਲਾਹੇਵੰਦੀ ਹੋਵੇਗੀ।

7.2 ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ

7.2.1 ਪੰਜਾਬੀ ਭਾਸ਼ਾ ਦਾ ਮੁੱਢਲਾ ਸਮਾਂ :

ਪੰਜਾਬੀ ਭਾਸ਼ਾ ਦੇ ਜਨਮ ਤੇ ਵਿਕਾਸ ਸੰਬੰਧੀ ਵੱਖ-ਵੱਖ ਪਹਿਲੂਆਂ ਤੋਂ ਚਰਚਾ ਕਰਦੇ ਹੋਏ ਕੁਝ ਮਹੱਤਵਪੂਰਨ ਨੁਕਤੇ ਸਾਹਮਣੇ ਆਉਂਦੇ ਹਨ। ਪੰਜਾਬੀ ਭਾਸ਼ਾ ਦੇ ਇਤਿਹਾਸਕ ਪਿਛੋਕੜ ਤੋਂ ਪਤਾ ਲੱਗਦਾ ਹੈ ਕਿ ਸਭ ਤੋਂ ਪਹਿਲਾਂ ਆਰੀਆ ਲੋਕ ਭਾਰਤ ਵਿੱਚ ਦਾਖਲ ਹੋਏ। ਆਰੀਆ ਲੋਕਾਂ ਦੇ ਭਾਰਤ ਆਉਣ ਦਾ ਸਮਾਂ 1500 B.C. ਪੂਰਬ ਮੰਨਿਆ ਜਾਂਦਾ ਹੈ। ਇਸ ਦਾਖਲੇ ਨਾਲ ਆਰੀਆ ਲੋਕਾਂ ਨੇ ਸਿੰਧ ਪੰਜਾਬ ਦੇ ਨੇਗ੍ਰੀਟੋ, ਆਸਟ੍ਰਿਕ, ਦਾਵ੍ਰਿੜ ਤੇ ਕਿਰਾਤ ਆਦੀ ਵਾਸੀ ਲੋਕਾਂ ਨੂੰ ਆਪਣੇ ਅਧੀਨ ਕਰਕੇ ਆਪਣਾ ਸਪਤ ਸਿੰਧੂ ਰਾਜ ਸਥਾਪਤ ਕੀਤਾ। ਵਿਦਵਾਨਾਂ ਦੇ ਮੱਤ ਅਨੁਸਾਰ ਆਰੀਆ ਲੋਕ ਭਾਸ਼ਾ ਪੱਖੋਂ ਕਾਫ਼ੀ ਅਮੀਰ ਸਨ, ਇਸ ਕਰਕੇ ਇਹਨਾਂ ਨੇ ਵੇਦਾਂ ਦੀ ਰਚਨਾ ਕੀਤੀ। ਨਤੀਜੇ ਵਜੋਂ ਆਰੀਆ ਲੋਕਾਂ ਦੀ ਭਾਸ਼ਾ ਨੂੰ ਵੈਦਿਕ ਭਾਸ਼ਾ ਕਿਹਾ ਜਾਣ ਲੱਗ ਪਿਆ। ਜਦੋਂ ਵੈਦਿਕ ਭਾਸ਼ਾ ਨਾਲ ਮੂਲ ਲੋਕਾਂ ਦਾ ਰਾਬਤਾ ਵਧਿਆ ਤਾਂ ਇਸ ਭਾਸ਼ਾ ਵਿੱਚ ਸਥਾਨਕ ਸ਼ਬਦਾਂ ਦੀ ਮਿਲਾਵਟ ਵੱਧ ਗਈ। ਵੈਦਿਕ ਭਾਸ਼ਾ ਵਿੱਚ ਇਸ ਸਥਾਨਕ ਸ਼ਬਦ ਵਾਧੇ ਨੂੰ ਰੋਕਣ ਲਈ ਵਿਆਕਰਣਕ ਨੇਮ ਬਣਾਏ ਗਏ। ਪਾਣਿਨੀ ਦਾ ਮਹਾਨ ਭਾਸ਼ਾ ਗ੍ਰੰਥ ਅਸਿਟਾਧਿਆਇ ਵੀ ਇਸ ਗੱਲ ਵੱਲ ਸੰਕੇਤ ਹੈ ਕਿ ਉਹਨਾਂ ਨੇ ਇਸ ਪੁਸਤਕ ਵਿੱਚ ਸਥਾਨਕ ਲੋਕ ਭਾਸ਼ਾ ਦੀ ਸ਼ਬਦਾਵਲੀ ਨੂੰ ਸ਼ਾਮਿਲ ਨਹੀਂ ਕੀਤਾ। ਅਜਿਹਾ ਇਸ ਕਰਕੇ ਕੀਤਾ ਗਿਆ ਕਿ ਭਾਸ਼ਾ ਦੀ ਸ਼ੁੱਧਤਾ ਕਾਇਮ ਰੱਖੀ ਜਾ ਸਕੇ। ਪਰ ਆਮ ਲੋਕਾਂ ਨੇ ਇਸ ਸੰਸਕ੍ਰਿਤ ਭਾਸ਼ਾ ਦੇ ਵਿਆਕਰਣ ਨੇਮਾਂ ਤੋਂ ਦੂਰੀ ਬਣਾਈ ਰੱਖੀ ਜਿਸ ਕਾਰਨ ਇਹ ਭਾਸ਼ਾ ਸਿਰਫ਼ ਵਿਦਵਾਨ ਲੋਕਾਂ ਤੱਕ ਸੀਮਤ ਹੋ ਗਈ। ਹੁਣ ਸੰਸਕ੍ਰਿਤ ਦੇ ਨਾਲ-ਨਾਲ ਆਮ ਲੋਕਾਂ ਦੀ ਬੋਲੀ ਵੀ

ਪ੍ਰਚੱਲਤ ਤੇ ਵਿਕਸਤ ਹੋਣ ਲੱਗੀ। ਇਸ ਪ੍ਰਚੱਲਤ ਬੋਲੀ ਨੂੰ ਪਾਲੀ ਪ੍ਰਾਕ੍ਰਿਤ ਦਾ ਨਾਂ ਦਿੱਤਾ ਗਿਆ। ਪਾਲੀ ਤੋਂ ਬਾਅਦ ਪੰਜ ਹੋਰ ਭਾਸ਼ਾਵਾਂ ਹੋਂਦ ਵਿੱਚ ਆਈਆਂ। ਇਹ ਪ੍ਰਾਕ੍ਰਿਤਾਂ ਵਿੱਚ ਪਿਸ਼ਾਚੀ ਪ੍ਰਾਕ੍ਰਿਤ, ਸ਼ੌਰਸੇਨੀ, ਮਹਾ ਰਾਸ਼ਟਰੀ ਪ੍ਰਾਕ੍ਰਿਤ, ਮਾਗਧੀ ਪ੍ਰਾਕ੍ਰਿਤ ਅਤੇ ਅਰਧ ਮਾਗਧੀ ਪ੍ਰਾਕ੍ਰਿਤ ਵਿਸ਼ੇਸ਼ ਭਾਸ਼ਾਵਾਂ ਹਨ। ਇਹ ਪ੍ਰਾਕ੍ਰਿਤ ਭਾਸ਼ਾਵਾਂ ਆਪਣੇ ਵੱਖ-ਵੱਖ ਪੜਾਵਾਂ ਉੱਤੇ ਪੂਰੀ ਚੜ੍ਹਤ ਵਿੱਚ ਰਹੀਆਂ। ਇਸ ਕਾਰਨ ਇਹਨਾਂ ਪ੍ਰਾਕ੍ਰਿਤ ਭਾਸ਼ਾਵਾਂ ਦੇ ਵਿਆਕਰਣ ਨੇਮ ਵੀ ਬਣਾਏ ਗਏ। ਫਲਸਰੂਪ ਇਹ ਸਾਰੀਆਂ ਭਾਸ਼ਾਵਾਂ ਸੰਸਕ੍ਰਿਤ ਭਾਸ਼ਾ ਵਾਂਗ ਸਿਰਫ਼ ਸਾਹਿਤਕ ਪੱਧਰ ਤੱਕ ਵਰਤੋਂ ਹੋਣ ਵਾਲੀਆਂ ਭਾਸ਼ਾਵਾਂ ਹੀ ਬਣਕੇ ਰਹਿ ਗਈਆਂ। ਭਾਸ਼ਾਵਾਂ ਦੇ ਇਸ ਵਿਕਾਸ ਕ੍ਰਮ ਵਿੱਚ ਅਪਭ੍ਰੰਸ਼ ਭਾਸ਼ਾਵਾਂ ਦਾ ਜਨਮ ਹੋਇਆ। ਪਿਸ਼ਾਚੀ ਅਪਭ੍ਰੰਸ਼, ਸ਼ੌਰਸੈਨੀ ਅਪਭ੍ਰੰਸ਼, ਭਾਸ਼ਾਵਾਂ ਲੰਮੇ ਸਮੇਂ ਤੱਕ ਪ੍ਰਸਿੱਧ ਰਹੀਆਂ। ਇਹਨਾਂ ਭਾਸ਼ਾਵਾਂ ਦੇ ਨਿਰੰਤਰ ਵਿਕਾਸ ਦੌਰਾਨ ਲੋਕਾਂ ਨੇ ਇਹਨਾਂ ਅਪਭ੍ਰੰਸ਼ਾਂ ਤੋਂ ਵੀ ਮੁਖ ਮੋੜ ਲਿਆ। ਵਿਦਵਾਨਾਂ ਦਾ ਮੰਨਣਾ ਹੈ ਕਿ 1000 ਈ. ਤੱਕ ਅਪਭ੍ਰੰਸ਼ ਭਾਸ਼ਾਵਾਂ ਨੇ ਵਿਕਾਸ ਕੀਤਾ ਤੇ ਬਾਅਦ ਵਿੱਚ ਸਹਿਜੇ ਸਹਿਜੇ ਇਹ ਆਪਣੀਆਂ ਵਿਆਕਰਣਕ ਬੰਦਿਸ਼ਾਂ ਵਿੱਚ ਸਿਮਟ ਗਈਆਂ।

ਆਰੀਆ ਲੋਕਾਂ ਦੀ ਇਹ ਜੱਦੋ-ਜਹਿਦ ਲਗਾਤਾਰ ਜਾਰੀ ਰਹੀ। ਪੰਜਾਬ ਜੋ ਪਹਿਲਾਂ ਸਪਤ ਸਿੰਧੂ ਦੇ ਨਾਂ ਨਾਲ ਮਸ਼ਹੂਰ ਸੀ ਹੁਣ ਇਥੇ ਰਹਿੰਦੇ ਲੋਕਾਂ ਨੂੰ ਪਿਸ਼ਾਚ(ਹਰਨਾਕਸ਼) ਕਿਹਾ ਜਾਣ ਲੱਗ ਪਿਆ। ਇਹਨਾਂ ਨੂੰ ਪਿਸ਼ਾਚ ਕਹਿਣ ਦਾ ਕਾਰਨ ਆਰੀਆ ਲੋਕਾਂ ਦੇ ਇੱਕ ਸਮੂਹ ਦਾ ਸੰਸਕ੍ਰਿਤ ਭਾਸ਼ਾ ਦੇ ਪ੍ਰਭਾਵ ਅਧੀਨ ਵਧੇਰੇ ਹੋਣਾ ਸੀ। ਇਹ ਸਮੂਹ ਪਿਸ਼ਾਚ ਲੋਕਾਂ ਦੀ ਬੋਲੀ ਨੂੰ ਨਫ਼ਰਤ ਵਜੋਂ ਪਿਸ਼ਾਚੀ ਆਖਣ ਲੱਗੇ। ਇਹ ਪਿਸ਼ਾਚੀ ਭਾਸ਼ਾ ਜਦੋਂ ਆਪਣਾ ਸਫ਼ਰ ਤੈਅ ਕਰਕੇ ਇਕ ਹਜ਼ਾਰ-ਸਦੀ ਤੱਕ ਅੱਪੜਦੀ ਹੈ ਤਾਂ ਇਹ ਪਿਸ਼ਾਚੀ ਅਪਭ੍ਰੰਸ਼ ਵਿਚੋਂ ਆਧੁਨਿਕ ਆਰੀਆ ਭਾਸ਼ਾਵਾਂ ਦਾ ਜਨਮ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਪੰਜਾਬੀ ਭਾਸ਼ਾ ਦਾ ਸੰਬੰਧ ਰਿਗਵੇਦ ਭਾਸ਼ਾ ਨਾਲ ਇਹਨਾਂ ਸੰਕੇਤਾਂ ਵਿਚੋਂ ਹੀ ਦੇਖਦੇ ਹਾਂ। ਸਪਤ ਸਿੰਧੂ ਖੇਤਰ ਦੀ ਇਹ ਬੋਲੀ ਹੀ ਭਾਰਤੀ ਆਰੀਆ ਭਾਸ਼ਾ ਦਾ ਮੁੱਢਲਾ ਬਿੰਦੂ ਕਹੀ ਜਾ ਸਕਦੀ ਹੈ।

ਭਾਸ਼ਾਵਾਂ ਦੇ ਵਿਕਾਸ ਪੱਧਰ ਉੱਤੇ ਮੱਧ ਦੇਸ਼ ਵਿੱਚ ਵਸਦੇ ਆਰੀਆ ਲੋਕਾਂ ਦੀ ਵਧੇਰੇ ਨੇੜਤਾ ਸੰਸਕ੍ਰਿਤ ਨਾਲ ਹੁੰਦੀ ਹੈ। ਇਸ ਸਮੇਂ ਇਹ ਖੇਤਰ ਸ਼ੌਰਸੈਨ ਨਾਮ ਨਾਲ ਪ੍ਰਸਿੱਧ ਹੁੰਦਾ ਹੈ। ਇਸ ਇਲਾਕੇ ਦੀ ਆਖਰੀ ਅਪਭ੍ਰੰਸ਼ ਨੂੰ ਸ਼ੌਰਸੈਨੀ ਕਿਹਾ ਗਿਆ। ਇਸ ਸ਼ੌਰਸੈਨੀ ਅਪਭ੍ਰੰਸ਼ ਵਿਚੋਂ ਖੜੀ ਬੋਲੀ ਉਪਜਦੀ ਹੈ ਜੋ ਅੱਜ-ਕੱਲ੍ਹ ਹਿੰਦੀ ਵਜੋਂ ਪ੍ਰਚੱਲਤ ਹੈ। ਇਸ ਸ਼ੌਰਸੈਨੀ ਵਿੱਚੋਂ ਗੁਜਰਾਤੀ, ਬੁੰਧੇਲੀ, ਕੁਨੇਜੀ, ਬ੍ਰਿਜੀ ਭਾਸ਼ਾਵਾਂ ਹੋਂਦ ਵਿੱਚ ਆਈਆਂ। ਉਪਨਗਰ ਅਪਭ੍ਰੰਸ਼ ਵਿਚੋਂ ਗੁਜਰਾਤੀ, ਬੁੰਧੇਲੀ, ਬ੍ਰਿਜੀ, ਰਾਜਸਥਾਨੀ ਆਦਿ ਭਾਸ਼ਾਵਾਂ ਪੈਦਾ ਹੋਈਆਂ, ਜੋ ਹਿੰਦੀ ਦੀਆਂ ਉਪਭਾਸ਼ਾਵਾਂ ਦਾ ਹੀ ਰੂਪ ਹਨ।

7.2.2 ਭਾਰਤੀ ਆਰੀਆ ਭਾਸ਼ਾਵਾਂ ਦੇ ਵੱਖ-ਵੱਖ ਪੜਾਅ :

ਭਾਰਤੀ ਆਰੀਆ ਭਾਸ਼ਾਵਾਂ ਦੀ ਅਜਿਹੀ ਵਿਚਾਰ ਚਰਚਾ ਸੰਬੰਧੀ ਵਿਦਵਾਨਾਂ ਦੇ ਵੱਖ-ਵੱਖ ਮੱਤ ਰਹੇ ਹਨ। ਇਹਨਾਂ ਮੱਤਾਂ ਦੇ ਆਧਾਰ ਤੇ ਜਾਰਜ ਗ੍ਰੀਅਰਸਨ ਤੇ ਸੁਨੀਤੀ ਚੈਟਰਜੀ ਨੇ ਤਿੰਨ ਵਿਕਾਸ ਪੱਧਰ ਨਿਸ਼ਚਿਤ ਕੀਤੇ ਹਨ :

ਪਹਿਲਾ ਦੌਰ : (1500 ਪੂ.ਈ. ਤੋਂ 600 ਪੂ. ਈ.) :ਪ੍ਰਾਚੀਨ ਭਾਰਤੀ ਆਰੀਆ ਭਾਸ਼ਾ (Old Indo-Aryan) ਇਸ ਦੌਰ ਵਿੱਚ ਵੈਦਿਕ ਭਾਸ਼ਾ ਅਤੇ ਕਲਾਸੀਕਲ ਸੰਸਕ੍ਰਿਤ ਪ੍ਰਤੀਨਿਧ ਭਾਸ਼ਾਵਾਂ ਹਨ।

ਦੂਜਾ ਦੌਰ : (600 ਪੂ. ਈ. ਤੋਂ 1000 ਪੂ. ਈ) :ਮੱਧ-ਕਾਲੀਨ ਭਾਰਤੀ ਆਰੀਆ ਭਾਸ਼ਾ (Middle Indo-

Aryan) ਦੂਜੇ ਦੌਰ ਦੀਆਂ ਪ੍ਰਤੀਨਿਧ ਆਰੀਆ ਭਾਸ਼ਾਵਾਂ ਪ੍ਰਾਕ੍ਰਿਤਾਂ ਸਨ। ਇਨ੍ਹਾਂ ਪ੍ਰਾਕ੍ਰਿਤਾਂ ਨੂੰ ਅੱਗੋਂ ਤਿੰਨ ਉਪ-ਅਵਸਥਾਵਾਂ ਵਿੱਚ ਵੰਡਿਆ ਜਾਂਦਾ ਹੈ। (1) ਪਾਲੀ ਪ੍ਰਾਕ੍ਰਿਤ, (2) ਸਾਹਿਤਕ ਪ੍ਰਾਕ੍ਰਿਤਾਂ ਅਤੇ (3) ਅਪਭ੍ਰੰਸ਼ ਭਾਸ਼ਾਵਾਂ

ਤੀਜਾ ਦੌਰ : ਆਧੁਨਿਕ ਭਾਰਤੀ ਆਰੀਆ ਭਾਸ਼ਾ (New Indo-Aryan), ਤੀਜੇ ਦੌਰ ਦੀਆਂ ਅਜੋਕੀਆਂ ਭਾਸ਼ਾਵਾਂ ਵਿੱਚ ਪੰਜਾਬੀ, ਹਿੰਦੀ, ਗੁਜਰਾਤੀ, ਰਾਜਸਥਾਨੀ, ਬੰਗਲਾ, ਉੜੀਆ, ਅਸਾਮੀ, ਮਰਾਠੀ, ਸਿੰਧੀ ਆਦਿ ਅਜੋਕੀਆਂ ਭਾਸ਼ਾਵਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ।

ਇਸ ਤੋਂ ਇਲਾਵਾ ਭਾਰਤੀ ਆਰੀਆ ਭਾਸ਼ਾ ਪਰਿਵਾਰ ਦੇ ਇਨ੍ਹਾਂ ਤਿੰਨ ਪੜਾਵਾਂ ਨੂੰ ਅਲੱਗ-ਅਲੱਗ ਰੇਖਾ-ਚਿੱਤਰਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਜਿਵੇ :

ਰੇਖਾ ਚਿੱਤਰ – 1

ਪ੍ਰਾਚੀਨ ਭਾਰਤੀ ਆਰੀਆ ਭਾਸ਼ਾ (Old Indo-Aryan)(1500 ਪੂ. ਈ. – 600 ਪੂ. ਈ.)

ਵੈਦਿਕ ਸੰਸਕ੍ਰਿਤ/ਵੈਦਿਕ ਭਾਸ਼ਾ/ ਕਲਾਸੀਕਲ ਸੰਸਕ੍ਰਿਤ/ਲੌਕਿਕ ਸੰਸਕ੍ਰਿਤ

ਰੇਖਾ ਚਿੱਤਰ – 2

ਮੱਧ-ਕਾਲੀਨ ਭਾਰਤੀ ਆਰੀਆ ਭਾਸ਼ਾ (Middle Indo-Aryan)
(600 BC–1000 BC)

ਪਾਲੀ ਪ੍ਰਾਕ੍ਰਿਤ/ਸਾਹਿਤਕ ਪ੍ਰਾਕ੍ਰਿਤਾਂ/ਅਪਭ੍ਰੰਸ਼ ਭਾਸ਼ਾਵਾਂ
ਅਸ਼ੋਕੀ ਪਾਲੀ
(600 ਪੂ.ਈ.–ਪਹਿਲੀ ਸਦੀ ਈ)
(ਪਹਿਲੀ ਸਦੀ ਈ.-600 AD)(600 ਈ. – 1000 ਈ.)

ਪ੍ਰਮੁੱਖ ਪ੍ਰਾਕ੍ਰਿਤ ਭਾਸ਼ਾਵਾਂ: ਸ਼ੌਰਸੈਨੀ, ਮਾਗਧੀ,ਅਰਧ-ਮਾਗਧੀ, ਮਹਾਰਾਸ਼ਟਰੀ, ਪੈਸ਼ਾਚੀ, (ਗੌਣ-ਪ੍ਰਾਕ੍ਰਿਤਾ): ਕੈਕੇਈ, ਮਦ, ਟੱਕ, ਲਾਟੀ, ਆਵੰਤੀ,ਖਸ਼ ਪ੍ਰਾਕ੍ਰਿਤ।

ਅਰਥਾਤ

ਮਹਾਂਰਾਸ਼ਟਰੀ ਅਪਭ੍ਰੰਸ਼, ਮਾਗਧੀ ਅਪਭ੍ਰੰਸ਼, ਅਰਧ-ਮਾਗਧੀ ਅਪਭ੍ਰੰਸ਼, ਸ਼ੌਰਸੈਨੀ ਅਪਭ੍ਰੰਸ਼, ਪੈਸ਼ਾਚੀ ਅਪਭ੍ਰੰਸ਼, ਲਾਟੀ, ਸੌਰਾਸ਼ਟਰੀ, ਆਭੀਰੀ, ਆਵੰਤੀ, ਨਾਗਰ, ਉਪਨਾਗਰ, ਵ੍ਰਾਚਡ, ਖਸ਼ (ਦਾਰਦਿਕ), ਕੈਕੇਈ, ਮਦ, ਟੱਕ, ਔਤਕਲ, ਗੌੜ, ਗੌਰਜਰ, ਮਰੂ ਅਪਭ੍ਰੰਸ਼

ਰੇਖਾ ਚਿੱਤਰ – 3

ਆਧੁਨਿਕ ਭਾਰਤੀ ਆਰੀਆ-ਭਾਸ਼ਾ (New Indo-Aryan)(1000 ਈ. – 2003ਈ.)

ਉੱਤਰ ਪੱਛਮੀ ਵਰਗ

ਉੱਤਰੀ ਵਰਗ (ਪਹਾੜੀ)

ਮੱਧ ਦੇਸ਼ੀ ਵਰਗ

ਪੂਰਬੀ ਵਰਗ

ਦੱਖਣੀ ਵਰਗ

ਪੱਛਮੀ ਵਰਗ

ਸਿੰਧੀ, ਲਹਿੰਦੀ-ਪੰਜਾਬੀ, ਪੂਰਬੀ-ਪੰਜਾਬੀ

ਪਹਾੜੀ ਬੋਲੀਆਂ: ਨੇਪਾਲੀ, ਗੜ੍ਹਵਾਲੀ, ਕੁਮਾਉਂਨੀ, ਚਮਿਆਲੀ, ਮੰਡੀਆਲੀ, ਕੁਲੂਈ,)

ਆਧੁਨਿਕ ਭਾਰਤੀ ਆਰੀਆ ਭਾਸ਼ਾ ਪਰਿਵਾਰਾਂ ਦੀ ਇਸ ਵਿਕਾਸ ਪ੍ਰਕਿਰਿਆ ਤੋਂ ਪੰਜਾਬੀ ਭਾਸ਼ਾ ਦੀ ਉਤਪਤੀ ਸੰਬੰਧੀ ਮਹੱਤਵਪੂਰਨ ਸਵਾਲ ਪੈਦਾ ਹੁੰਦੇ ਹਨ। ਪਹਿਲਾ ਸਵਾਲ ਇਹ ਹੈ ਕਿ ਪੰਜਾਬੀ ਆਰੀਆ ਭਾਸ਼ਾ ਪਰਿਵਾਰ ਵਿਚੋਂ ਕਿਸ ਤਰ੍ਹਾਂ ਹੋਂਦ ਵਿੱਚ ਆਈ ? ਦੂਜਾ ਸਵਾਲ ਕਿ ਆਰੀਆ ਭਾਸ਼ਾ ਦੇ ਮੂਲ ਨੂੰ ਪ੍ਰਾਕਿਰਤ ਜਾਂ ਅਪਭ੍ਰੰਸ਼ ਨਾਲ ਜੋੜ ਕੇ ਕਿਵੇਂ ਦੇਖਿਆ ਜਾਂਦਾ ਹੈ? ਇਤਿਹਾਸ ਦੇ ਸੰਦਰਭ ਵਿੱਚ ਪੰਜਾਬੀ ਨੂੰ ਪ੍ਰਾਕਿਰਤ ਜਾਂ ਅਪਭ੍ਰੰਸ਼ ਵਜੋਂ ਜੋੜਕੇ ਦੇਖਣ ਸੰਬੰਧੀ ਵੱਖ-ਵੱਖ ਮੱਤ ਬਣਦੇ ਹਨ। ਇਸ ਚਰਚਾ ਵਿੱਚ ਇੱਕ ਮੱਤ ਇਹ ਬਣਦਾ ਹੈ ਕਿ ਆਧੁਨਿਕ ਭਾਸ਼ਾਵਾਂ ਅਪਭ੍ਰੰਸ਼ ਵਿੱਚੋਂ ਉਪਜੀਆਂ ਹਨ ਤੇ ਅਪਭ੍ਰੰਸ਼ ਅੱਗੋਂ ਪਾਲੀ ਆਦਿ ਪ੍ਰਾਕ੍ਰਿਤਾਂ ਦਾ ਰੂਪ ਹਨ। ਸੋ ਸਿੱਟੇ ਵਜੋਂ ਇਹਨਾਂ ਸਾਰੀਆਂ ਭਾਸ਼ਾਵਾਂ ਦਾ ਮੂਲ ਉਹ ਭਾਸ਼ਾ ਰਹੀ ਹੋਵੇਗੀ ਜਿਸ ਭਾਸ਼ਾ ਵਿੱਚ ਵੇਦਾਂ ਦੀ ਰਚਨਾ ਹੋਈ ਹੈ।

ਇਸ ਕਰਕੇ ਪੰਜਾਬੀ ਭਾਸ਼ਾ ਦੇ ਆਦਿ ਦਾ ਸੰਬੰਧ ਵੈਦਿਕ ਭਾਸ਼ਾ ਨਾਲ ਜੁੜਦਾ ਹੈ। ਇਸ ਪ੍ਰਸੰਗ ਵਿੱਚ ਇਹ ਮੱਤ ਸਥਾਪਤ ਹੁੰਦਾ ਹੈ ਕਿ ਆਰੀਆ 1500 BC ਵਿੱਚ ਭਾਰਤ ਆਏ। ਉਨ੍ਹਾਂ ਦੀ ਪਹਿਲੀ ਬੋਲੀ ਜੋ ਵੈਦਿਕ ਭਾਸ਼ਾ ਵਜੋਂ ਵਿਕਸਤ ਹੋਈ। ਹਾਲਾਂਕਿ ਭਾਸ਼ਾ ਦੇ ਇਸ ਪੱਖ ਸੰਬੰਧੀ ਬਹੁਤ ਰਹੱਸ ਹਨ ਪਰ ਅਸੀਂ ਮੰਨਦੇ ਹਾਂ ਕਿ ਆਰੀਆ ਦੇ ਆਉਣ ਤੇ ਉਹਨਾਂ ਦੀ ਇਹ ਪਹਿਲੀ ਬੋਲੀ ਸੀ। ਪਰ ਵੈਦਿਕ ਭਾਸ਼ਾ ਦਾ ਵੀ ਕੋਈ ਰੂਪ ਨਹੀਂ ਸੀ, ਇਸ ਵਿੱਚ ਕਾਫ਼ੀ ਵੱਖਰਤਾਵਾਂ ਸਨ। ਇਸ ਸੰਬੰਧੀ ਦੋ ਨੁਕਤੇ ਉਘੜਵੇਂ ਰੂਪ ਵਿੱਚ ਦੇਖਦੇ ਹਾਂ :

ਪਹਿਲਾਂ ਨੁਕਤਾ ਵੈਦਿਕ ਸਭ ਤੋਂ ਪੁਰਾਣੀ ਬੋਲੀ ਹੈ ਅਤੇ ਇਸ ਤੋਂ ਬਾਕੀ ਪ੍ਰਾਕ੍ਰਿਤਾਂ ਹੋਂਦ ਵਿੱਚ ਆਈਆਂ ਹਨ। ਇਸ ਮੱਤ ਸੰਬੰਧੀ ਭਾਸ਼ਾ ਵਿਗਿਆਨੀ ਹਰਦੇਵ ਬਾਹਰੀ, ਉਦੈ ਨਰਾਇਣ ਤਿਵਾੜੀ ਆਦਿ ਨੇ ਹਾਮੀ ਭਰੀ ਹੈ।

ਦੂਜਾ ਨੁਕਤਾ ਹੈ ਕਿ ਵੈਦਿਕ ਭਾਸ਼ਾ ਪ੍ਰਾਕ੍ਰਿਤਾਂ ਤੋਂ ਬਾਅਦ ਹੋਂਦ ਵਿੱਚ ਆਈ – ਇਸ ਮੱਤ ਦੇ ਸਮਰਥਕ ਡਾ. ਰਾਮ ਵਿਲਾਸ ਸ਼ਰਮਾ ਹਨ। ਉਹਨਾਂ ਅਨੁਸਾਰ ਵੈਦਿਕ ਭਾਸ਼ਾ ਇੱਕ ਮਿਆਰੀ ਭਾਸ਼ਾ ਦੇ ਰੂਪ ਵਿੱਚ ਸੀ ਜੋ ਕਿਸੇ ਮੁੱਖ ਪ੍ਰਾਕ੍ਰਿਤ ਉਪਰ ਆਧਾਰਿਤ ਸੀ। ਇੰਜ ਪ੍ਰਾਕ੍ਰਿਤਾਂ ਤੋਂ ਵੈਦਿਕ ਬੋਲੀ ਵਿਕਸਤ ਹੋਈ। ਤੇ ਵੈਦਿਕ ਤੋਂ ਕਲਾਸੀਕਲ ਸੰਸਕ੍ਰਿਤ ਸੁਧਰੇ ਰੂਪ ਵਿੱਚ ਉਪਜੀ। ਇਹਨਾਂ ਪ੍ਰਾਕ੍ਰਿਤਾਂ ਤੋਂ ਹੀ ਅਪਭ੍ਰੰਸ਼ਾਂ ਅਤੇ ਆਧੁਨਿਕ ਬੋਲੀਆਂ ਦਾ ਉਦੈ ਹੋਇਆ।

ਇਥੇ ਇਹ ਗੱਲ ਵਧੇਰੇ ਪ੍ਰਮਾਣਿਕ ਲੱਗਦੀ ਹੈ ਕਿ ਵੇਦਾਂ ਦੀ ਬੋਲੀ ਵਿੱਚ ਵੀ ਰੂਪਾਂਤਰ ਪ੍ਰਾਪਤ ਹੁੰਦੇ ਹਨ। ਪੁਰਾਣੀ ਵੈਦਿਕ ਬੋਲੀ ਵਿੱਚ ਟ ਵਰਗ ਧੁਨੀਆਂ ਦੀ ਹੋਂਦ ਸਿੱਧ ਕਰਦੀ ਹੈ ਕਿ ਇਥੋਂ ਦੀਆਂ ਸਥਾਨਕ ਭਾਸ਼ਾਵਾਂ ਨਾਲ ਵੈਦਿਕ ਭਾਸ਼ਾ ਦੇ ਨਿਰਮਾਣ ਸਮੇਂ ਹੋਏ ਅਦਾਨ ਪ੍ਰਦਾਨ ਕਰਕੇ ਹੀ ਇਹ ਹੋਇਆ।

7.2.3 ਇਸ ਆਧਾਰ ਤੇ ਪੁਰਾਤਨ ਭਾਰਤੀ ਬੋਲੀਆਂ ਦੀ ਵੰਡ ਕੁਝ ਵੱਖਰੇ ਢੰਗ ਨਾਲ ਕੀਤੀ ਜਾਂਦੀ ਹੈ:

1. ਵੈਦਿਕ ਅਤੇ ਪ੍ਰਾਚੀਨ ਆਰੀਆ ਭਾਸ਼ਾ ਕਾਲ, ਆਰੰਭ ਤੋਂ 500 ਈ. ਪੂਰਬ।

2. ਮੱਧਕਾਲੀਨ ਆਰੀਆ ਭਾਸ਼ਾਵਾਂ ਦਾ ਕਾਲ, ਜਿਸ ਵਿੱਚ ਪਾਲੀ, ਮੱਧਕਾਲੀ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਆਉਂਦੀਆਂ ਹਨ। 500 ਈ. ਪੂਰਬ ਤੋਂ 1000 ਈ. ਪੂਰਬ।

3. ਆਧੁਨਿਕ ਆਰੀਆ ਭਾਸ਼ਾਵਾਂ ਦਾ ਕਾਲ, ਅੱਠਵੀਂ, ਨੌਵੀਂ ਸਦੀ ਅਤੇ ਮੋਟੇ ਤੌਰ 'ਤੇ 1000 ਈ. ਤੋਂ ਬਾਅਦ।

ਉਪਰੋਕਤ ਵਿਸ਼ਲੇਸ਼ਣ ਤੋਂ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਪੰਜਾਬੀ ਕਿਸ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਤੋਂ ਨਿਕਲੀ ਹੈ। ਇਸ ਸੰਬੰਧ ਵਿੱਚ ਸਭ ਤੋਂ ਪਹਿਲਾਂ ਵਿਦਵਾਨਾਂ ਦੇ ਵਿਚਾਰ ਲੈਂਦੇ ਹਾਂ :

•ਪੀ. ਡੀ. ਗੁਣੇ ਅਨੁਸਾਰ ਪੰਜਾਬੀ ਅਤੇ ਪੱਛਮੀ ਹਿੰਦੀ ਸ਼ੌਰਸੈਨੀ ਅਪਭ੍ਰੰਸ਼ ਤੋਂ ਹੀ ਵਿਕਸਿਤ ਹੋਈਆਂ ਮੰਨੀਆਂ ਜਾਂਦੀਆਂ ਹਨ। ਲਹਿੰਦੀ ਅਤੇ ਕਸ਼ਮੀਰੀ ਸ਼ਾਇਦ ਪਿਸ਼ਾਚ ਅਪਭ੍ਰੰਸ਼ ਵਿੱਚੋਂ ਵਿਕਸਤ ਹੋਈਆਂ ਹਨ।

•ਪ੍ਰੋ. ਦੁਨੀ ਚੰਦਰ ਨੇ ਪੱਛਮੀ ਹਿੰਦੀ ਦਾ ਸੰਬੰਧ ਸ਼ੌਰਸੈਨੀ ਨਾਲ ਜੋੜਿਆ ਹੈ।

•ਗ੍ਰੀਅਰਸਨ ਅਨੁਸਾਰ ਇਸ ਪ੍ਰਾਂਤ ਵਿੱਚ ਪਹਿਲਾਂ ਪਿਸ਼ਾਚੀ ਹੀ ਬੋਲੀ ਜਾਂਦੀ ਹੈ। ਸਹਿਜੇ-ਸਹਿਜੇ ਸ਼ੌਰਸੈਨੀ ਦੇ ਰਿਵਾਜ ਨੇ ਵੀ ਪੰਜਾਬ ਵਿੱਚ ਜ਼ੋਰ ਫੜਿਆ, ਪਰ ਪੰਜਾਬੀ ਦੀ ਨੀਂਹ ਪਿਸ਼ਾਚੀ ਹੈ।

•ਪ੍ਰੋ. ਨਰਿੰਦਰ ਵਰਮਾ ਅਨੁਸਾਰ ਲਹਿੰਦੀ ਲਈ ਕੈਕੇਈ, ਅਪਭ੍ਰੰਸ਼ਾਂ ਦੀ ਕਲਪਨਾ ਕੀਤੀ ਜਾ ਸਕਦੀ ਹੈ। ਪੰਜਾਬੀ ਦਾ ਸੰਬੰਧ ਕੈਕੇਈ ਨਾਲ ਹੋਣਾ ਚਾਹੀਦਾ ਹੈ ਪ੍ਰੰਤੂ ਬਾਅਦ ਵਿੱਚ ਇਸ ਉੱਤੇ ਸ਼ੌਰਸੈਨੀ ਦਾ ਪ੍ਰਭਾਵ ਪਿਆ ਹੈ।

•ਡਾ. ਮੋਹਨ ਸਿੰਘ ਦੀਵਾਨਾ ਦਾ ਮੱਤ ਕਾਫ਼ੀ ਮਹੱਤਵਪੂਰਨ ਹੈ। ਉਨ੍ਹਾਂ ਅਨੁਸਾਰ ਉਜੈਨ ਤੋਂ ਲੈ ਕੇ ਪਿਸ਼ੌਰ ਤੱਕ ਅਤੇ ਸਿੰਧ ਤੋਂ ਲੈ ਕੇ ਕਨੌਜ ਤੱਕ ਮਹਾ ਰਾਸ਼ਟਰੀ ਪ੍ਰਾਕ੍ਰਿਤਾਂ ਇਸ ਵਿੱਚ ਦੇਸ਼ ਭਾਖਾ, ਮਰਾਠੀ, ਗੁਜਰਾਤੀ, ਰਾਜਸਥਾਨੀ, ਸਿੰਧੀ, ਪੰਜਾਬੀ ਆਦਿ ਨਿਕਲੀਆਂ ਸਨ। ਪੰਜਾਬੀ ਦਾ ਨਾਂ ਉਦੋਂ (8ਵੀਂ ਸਦੀ ਵਿੱਚ) ਪਿਸ਼ਾਚੀ, ਅਵਹੱਟ, ਭੂਤ ਭਾਖਾ ਸੀ। ਪਿਸ਼ਾਚ ਭਾਸ਼ਾ, ਭੂਤ ਭਾਖਾ, ਅਵਹੱਟ, ਜਟਕੀ ਇਹ ਪੁਰਾਣੀ ਪੰਜਾਬੀ ਦੇ ਨਾਂ ਸਨ। ਇਸ ਆਧਾਰ ਤੇ ਹੇਠ ਲਿਖੇ ਵਿਚਾਰ ਪ੍ਰਮੁੱਖਤਾ ਦਰਸਾਉਂਦੇ ਹਨ:

ਪਹਿਲਾ ਪੱਖ : ਪੰਜਾਬੀ ਦਾ ਮੂਲ ਸ਼ੌਰਸੈਨੀ ਅਪਭ੍ਰੰਸ਼ ਹੈ।

ਦੂਜਾ ਪੱਖ :ਪੰਜਾਬੀ ਦਾ ਸੰਬੰਧ ਸ਼ੌਰਸੈਨੀ ਕੈਕੇਈ ਦੋਹਾਂ ਅਪਭ੍ਰੰਸ਼ਾਂ ਨਾਲ ਹੈ, ਪੱਛਮੀ ਪੰਜਾਬ ਦਾ ਸੰਬੰਧ ਕੈਕੇਈ ਨਾਲ ਤੇ ਪੂਰਬੀ ਦਾ ਸ਼ੌਰਸੈਨੀ ਨਾਲ ਜੋੜਿਆ ਜਾਂਦਾ ਹੈ।

ਤੀਜਾ ਪੱਖ : ਸਮੁੱਚੇ ਪੰਜਾਬ ਦੀ ਭਾਸ਼ਾ ਦਾ ਆਧਾਰ ਕੈਕੇਈ ਅਪਭ੍ਰੰਸ਼ ਹੈ।

ਸਾਨੂੰ ਤੀਸਰਾ ਪੱਖ ਵਧੇਰੇ ਸਹੀ ਪ੍ਰਤੀਤ ਹੁੰਦਾ ਹੈ। ਪੰਜਾਬ ਦੇ ਪੂਰਬ ਵਿੱਚ ਸ਼ੌਰਸੈਨੀ ਦਾ ਇਲਾਕਾ ਪੈਂਦਾ ਹੈ। ਉੱਤਰ ਪੱਛਮੀ ਖੇਤਰ ਵਿੱਚ ਸਿੰਧੀ ਅਤੇ ਪਹਾੜੀ ਭਾਸ਼ਾਵਾਂ ਦਾ ਆਧਾਰ ਪਿਸ਼ਾਚੀ ਹੈ। ਦੋਹਾਂ ਦੇ ਵਿਚਕਾਰਲੇ ਇਲਾਕਾ ਜੋ ਪੰਜਾਬੀ ਬੋਲੀ ਦਾ ਖੇਤਰ ਹੈ, ਦੇ ਪ੍ਰਸੰਗ ਵਿੱਚ ਕੈਕੇਈ ਅਪਭ੍ਰੰਸ਼ ਦੀ ਕਲਪਨਾ ਨਿਆਂ ਸੰਗਤ ਹੈ। ਇਹ ਕੇਵਲ ਕਲਪਨਾ ਹੀ ਨਹੀਂ ਸਗੋਂ ਇਸਦੇ ਹਵਾਲੇ ਪੁਰਾਣੇ ਵਿਆਕਰਣ ਗ੍ਰੰਥਾਂ ਵਿੱਚ ਅਤੇ ਮਿਥਿਹਾਸਕ ਕਥਾਵਾਂ ਉੱਪਰ ਆਧਾਰਿਤ ਮਹਾਂ-ਕਾਵਿ ਆਦਿ ਵਿੱਚ ਮਿਲਦੇ ਹਨ। ਨਾ ਤਾਂ ਮਿਥਿਹਾਸ ਰੂਪ ਵਿੱਚ ਸ਼ੌਰਸੈਨੀ ਨੂੰ ਪੰਜਾਬੀ ਮੂਲ ਕਿਹਾ ਜਾਂਦਾ ਹੈ ਅਤੇ ਨਾ ਹੀ ਪਿਸ਼ਾਚੀ ਨੂੰ। ਹਾਂ ਇਨ੍ਹਾਂ ਦੋਹਾਂ ਦਾ ਪੰਜਾਬੀ ਉੱਤੇ ਪ੍ਰਭਾਵ ਜ਼ਰੂਰ ਪਿਆ ਹੈ।

ਇਸ ਨਜ਼ਰੀਏ ਤੋਂ ਪੰਜਾਬੀ ਭਾਸ਼ਾ ਨਾਲ ਸ਼ੌਰਸੈਨੀ ਦੀ ਸਾਂਝ ਕਾਫ਼ੀ ਹੱਦ ਤੱਕ ਮੰਨੀ ਜਾ ਸਕਦੀ ਹੈ ਪਰ ਪੂਰਨ ਰੂਪ

ਵਿੱਚ ਨਹੀਂ। ਇਹਨਾਂ ਵਿਚਾਰਾਂ ਦੇ ਅੰਤਰਗਤ ਅਸੀਂ ਪੰਜਾਬੀ ਭਾਸ਼ਾ ਦੇ ਵੱਖ-ਵੱਖ ਭਾਸ਼ਾਵਾਂ ਨਾਲ ਇਸ ਪ੍ਰਕਾਰ ਦੇ ਸੰਬੰਧ ਸਥਾਪਤ ਹੁੰਦੇ ਦੇਖਦੇ ਹਾਂ।

7.2.4 ਪੰਜਾਬੀ ਨਾਲ ਸ਼ੌਰਸੈਨੀ ਭਾਸ਼ਾ ਦੀਆਂ ਸਮਾਨਤਾਵਾਂ :

ਪੰਜਾਬੀ ਨਾਲ ਸ਼ੌਰਸੈਨੀ ਭਾਸ਼ਾ ਦੀਆਂ ਸਮਾਨਤਾਵਾਂ ਨੂੰ ਦ੍ਰਿਸ਼ਟੀਗੋਚਰ ਕਰਦੇ ਹੋਏ ਕੁਝ ਪੱਖ ਧਿਆਨ ਦੀ ਮੰਗ ਕਰਦੇ ਹਨ। ਜਿਵੇਂ ਸ਼ੌਰਸੈਨੀ ਵਿੱਚ ਪੁਰਾਣੀ ਆਰੀਆ ਭਾਸ਼ਾ ਦੇ ਕ ਚ ਟ ਤ ਪ ਦੀ ਥਾਂ ਸੰਬੰਧਤ ਵਰਗ ਦੀ ਕ੍ਰਮਵਾਰ ਤੀਸਰੀ ਧੁਨੀ ਆਉਂਦੀ ਹੈ:

ਸ਼ੌਰਸੈਨੀ	ਪੰਜਾਬੀ
ਸੂਰਯ	ਸੂਰਜ
ਸੰਯਮ	ਸੰਜਮ
ਯੁੱਗ	ਜੁਗ

ਇਸ ਤੋਂ ਬਿਨਾਂ ਸ਼ੌਰਸੈਨੀ ਵਿੱਚ ਤਿੰਨ ਸੱਸਿਆਂ (स, श, ष) ਦਾ ਪੰਜਾਬੀ ਵਿੱਚ ਇੱਕ /ਸ/ ਹੈ।

ਸ਼ੌਰਸੈਨੀ ਦੇ ਕਿਰਿਆ ਰੂਪ ਪੰਜਾਬੀ ਨਾਲ ਕਾਫ਼ੀ ਮਿਲਦੇ ਹਨ

ਸ਼ੌਰਸੈਨੀ	ਪੰਜਾਬੀ
ਕਥੇਦਿ	ਕਹਿੰਦਾ
ਪੁਛੇਦਿ	ਪੁਛਦਾ
ਦੀਸਦਿ	ਦਿਸਦਾ

ਸ਼ੌਰਸੈਨੀ ਅਤੇ ਪੰਜਾਬੀ ਵਿਚਲੀਆਂ ਇਹਨਾਂ ਵੱਖਰਤਾਵਾਂ ਦੇ ਸਪਸ਼ਟ ਭੇਦਾਂ ਤੋਂ ਇਲਾਵਾ ਇਹਨਾਂ ਭਾਸ਼ਾਵਾਂ ਦੇ ਸੰਸਕ੍ਰਿਤ ਨਾਲ ਵਖਰੇਵੇਂ ਵੀ ਦੇਖੇ ਜਾ ਸਕਦੇ ਹਨ :

ਸ਼ੋਰਸੈਨੀ	ਸੰਸਕ੍ਰਿਤ	ਪੰਜਾਬੀ
ਦੇਦਿ	ਦੇਤ	ਦਿੱਤਾ
ਪੀਵਦਿ	ਪੀਤ	ਪੀਤਾ

ਇਥੇ ਇਹ ਪੱਖ ਵੀ ਵਿਚਾਰਨਯੋਗ ਹੈ ਕਿ ਜੋ ਸਭ ਪ੍ਰਕਾਰ ਦੇ ਨਿਯਮ ਸ਼ੌਰਸੈਨੀ ਵਿੱਚ ਹਨ ਉਹ ਪੰਜਾਬੀ ਵਿੱਚ ਨਹੀਂ ਆਏ। ਇਹਨਾਂ ਦੋਨੋਂ ਭਾਸ਼ਾਵਾਂ ਵਿੱਚ ਹੋਰ ਵੀ ਭਿੰਨਤਾਵਾਂ ਦੇ ਪ੍ਰਮਾਣ ਮਿਲਦੇ ਹਨ। ਸ਼ੌਰਸੈਨੀ ਭਾਸ਼ਾ ਦੀ ਇੱਕ ਵਿਸ਼ੇਸ਼ਤਾ ਪੂਰਬੀ ਪੰਜਾਬੀ ਦੀਆਂ ਭਾਸ਼ਾਵਾਂ ਵਿੱਚ ਹੈ। ਜਿਵੇਂ 'ਵ' ਤੋਂ 'ਬ' – ਵੀਰ-ਬੀਰ, ਵੇਦ-ਬੇਦ ਆਦਿ ਸ਼ਬਦਾਂ ਤੋਂ ਪਤਾ ਲੱਗਦਾ ਹੈ ਕਿ ਸ਼ੌਰਸੈਨੀ ਦਾ ਪੰਜਾਬੀ ਉੱਤੇ ਕਾਫ਼ੀ ਪ੍ਰਤੱਖ ਅਸਰ ਹੈ।

7.2.5 ਪੰਜਾਬੀ ਦਾ ਪਿਸ਼ਾਚੀ ਨਾਲ ਸੰਬੰਧ:

ਪੰਜਾਬੀ ਦਾ ਬਹੁਤਾ ਸੰਬੰਧ ਕਸ਼ਮੀਰੀ ਅਤੇ ਬਰੂਹੀ ਭਾਸ਼ਾ ਨਾਲ ਜੁੜਿਆ ਮੰਨਿਆ ਜਾਂਦਾ ਹੈ। ਇਹ ਪੰਜਾਬ ਦੇ ਉੱਤਰ-ਪੱਛਮੀ ਖੇਤਰ ਦੀਆਂ ਭਾਸ਼ਾਵਾਂ ਹਨ। ਇਹਨਾਂ ਦਾ ਪੱਛਮੀ ਪੰਜਾਬੀ ਜਾਂ ਲਹਿੰਦੀ ਉੱਪਰ ਪ੍ਰਭਾਵ ਪਿਆ ਹੈ। ਪਰ ਪਿਸ਼ਾਚੀ ਇਸਦਾ ਪੂਰਨ ਆਧਾਰ ਮੰਨੀ ਜਾ ਸਕਦੀ ਹੈ।

ਪਿਸ਼ਾਚੀ ਵਿੱਚ ਧੁਨੀ ਪਰਿਵਰਤਨ ਪੰਜਾਬੀ ਨਾਲੋਂ ਬਿਲਕੁਲ ਵੱਖਰੇ ਰੂਪ ਵਿੱਚ ਹੈ। ਜਿਵੇਂ ਪੰਜਾਬੀ ਵਿਚਲੇ ਤੀਜੇ

ਵਰਗ ਗ ਜ ਡ ਦ ਬ ਦੀ ਥਾਂ ਪਿਸ਼ਾਚੀ ਵਿੱਚ ਪਹਿਲੇ ਵਰਗ – ਕ ਚ ਟ ਤ ਪ ਵਿੱਚ ਤਬਦੀਲ ਹੁੰਦਾ ਹੈ:

ਪੰਜਾਬੀ	ਪਿਸ਼ਾਚੀ
ਦਮੋਦਰ	ਤਮੋਦਰ
ਨਗਰ	ਨਕਰ
ਬਾਲਕ	ਪਾਲਕ

ਇਸ ਭਾਸ਼ਾ ਵਿੱਚ ਮੂਰਧਨੀ ਵਰਗ ਵੀ ਘੱਟ ਹਨ – ਟ ਠ ਡ ਢ ਣ, ਪਿਸ਼ਾਚੀ ਦੀ ਇਹ ਰੂੜੀ ਈਰਾਨੀ ਬੋਲੀਆਂ ਵਾਲੀ ਹੈ, ਜਿੱਥੇ /ਟ/ ਦੀ ਥਾਂ /ਤ/ ਜਾਂਦਾ ਹੈ। ਪੈਸ਼ਾਚੀ ਵਿੱਚ /ਟ/ ਦੀ ਥਾਂ /ਨ/ ਦੀ ਪ੍ਰਧਾਨਤਾ ਹੈ। ਇਸ ਕਰਕੇ ਪੈਸ਼ਾਚੀ ਨੂੰ ਪੰਜਾਬੀ ਦਾ ਆਧਾਰ ਨਹੀਂ ਮੰਨਿਆ ਜਾ ਸਕਦਾ। ਪਰ ਲਹਿੰਦੀ ਦੀਆਂ ਭਾਸ਼ਾਵਾਂ ਉੱਤੇ ਇਸਦਾ ਪ੍ਰਭਾਵ ਜ਼ਰੂਰ ਹੈ।

7.2.6 ਪੰਜਾਬੀ ਅਤੇ ਕੈਕੇਈ ਦਾ ਸੰਬੰਧ:

ਪੰਜਾਬੀ ਅਤੇ ਕੈਕੇਈ ਦੇ ਸੰਬੰਧਾਂ ਬਾਰੇ ਸਾਨੂੰ ਵਿਆਕਰਣਕ ਹਵਾਲਿਆਂ ਤੋਂ ਵਧੇਰੇ ਅਗਵਾਈ ਮਿਲਦੀ ਹੈ। ਭਾਵੇਂ ਕਿ ਕੈਕੇਈ ਅਪਭ੍ਰੰਸ਼ ਦੇ ਸਪਸ਼ਟ ਲੱਛਣ ਉਪਲਬਧ ਨਹੀਂ ਪਰ ਕੈਕੇਈ ਲਈ ਕੁਝ ਪਛਾਣ ਚਿੰਨ੍ਹ ਸਪਸ਼ਟ ਹਨ। ਇਸ ਲਈ ਕੈਕੇਈ ਦੀ ਮੁੱਖ ਪਛਾਣ ਦੁਹਰਾਓ-ਮੂਲਕ ਪ੍ਰਵਿਰਤੀ ਵਾਲੀ ਹੈ ਜਿਵੇਂ ਦੁੱਤ ਵਿਅੰਜਨਾਂ ਦੇ ਪ੍ਰਸੰਗ ਵਿੱਚ ਤੱਤਾ, ਕੰਨ, ਮੁੱਕੀ, ਦੁੱਧ, ਪੁੱਤ ਆਦਿ।

ਇਸੇ ਵਾਂਗ ਸ਼ਬਦ ਦੁਹਰਾਓ ਹੈ – ਕੱਲਮ-ਕੱਲਾ, ਮੁੱਕੋ-ਮੁੱਕੀ ਆਦਿ। ਰੂਪ ਦੁਹਰਾਓ ਵੀ ਕੈਕੇਈ ਦਾ ਪ੍ਰਭਾਵ ਮੰਨਿਆ ਜਾਂਦਾ ਹੈ। ਜਿਵੇਂ ਪਾਣੀ-ਧਾਣੀ, ਚਾਹ-ਚੂਹ, ਰੋਟੀ-ਰਾਟੀ ਆਦਿ।

ਕੈਕੇਈ ਦੀ ਇੱਕ ਹੋਰ ਲੱਛਣ /ਕ/ ਦੀ ਪ੍ਰਧਾਨਤਾ ਹੈ। ਇਸ ਤਰ੍ਹਾਂ ਦੇ ਲਫ਼ਜ਼ ਪੰਜਾਬੀ ਵਿੱਚ ਕਾਫ਼ੀ ਹਨ – ਕੀਕਣ, ਕਦੋਂ, ਕੁੱਕੜ, ਕੋਕਾ, ਕਿੱਧਰ ਆਦਿ।

ਇਤਿਹਾਸਕ ਅਤੇ ਮਿਥਿਹਾਸਕ ਹਵਾਲੇ ਵੀ ਸਾਨੂੰ ਕੈਕੇਈ ਵੱਲ ਧਿਆਨ ਦਿਵਾਉਂਦੇ ਹਨ। ਕੈਕੇਈ ਪ੍ਰਾਂਤ ਦਾ ਸੰਬੰਧ ਸਿੰਧ ਦਰਿਆ ਦੇ ਇਧਰਲੇ ਪਾਸੇ ਨਾਲ ਮੰਨਿਆ ਜਾਂਦਾ ਹੈ। ਮੁਲਤਾਨ ਇਨ੍ਹਾਂ ਵਿੱਚੋਂ ਪ੍ਰਮੁੱਖ ਹੈ। ਇਹ ਉਹ ਇਲਾਕਾ ਹੈ ਜਿਥੇ ਕੈਕੇਈ ਲੋਕ ਵਸਦੇ ਸਨ। ਕੈਕਯ, ਪੁਰਾਤਨ ਪੰਜਾਬ ਦੀ ਇੱਕ ਮਸ਼ਹੂਰ ਜਾਤੀ ਹੈ ਜਿਸਦੇ ਹਵਾਲੇ ਵੇਦਾਂ ਤੋਂ ਪ੍ਰਾਪਤ ਹੁੰਦੇ ਹਨ। ਕੈਕਯ ਪ੍ਰਾਂਤ ਦੇ ਨਿਸ਼ਾਨ ਵੀ ਪੁਰਾਤਨ ਕਾਲ ਵਿੱਚ ਮਿਲਦੇ ਹਨ।

ਕੈਕਯ ਅਪਭ੍ਰੰਸ਼ ਦੇ ਸੰਕੇਤ ਵਿਆਕਰਣਾ ਵਿੱਚੋਂ ਪ੍ਰਾਪਤ ਹੁੰਦੇ ਹਨ ਭਾਵੇਂ ਕਿ ਇਸ ਭਾਸ਼ਾ ਦੇ ਸਪਸ਼ਟ ਰੂਪ ਉਜਾਗਰ ਨਹੀਂ ਹੋਏ। ਮਾਰਕੰਡੇ ਨੇ ਇਸਦਾ ਖ਼ਾਸ ਜ਼ਿਕਰ ਕੀਤਾ ਹੈ।

ਮਹਾਂਭਾਰਤ ਦੇ ਯੁੱਗ ਤੋਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਗਦਰ ਗੱਦਰ ਦਾ ਉਲੇਖ ਮਿਲਦਾ ਹੈ। ਇਸਦਾ ਸੰਬੰਧ ਕਿਸ ਪ੍ਰਾਂਤ ਅਤੇ ਭਾਸ਼ਾ ਨਾਲ ਹੈ, ਇਸ ਬਾਰੇ ਬਹੁਤਾ ਕੁਝ ਨਹੀਂ ਕਿਹਾ ਜਾ ਸਕਦਾ ਹੈ। ਟੱਕੀ ਦਾ ਸੰਬੰਧ ਵੀ ਕੈਕੇਈ ਨਾਲ ਜੋੜਿਆ ਜਾਂਦਾ ਹੈ ਕਿ ਇਸਦਾ ਪਹਿਲਾ ਨਾਂ ਕੈਕੇਈ ਸੀ ਅਤੇ ਬਾਅਦ ਵਿੱਚ ਵਿਗੜ ਕੇ 'ਟੱਕੀ' ਪੈ ਗਿਆ। ਇਸ ਤਰ੍ਹਾਂ ਕੈਕੇਈ ਜਾਂ ਟੱਕੀ ਦਾ ਮੂਲ ਸੰਬੰਧ ਪੰਜਾਬੀ ਨਾਲ ਹੈ। ਇਸਦੀਆਂ ਉਪਭਾਸ਼ਾਵਾਂ ਦੀ ਵੰਨ-ਸੁਵੰਨਤਾ ਗੁਆਂਢੀ ਪ੍ਰਭਾਵ ਕਾਰਨ ਹੈ।

7.2.7 ਸਾਰ ਅੰਸ਼ :

ਸਾਰ ਰੂਪ ਵਿੱਚ ਪੰਜਾਬੀ ਭਾਸ਼ਾ ਦੀ ਉਤਪਤੀ ਅਤੇ ਵਿਕਾਸ ਸੰਬੰਧੀ ਚਰਚਾ ਕਰਕੇ ਇਹ ਤੱਥ ਸਪਸ਼ਟ ਹੁੰਦੇ ਹਨ ਕਿ ਪੰਜਾਬੀ ਭਾਸ਼ਾ ਦਾ ਸੰਬੰਧ ਕੈਕੇਈ ਭਾਸ਼ਾ ਨਾਲ ਜੁੜਦਾ ਹੋਇਆ ਮੌਜੂਦਾ ਸਮੇਂ ਤੱਕ ਪੁੱਜਦਾ ਹੈ। ਇਹ ਭਾਸ਼ਾ ਆਰੀਆ ਭਾਸ਼ਾਵਾਂ ਦੇ ਨਿਰੰਤਰ ਵਿਕਾਸ ਵਿੱਚੋਂ ਹੋਂਦ ਵਿੱਚ ਆਈ। ਹੁਣ ਪੰਜਾਬੀ ਭਾਸ਼ਾ ਆਪਣੀ ਵੱਖਰੀ ਗੁਰਮੁਖੀ ਲਿਪੀ ਰਾਹੀਂ ਇੱਕ ਵੱਖਰੀ ਅਤੇ ਸੁਤੰਤਰ ਪਛਾਣ ਰੱਖਦੀ ਹੈ।

7.3 ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ

ਭੂਮਿਕਾ : 7.3.1

ਪੰਜਾਬੀ ਭਾਸ਼ਾ ਦਾ ਖੇਤਰ ਅਤਿ ਵਿਸ਼ਾਲ ਹੈ। ਪੰਜਾਬੀ ਸਾਰੇ ਪੰਜਾਬ ਵਿੱਚ ਤੇ ਹਰਿਆਣਾ, ਹਿਮਾਚਲ, ਜੰਮੂ ਤੇ ਰਾਜਸਥਾਨ ਦੇ ਹਿੱਸਿਆਂ ਵਿੱਚ ਬੋਲੀ ਜਾਂਦੀ ਹੈ। ਦੂਜੇ ਸ਼ਬਦਾਂ ਵਿੱਚ ਪੰਜਾਬੀ ਭਾਸ਼ਾ ਪੰਜਾਬ ਵਿੱਚ ਵਸਦੇ ਅਤੇ ਪੰਜਾਬ ਤੋਂ ਬਾਹਰ ਦੇਸ਼-ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੀ ਭਾਸ਼ਾ ਹੈ। ਪੰਜਾਬੀ ਭਾਸ਼ਾ ਦੇ ਨਿਕਾਸ ਤੇ ਵਿਕਾਸ ਬਾਰੇ ਬਹੁਤ ਸਾਰੇ ਵਿਦਵਾਨਾਂ ਵਿੱਚ ਮਤਭੇਦ ਹਨ ਅਤੇ ਵਿਚਾਰਮੂਲਕ ਸਾਂਝਾ ਹਨ, ਜਿਹਨਾਂ ਦੀ ਪੁਸ਼ਟੀ ਅਸੀਂ ਪਿਛਲੇ ਸਵਾਲ ਵਿੱਚ ਕਰ ਆਏ ਹਾਂ। ਜੇ ਸਾਧਾਰਨ ਸ਼ਬਦਾਂ ਵਿੱਚ ਗੱਲ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਸਮੇਂ ਦੇ ਸਮਾਜ ਨੂੰ ਸਮਝਣਾ ਹੋਵੇ ਤਾਂ ਭਾਸ਼ਾ ਇੱਕ ਅਹਿਮ ਰੋਲ ਅਦਾ ਕਰਦੀ ਹੈ। ਬੋਲਚਾਲ ਤੋਂ ਕਿਸੇ ਸਮੇਂ, ਸਥਿਤੀ ਤੇ ਸ਼ਖ਼ਸੀਅਤ ਦਾ ਪੈਮਾਨਾ ਮਾਪਿਆ ਜਾ ਸਕਦਾ ਹੈ। ਭਾਸ਼ਾ ਦਾ ਮਨੁੱਖ ਅਤੇ ਸਮਾਜ ਨਾਲ ਗਹਿਰਾ ਰਿਸ਼ਤਾ ਹੈ ਜੋ ਇੱਕ ਦੂਜੇ ਦੇ ਪੂਰਕ ਹਨ। ਭਾਸ਼ਾ ਕਿਸੇ ਵੀ ਸਮਾਜ ਦੀ ਸੰਸਕ੍ਰਿਤੀ, ਇਤਿਹਾਸ, ਭੂਗੋਲਿਕਤਾ, ਉਥੇ ਰਹਿੰਦੇ ਲੋਕਾਂ ਦੀ ਜੀਵਨ-ਜਾਂਚ ਨੂੰ ਸਮਝਣ ਵਿੱਚ ਅਹਿਮੀਅਤ ਰੱਖਦੀ ਹੈ। ਭਾਸ਼ਾ ਰਾਹੀਂ ਹੀ ਅਸੀਂ ਦੂਜੇ ਮੁਲਕ ਦੀ ਸੰਸਕ੍ਰਿਤੀ ਨਾਲ ਜੁੜ ਸਕਦੇ ਹਾਂ। ਕਿਉਂਕਿ ਭਾਸ਼ਾ ਅਤਿ ਗਹਿਨ, ਸੂਖਮ ਅਤੇ ਜਟਿਲ ਹੋਂਦ ਹੈ। ਭਾਸ਼ਾ ਉਹ ਸਾਧਨ ਹੈ ਜਿਸ ਰਾਹੀਂ ਅਸੀਂ ਆਪਣੇ ਵਿਚਾਰਾਂ, ਕਾਮਨਾਵਾਂ, ਭਾਵਨਾਵਾਂ ਦਾ ਆਦਾਨ-ਪ੍ਰਦਾਨ ਕਰ ਸਕਦੇ ਹਾਂ। ਇੱਕ ਤੋਂ ਵੱਧ ਭਾਸ਼ਾਵਾਂ ਦੀ ਜਾਣਕਾਰੀ ਰੱਖਦਾ ਮਨੁੱਖ ਦੁਨੀਆਂ ਭਰ ਨਾਲ ਜੁੜ ਸਕਦਾ ਹੈ

7.3.2 ਭਾਸ਼ਾ ਅਤੇ ਲਿਪੀ ਦਾ ਸੰਬੰਧ :

ਭਾਸ਼ਾ ਅਤੇ ਲਿਪੀ ਦਾ ਆਪਸ ਵਿੱਚ ਡੂੰਘਾ ਸੰਬੰਧ ਹੈ। ਭਾਸ਼ਾ ਮੌਖਿਕ ਰੂਪ ਹੈ ਅਤੇ ਲਿਪੀ ਉਸ ਭਾਸ਼ਾ ਦਾ ਲਿਖਤੀ ਰੂਪ ਹੈ। ਕਿਹਾ ਜਾਂਦਾ ਹੈ ਕਿ ਬੋਲੇ ਸ਼ਬਦ ਉੱਡ ਜਾਂਦੇ ਹਨ ਪਰ ਲਿਖੇ ਸ਼ਬਦ ਸਾਂਭੇ ਰਹਿੰਦੇ ਹਨ। ਕਿਸੇ ਭਾਸ਼ਾ ਦੀ ਲਿਪੀ ਹੀ ਉਸ ਭਾਸ਼ਾ ਦੀ ਹੋਂਦ ਨੂੰ ਬਚਾ ਸਕਦੀ ਹੈ। ਸਿੰਧੂ ਘਾਟੀ ਦੀ ਸੱਭਿਅਤਾ ਜਿਹੜੀ ਆਪਣੇ ਸਮੇਂ ਦੀ ਮਹਾਨ ਸਭਿਅਤਾ ਰਹੀ, ਦਾ ਪਤਾ ਸਾਨੂੰ ਖ਼ੁਦਾਈ ਤੋਂ ਮਿਲੇ ਅਵਸ਼ੇਸ਼ਾਂ ਤੋਂ ਲੱਗਦਾ ਹੈ। ਪਰ ਉਥੋਂ ਮਿਲੀਆਂ ਮੂਰਤੀਆਂ ’ਤੇ ਲਿਖੇ ਅੱਖਰਾਂ ਨੂੰ ਹਲੇ ਤੱਕ ਪੜ੍ਹਿਆ ਨਹੀਂ ਜਾ ਸਕਿਆ। ਜੋ ਇਹ ਲਿਪੀ ਉਹਨਾਂ ਲੋਕਾਂ ਦੀ ਬੋਲਚਾਲੀ ਤੇ ਸਾਹਿਤਕ ਭਾਸ਼ਾ ਰਹੀ ਹੋਵੇਗੀ। ਸੋਚੋ ! ਜੇਕਰ ਇਹ ਲਿਪੀ ਪੜ੍ਹੀ ਜਾ ਸਕਦੀ ਤਾਂ ਇਹਨਾਂ ਭਾਸ਼ਾ ਸ੍ਰੋਤਾਂ ਰਾਹੀਂ ਅਸੀਂ ਇਸ ਸੱਭਿਅਤਾ ਤੇ ਇਥੇ ਵਸਦੇ ਲੋਕਾਂ ਦੇ ਕੰਮ-ਧੰਦਿਆਂ ਤੇ ਉਹਨਾਂ ਦੀ ਸਮੁੱਚੀ ਜੀਵਨ-ਜਾਂਚ ਨੂੰ ਬਹੁਤ ਬਾਰੀਕੀ ਨਾਲ ਜਾਣ ਸਕਦੇ ਹੁੰਦੇ।

7.3.3 ਪੰਜਾਬੀ ਭਾਸ਼ਾ ਸੰਬੰਧੀ ਵੱਖ-ਵੱਖ ਪਰਿਭਾਸ਼ਾਵਾਂ :

ਕਿਸੇ ਵੀ ਭਾਸ਼ਾ ਦੀਆਂ ਖ਼ੂਬੀਆਂ ਉਸਦੇ ਵਿਆਕਰਨਕ ਨੇਮ, ਧੁਨੀਆਤਮਕ ਵਿਲੱਖਣਤਾ ਨੂੰ ਦੂਜੀ ਭਾਸ਼ਾ ਨਾਲ

ਮਿਲਾਕੇ ਦੇਖਣਾ, ਉਸ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਬਣਦੀਆਂ ਹਨ। ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਬਾਰੇ ਗੱਲ ਕਰਨ ਤੋਂ ਪਹਿਲਾ ਭਾਸ਼ਾ ਸ਼ਬਦ ਦੀ ਨਿਰੁਕਤੀ, ਸ਼ਾਬਦਿਕ ਅਰਥ, ਇਸ ਸੰਬੰਧੀ ਵੱਖ-ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਨੂੰ ਵੇਖਣਾ ਉਚਿਤ ਲੱਗਦਾ ਹੈ।

ਭਾਸ਼ਾ ਸ਼ਬਦ ਦੀ ਨਿਰੁਕਤੀ ਸੰਸਕ੍ਰਿਤ ਧਾਤੂ (Root) 'ਭਾਸ਼' (भाष) ਤੋਂ ਹੋਈ ਹੈ। ਭਾਸ਼ ਧਾਤੂ ਦਾ ਅਰਥ ਹੈ - ਬੋਲਣਾ, ਸੰਬੋਧਨ ਕਰਨਾ, ਵਾਰਤਾਲਾਪ ਕਰਨਾ, ਵਰਨਨ ਕਰਨਾ ਆਦਿ। ਭਾਸ਼ਾ ਦੇ ਸ਼ਬਦਾਰਥ ਬਾਰੇ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਉਹ ਕ੍ਰਿਆ ਜਾਂ ਕਰਮ ਹੈ ਜੋ ਭਾਖਿਆ ਜਾਵੇ ਜਾਂ ਬੋਲਿਆ ਜਾਵੇ। (ਪ੍ਰੇਮ ਪ੍ਰਕਾਸ਼ - ਸਿਧਾਂਤਕ ਭਾਸ਼ਾ ਵਿਗਿਆਨ, ਪੰਨਾ-15) ਬੋਲੀ, ਜਬਾਨ, ਜ਼ੁਬਾਨ ਆਦਿ ਸ਼ਬਦ ਭਾਸ਼ਾ ਦੇ ਸਮਾਨਰਥਕ ਸ਼ਬਦ ਹਨ। ਭਾਸ਼ਾ ਉਹ ਮਾਧਿਅਮ ਹੈ ਜਿਸ ਰਾਹੀਂ ਵਿਅਕਤੀ ਆਪਣੇ ਭਾਵਾਂ ਦਾ ਆਦਾਨ-ਪ੍ਰਦਾਨ ਕਰ ਸਕਦਾ ਹੈ। ਇਸ ਸੰਬੰਧੀ ਜੀ. ਰੀਵਜ਼ ਦਾ ਕਹਿਣਾ ਹੈ :

"Language is the medium by which commands and wishes are expressed, subjectively and objectively perceived facts are indicated." (G. Revesz, The Origen and Pre-history of Language, P-20)

ਭਾਸ਼ਾਵਾਂ ਆਪਣੀ ਇੱਛਾਵਾਂ ਦੇ ਭਾਵਾਂ ਦੇ ਸੰਚਾਰ ਦਾ ਮਨੁੱਖੀ ਅਤੇ ਗੈਰ-ਜਮਾਂਦਰੂ ਢੰਗ ਹੈ –

"Language is a purely human and non-instinctive method of communicating ideas, emotions and desires by means of a system of voluntarily produced symbols." (Sapir, Language, 1921, P-28)

ਹਰ ਭਾਸ਼ਾ ਦੇ ਕੁਝ ਭਾਸ਼ਾਈ ਕੋਡ ਹੁੰਦੇ ਹਨ। ਜਿਸ ਰਾਹੀਂ ਵਕਤੇ ਦੇ ਬੋਲਾਂ ਨੂੰ ਸਰੋਤਾ ਸਮਝ ਸਕਦਾ ਹੈ। ਭਾਸ਼ਾ ਇੱਕ ਸਿਸਟਮੀ ਤੇ ਨਿਯਮਬੱਧ ਵਿਵਸਥਾ ਹੈ। ਇਸ ਸੰਬੰਧੀ ਕੁਝ ਹੋਰ ਭਾਸ਼ਾ-ਵਿਗਿਆਨੀਆਂ ਦੀਆਂ ਪਰਿਭਾਸ਼ਾਵਾਂ ਅੰਕਿਤ ਹਨ :

"Language is a system of arbitrary vocal symbol by means of which a social group co-operates" (Block and Trager : An outline of linguistic Analysis, 1943, p-5)
"Language is primarily a system of phonetic symbols for the expression of communicable thought and feelings." (Robert T. Harris, Language and informal Logic)
"Language in a system of interrelated items and the value of those items is defined by their place in the system rather than by their history."
"Language is a coherent system of relations to be studied synchronically."
(Jonathan Culler, (Introduction) Course in General Linguistics by F.D. Saussure)
"Language is the institution whereby humans communicate and interact with each other by means of habitually used oral-auditory arbitrary symbols."
(Hall, Essay on Language, 1968, p-158)

जिन ध्वनि-चिन्हों द्वारा मनुष्य परस्पर विचार विनियम करता है उनको सपष्टि रुप से भाषा कहते है।
(बाबू राम सक्सेना, सामान्य भाषा विज्ञान)

ਭਾਸ਼ਾ ਵਿਗਿਆਨੀ ਹਾਕੇਟ ਭਾਸ਼ਾ ਦੇ ਸੱਤ ਬੁਨਿਆਦੀ ਤੱਤ ਮੰਨਦਾ ਹੈ:

(i) Quality (ii) Productivity (iii) arbitrariness (iv) Specialization (v) inter-changeability (vi) displacement (vii) cultural transmission

ਹੈਰਿਸ (Harris) ਨੇ ਭਾਸ਼ਾ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਉਲੀਕੀਆਂ ਹਨ :

(i) ਭਾਸ਼ਾ ਮੂਲ ਰੂਪ ਵਿੱਚ ਧੁਨੀਆਤਮਕ ਹੁੰਦੀ ਹੈ।

(ii) ਭਾਸ਼ਾ ਇੱਕ ਬਾਕਾਇਦਾ ਪ੍ਰਬੰਧ ਹੈ।

(iii) ਭਾਸ਼ਾ ਪ੍ਰਤੀਕਾਤਮਕ ਹੈ।

(iv) ਭਾਸ਼ਾ ਪ੍ਰਗਟਾਵੇ ਲਈ ਹੈ।

7.3.4 ਪੰਜਾਬੀ ਭਾਸ਼ਾ ਦੀਆਂ ਹੋਰ ਪ੍ਰਮੁੱਖ ਵਿਸ਼ੇਸ਼ਤਾਵਾਂ :

ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਬਾਰੇ ਗੱਲ ਕਰਦੇ ਹੋਏ ਅਸੀਂ ਪੰਜਾਬੀ ਭਾਸ਼ਾ ਦੇ ਵਿਆਕਰਨਕ ਨੇਮ, ਧੁਨੀਆਤਮਕ ਪ੍ਰਬੰਧ, ਉਪਭਾਸ਼ਾਈ ਵਿਸ਼ੇਸ਼ਤਾਵਾਂ, ਦੂਜੀਆਂ ਭਾਸ਼ਾਵਾਂ ਨਾਲੋਂ ਇਸਦੇ ਵਿਸ਼ੇਸ਼ ਲੱਛਣਾਂ ਸੰਬੰਧੀ ਚਰਚਾ ਕਰਾਂਗੇ।

ਪੰਜਾਬੀ ਭਾਸ਼ਾ ਸੁਰਾਤਮਕ ਹੈ। ਪੰਜਾਬੀ ਭਾਸ਼ਾ ਵਿੱਚ ਸੁਰ (Tone) ਦਾ ਬਹੁਤ ਮਹੱਤਵ ਹੈ। 'ਸੁਰ' ਪੰਜਾਬੀ ਭਾਸ਼ਾ ਦਾ ਪਛਾਣ ਚਿੰਨ੍ਹ ਹੈ। ਭਾਰਤੀ ਆਰੀਆਈ ਭਾਸ਼ਾਵਾਂ ਵਿਚੋਂ ਪੰਜਾਬੀ ਹੀ ਇੱਕ ਅਜਿਹੀ ਭਾਸ਼ਾ ਹੈ ਜਿਸ ਵਿੱਚ ਸੁਰ ਦੀ ਵਰਤੋਂ ਹੁੰਦੀ ਹੈ। ਪੰਜਾਬੀ ਭਾਸ਼ਾ ਨੂੰ ਹੋਰ ਭਾਸ਼ਾਵਾਂ ਤੋਂ ਨਿਖੇੜਨ ਵਾਲੀ ਇਹ ਭਾਸ਼ਾਈ ਵਿਸ਼ੇਸ਼ਤਾ ਹੈ। ਮਿਸਾਲ ਦੇ ਤੌਰ 'ਤੇ ਦੋ ਕਾਰਜੀ ਸ਼ਬਦ 'ਕੜੀ' ਅਤੇ 'ਕੜ੍ਹੀ' ਲੈਂਦੇ ਹਾਂ। ਜਿਸ ਵਿੱਚ ਪਹਿਲੀ ਕੜੀ ਦਾ ਅਰਥ 'ਸੰਬੰਧ' ਹੈ। ਦੂਜੀ ਦਾ ਖਾਣੇ ਨਾਲ ਸੰਬੰਧ ਹੈ। ਇਨ੍ਹਾਂ ਸ਼ਬਦਾਂ ਵਿੱਚ ਬਾਕੀ ਸਥਿਤੀਆਂ ਸਮਾਨ ਹਨ, ਜਿਸ ਵਿੱਚ ਧੁਨੀਆਂ ਅਤੇ ਸ਼ਬਦ-ਜੋੜ ਵੀ ਸਮਾਨ ਹਨ ਪਰ ਸੁਰ 'ਹ' ਆਉਣ ਕਾਰਨ ਅਰਥਾਂ ਵਿੱਚ ਅੰਤਰ ਆ ਗਿਆ ਹੈ। ਪੰਜਾਬੀ ਦੀ ਧੁਨੀ 'ਹ' (Glottal) ਇਸਦਾ ਮੁੱਖ ਆਧਾਰ ਤੇ ਪ੍ਰਕਾਰ ਹੈ। ਇਸ ਸੰਬੰਧੀ ਭਾਸ਼ਾ ਵਿਗਿਆਨੀ ਗ੍ਰੀਅਰਸਨ ਆਪਣੀ ਰਚਨਾ (Linguistic survey of India (Vol, viii, part I, page-251) ਵਿੱਚ ਪੱਛਮੀ ਪੰਜਾਬੀ ਦੇ ਸੁਰਾਤਮਕ ਲੱਛਣ ਦਾ ਜਿਸਨੂੰ (ਹ) ਅੱਖਰ ਨਾਲ ਲਿਖਿਆ ਜਾਂਦਾ ਹੈ, ਸੰਬੰਧੀ ਵਿਚਾਰ ਕਰਦੇ ਹਨ। ਇਸ ਸੰਬੰਧੀ ਉਹਨਾਂ ਦੀਆਂ ਕੁਝ ਟਿੱਪਣੀਆਂ ਵਿਚਾਰਨਯੋਗ ਹਨ, ਜਿਥੇ 'ਹ' ਧੁਨੀ ਸ਼ਬਦ ਦੇ ਆਰੰਭ, ਮੱਧ ਅਤੇ ਅੰਤ ਵਿੱਚ ਉਚਾਰੀਆਂ ਜਾਂਦੀਆਂ ਹਨ।

ਲਹਿੰਦੀ ਤੇ ਪੂਰਬੀ ਪੰਜਾਬੀ ਵਿੱਚ 'ਹ' ਨਾਲ ਸ਼ੁਰੂ ਹੋਣ ਵਾਲੇ ਸ਼ਬਦਾਂ ਦੀ ਮੁੱਢਲੀ ਹ – ਧੁਨੀ ਅਰਬੀ ਐਨ ਵਰਗੀ ਹੁੰਦੀ ਹੈ। ਜਿਸ ਕਰਕੇ ਹੀਯਾਂ (ਮੰਜੇ ਦੇ ਪਾਸੇ) ਦਾ ਸਹੀ ਉਚਾਰਨ ਈਯਾ ਹੁੰਦਾ ਹੈ। ਪਿਹਾਈ ਨੂੰ ਵੀ ਪਿਆਈ ਵਾਂਗ ਬੋਲਿਆ ਜਾਂਦਾ ਹੈ।

ਦੂਜੀ ਸਥਿਤੀ ਵਿੱਚ ਜਦੋਂ /ਹ/ ਧੁਨੀ ਸ਼ਬਦ ਦੇ ਸ਼ੁਰੂ ਵਿੱਚ ਨਾ ਹੋ ਕੇ ਵਿਚਕਾਰਲੀ ਜਾਂ ਅੰਤਲੇ ਸਥਾਨ ਤੇ ਹੁੰਦੀ ਹੈ ਤਾਂ ਇਸਦਾ ਉਚਾਰਨ ਸੁਣੀਂਦਾ ਨਹੀਂ ਜਾਂ ਫਿਰ ਮੁਸ਼ਕਲ ਨਾਲ ਸੁਣੀਂਦਾ ਹੈ। ਪਰ ਇਹ ਪਹਿਲੇ ਸ੍ਵਰ ਦੀ ਤਾਨ (Pitch) ਨੂੰ ਜ਼ਰੂਰ ਉੱਚਾ ਕਰ ਜਾਂਦੀ ਹੈ ਤਾਂ 'ਲਾਹ' ਸ਼ਬਦ ਵਿਚਲੀ ਅੰਤਿਮ ਧੁਨੀ 'ਹ' ਧੁਨੀ ਦਾ ਪੂਰਾ ਸਫੋਟ ਨਹੀਂ ਸੁਣਿਆ ਜਾਂਦਾ ਪਰ ਪਿੱਚ ਉੱਚੀ ਹੋ ਜਾਂਦੀ ਹੈ।

ਇਸ ਆਧਾਰ ਤੇ ਪੰਜਾਬੀ ਵਿੱਚ ਤਿੰਨ ਤਰ੍ਹਾਂ ਦੀ ਸੁਰ ਮੰਨੀ ਜਾਂਦੀ ਹੈ –

1. ਉੱਚੀ ਸੁਰ
2. ਮਝਲੀ ਸੁਰ

3. ਨੀਵੀਂ ਸੁਰ

ਪੰਜਾਬੀ ਗੁਰਮੁਖੀ ਲਿਪੀ ਵਿੱਚ ਜੋ /ਘ ਝ ਢ ਥ ਭ/ ਪੰਜ ਵਰਨ ਹਨ। ਅਸਲ ਵਿੱਚ ਇਹਨਾਂ ਵਰਨਾਂ ਦੀਆਂ ਸ਼ਬਦਾਂ ਵਿੱਚ ਜੋ ਸਥਿਤੀਆਂ ਹਨ, ਉਨ੍ਹਾਂ ਅਨੁਸਾਰ ਹੀ ਤਿੰਨਾਂ ਸੁਰਾਂ ਵਿੱਚੋਂ ਕੋਈ ਸੁਰ ਲੱਗਦੀ ਹੈ ਜਾਂ ਕਾਰਜ ਕਰਦੀ ਹੈ। ਪੰਜਾਬੀ ਸ਼ਬਦ ਉਚਾਰਨ ਅਨੁਸਾਰ ਇਹ ਪੰਜ ਵਰਨ ਨੀਵੀਂ ਸੁਰ, ਮੱਧ ਵਰਤੀ ਸੁਰ ਅਤੇ ਉੱਚੀ ਸੁਰ ਵਜੋਂ ਨਿਰਧਾਰਿਤ ਹੁੰਦੇ ਹਨ।

ਨੀਵੀਂ ਸੁਰ	ਮੱਧਵਰਤੀ ਸੁਰ	ਉੱਚੀ ਸੁਰ
ਘੋੜਾ	ਕੋੜਾ	ਕੋੜ੍ਹਾ/ਕੋਹੜਾ
ਝਾ	ਚਾ	ਚਾਹ/ਚ੍ਹਾ
ਘੜੀ	ਕੜੀ	ਕੜ੍ਹੀ
ਭਾ	ਪਾ	ਪਾਹ
ਘੜ	ਕੜ	ਕੜ੍ਹ

7.3.6 ਸਾਰ-ਅੰਸ਼ :

ਸੋ ਇਹਨਾਂ ਸਾਰੀਆਂ ਵਿਆਕਰਣਕ ਅਤੇ ਅਰਥਾਤਮਕ ਵਿਸ਼ੇਸ਼ਤਾਵਾਂ ਤੋਂ ਪੰਜਾਬੀ ਭਾਸ਼ਾ ਦੀ ਵਿਲੱਖਣਤਾ ਦਾ ਪਤਾ ਲੱਗਦਾ ਹੈ। ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਵਿੱਚ ਇਸ ਗੱਲ ਦੀ ਪ੍ਰਮੁੱਖਤਾ ਹੈ ਕਿ ਇਸਦੇ ਇਕ ਸ਼ਬਦ ਦੇ ਬਹੁ ਅਰਥ ਸੰਕਲਪ ਵੀ ਕਾਰਜਸ਼ੀਲ ਹੁੰਦੇ ਹਨ। ਪੰਜਾਬੀ ਭਾਸ਼ਾ ਦੇ ਧੁਨੀ ਪ੍ਰਬੰਧ ਦਾ ਸੰਬੰਧ ਇਥੋਂ ਦੀ ਭੂਗੋਲਿਕ, ਸਮਾਜਕ ਅਤੇ ਸਭਿਆਚਾਰਕ ਰਹਿਤਲ ਨਾਲ ਜੁੜਦਾ ਹੈ। ਇਸ ਕਾਰਨ ਪੰਜਾਬੀ ਭਾਸ਼ਾ ਅਸੀਮ ਵਿਸ਼ੇਸ਼ਤਾਵਾਂ ਦੀ ਧਾਰਨੀ ਹੈ।

7.4 ਅਭਿਆਸ ਲਈ ਪ੍ਰਸ਼ਨ :

7.4.1 ਭਾਸ਼ਾ ਕੀ ਹੁੰਦੀ ਹੈ?

7.4.2 ਭਾਸ਼ਾ ਦੀ ਪਰਿਭਾਸ਼ਾ ਦਿਉ ?

7.4.3 ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ ਬਾਰੇ ਦੱਸੋ ?

7.4.4 ਪੰਜਾਬੀ ਭਾਸ਼ਾ ਦਾ ਦੂਜੀਆਂ ਭਾਸ਼ਾਵਾਂ ਨਾਲ ਸੰਬੰਧ ਦੱਸੋ?

7.5 ਸਹਾਇਕ ਪੁਸਤਕਾਂ :

7.5.1 ਸੁਖਵਿੰਦਰ ਸਿੰਘ ਸੰਘਾ (ਡਾ.)ਸਾਹਿਤ, ਭਾਸ਼ਾ ਅਤੇ ਭਾਸ਼ਾ ਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003

7.5.2 ਜੋਗਿੰਦਰ ਸਿੰਘ ਪੁਆਰ, ਭਾਸ਼ਾ ਵਿਗਿਆਨ ਸੰਕਲਪ ਅਤੇ ਦਿਸ਼ਾਵਾਂ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 2010

7.5.3 ਪ੍ਰੇਮ ਪ੍ਰਕਾਸ਼ (ਡਾ.), ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ, ਮਦਾਨ ਪਬਲੀਕੇਸ਼ਨ, ਪਟਿਆਲਾ, 2004

7.5.4 ਪ੍ਰੇਮ ਪ੍ਰਕਾਸ਼ (ਡਾ.), ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

ਉਪ-ਭਾਸ਼ਾ ਵਿਗਿਆਨ

1.1 ਭਾਸ਼ਾ ਅਤੇ ਉਪ-ਭਾਸ਼ਾਵਾਂ - ਸਿਧਾਂਤਕ ਸੰਕਲਪ, ਲੱਛਣ ਅਤੇ ਸਥਾਪਤੀ

1.1.1 ਮਾਝੀ
1.1.2. ਦੁਆਬੀ
1.1.3. ਮਲਵਈ
1.1.4. ਡੋਗਰੀ
1.1.5. ਮੁਲਤਾਨੀ
1.1.6 . ਪੋਠੋਹਾਰੀ
1.1.7. ਪੁਆਧੀ
1.1.8 ਪੋਠੋਹਾਰੀ, ਮੁਲਤਾਨੀ ਤੇ ਝਾਂਗੀ

1.2 ਪੰਜਾਬੀ ਦੀਆਂ ਉਪ-ਭਾਸ਼ਾਵਾਂ : ਜਾਣ-ਪਛਾਣ, ਖੇਤਰ ਅਤੇ ਵਿਸ਼ੇਸ਼ਤਾਵਾਂ

1.1 ਭਾਸ਼ਾ ਅਤੇ ਉਪ-ਭਾਸ਼ਾਵਾਂ- ਸਿਧਾਂਤਕ ਸੰਕਲਪ, ਲੱਛਣ ਅਤੇ ਸਥਾਪਤੀ

ਉਪਭਾਸ਼ਾ ਵਿਗਿਆਨ ਉਪਭਾਸ਼ਾਵਾਂ ਦੇ ਵਿਗਿਆਨਕ ਅਧਿਐਨ ਨੂੰ ਕਿਹਾ ਜਾਂਦਾ ਹੈ। ਇਹ ਸਮਾਜੀ ਭਾਸ਼ਾ ਵਿਗਿਆਨ ਦਾ ਇੱਕ ਉਪਵਿਸ਼ਾ ਹੈ। ਇਹ ਭੂਗੋਲਕ ਵੰਡ ਦੇ ਆਧਾਰ ਉੱਤੇ ਭਾਸ਼ਾ ਵਿੱਚ ਆਉਂਦੇ ਵਖਰੇਵਿਆਂ ਦਾ ਅਧਿਐਨ ਕਰਦਾ ਹੈ। ਉਪਭਾਸ਼ਾ ਵਿਗਿਆਨ, ਭਾਸ਼ਾ ਵਿਗਿਆਨ ਦੀ ਇੱਕ ਸ਼ਾਖਾ ਹੈ। ਇਸ ਸਾਖਾ ਵਿੱਚ ਇਕੋ ਭਾਸ਼ਾ ਦੇ ਭਾਸ਼ਾਈ ਵਖਰੇਵਿਆਂ ਦਾ ਅਧਿਐਨ ਕੀਤਾ ਜਾਂਦਾ ਹੈ। ਭਾਸ਼ਾ ਵਿਗਿਆਨ ਦੇ ਸੰਕਲਪਾਂ ਨੂੰ ਅਧਾਰ ਬਣਾ ਕੇ ਉਪਭਾਸ਼ਾਵਾਂ ਦਾ ਤੁਲਨਾਤਮਕ ਅਤੇ ਬਣਤਰਾਤਮਕ ਅਧਿਐਨ ਕੀਤਾ ਜਾਂਦਾ ਹੈ। ਇੱਕ ਵੱਡੇ ਖੇਤਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਨੂੰ ਨਿੱਕੇ-ਨਿੱਕੇ ਖੇਤਰਾਂ ਵਿੱਚ ਵੰਡ ਕੇ ਵੇਖਿਆਂ ਪਤਾ ਚਲਦਾ ਹੈ ਕਿ ਇੱਕ ਖਿੱਤੇ ਦੀ ਭਾਸ਼ਾ ਦੂਜਿਆਂ ਖਿੱਤਿਆਂ ਨਾਲੋਂ ਅਲੱਗ ਹੈ ਅਤੇ ਸਮੁੱਚੇ ਖੇਤਰ ਦੀ ਭਾਸ਼ਾ ਨਾਲ ਸਾਂਝ ਤੇ ਵਖਰੇਵੇਂ ਹਨ। ਇਸੇ ਤੱਥ ਨੂੰ ਅਧਾਰ ਬਣਾ ਕੇ ਉਪਭਾਸ਼ਾ ਵਿਗਿਆਨ ਹੋਂਦ ਵਿੱਚ ਆਉਂਦਾ ਹੈ। ਭਾਸ਼ਾ ਤੇ ਉਪਭਾਸ਼ਾ ਅਤੇ ਉਪਭਾਸ਼ਾ ਤੇ ਦੂਜੀ ਉਪਭਾਸ਼ਾ ਵਿਚਲੇ ਵਖਰੇਵਿਆਂ ਦੇ ਕਾਰਨ, ਸਥਾਨਾਂ ਦੀ ਦੂਰੀ ਜਾਂ ਕੁਦਰਤੀ ਰੁਕਾਵਟਾਂ, ਘਣੇ ਜੰਗਲ, ਪਹਾੜ ਅਤੇ ਦਰਿਆ ਆਦਿ ਬਣਦੇ ਹਨ। ਇਨ੍ਹਾਂ ਕੁਦਰਤੀ ਰੁਕਾਵਟਾਂ ਕਾਰਨ ਦੋ ਖਿੱਤਿਆਂ ਵਿਚਲੇ ਲੋਕਾਂ ਦੀ ਪਰਸਪਰ ਸਾਂਝ ਘੱਟ ਜਾਂਦੀ ਹੈ ਜਿਸ ਕਰਕੇ ਇਨ੍ਹਾਂ ਦੋਹਾਂ ਵਿੱਚ ਭਾਸ਼ਾਈ ਰੂਪਾਂ ਦੇ ਪੱਧਰ ’ਤੇ ਵਖਰੇਵੇਂ ਹੁੰਦੇ ਹਨ। ਉਪਭਾਸ਼ਾ ਵਿਗਿਆਨ ਰਾਹੀਂ ਇਹ ਪਤਾ ਚਲਦਾ ਹੈ ਕਿ ਇੱਕ ਖਿੱਤੇ ਦੀ ਭਾਸ਼ਾ ਦੀ ਦੂਜੇ ਖਿੱਤੇ ਦੀ ਭਾਸ਼ਾ ਨਾਲ ਸਾਂਝ ਅਤੇ ਵਖਰੇਵੇਂ ਹਨ। ਇਸ ਕਰਕੇ ਉਪਭਾਸ਼ਾਵਾਂ ਦੀਆਂ ਵਿਆਕਰਨਾਂ ਲਿਖੀਆਂ ਗਈਆਂ। ਇਸ ਤੋਂ ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਵਿਆਕਰਨ ਸਿਰਫ ਲਿਖਤੀ ਅਤੇ ਟਕਸਾਲੀ ਭਾਸ਼ਾ ਦੀ ਹੁੰਦੀ ਹੈ ਪਰ ਇਹ ਤੱਥ ਗਲਤ ਸਾਬਤ ਹੋਇਆ। ਉਪਭਾਸ਼ਾਵਾਂ ਵਿੱਚ ਵਿਆਕਰਨ ਅਤੇ ਸ਼ਬਦਾਵਲੀ ਦੇ ਪੱਧਰ ’ਤੇ ਵਖਰੇਵੇਂ ਹੁੰਦੇ ਹਨ ਪਰ ਇਹ ਵਖਰੇਵੇਂ ਇੰਨੇ ਜ਼ਿਆਦਾ ਨਹੀਂ ਹੁੰਦੇ ਕਿ ਦੋਹਾਂ ਨੂੰ ਵੱਖੋ-ਵੱਖਰੀਆਂ ਭਾਸ਼ਾਵਾਂ ਕਿਹਾ ਜਾ ਸਕੇ ਪਰ ਫਿਰ ਵੀ ਵਖਰੇਵੇਂ ਮੌਜੂਦ ਹੁੰਦੇ ਹਨ। ਸ਼ਬਦਾਵਲੀ ਦੇ ਪੱਖ ਤੋਂ ਇਹ ਵਖਰੇਵੇਂ ਸਭ ਤੋਂ ਜ਼ਿਆਦਾ ਹੁੰਦੇ ਹਨ। ਇਸ ਪੱਖ ਤੋਂ ਪੰਜਾਬੀ ਦੀਆਂ ਉਪਭਾਸ਼ਾਵਾਂ ਨੂੰ ਦੋ ਭਾਗਾਂ ਵਿੱਚ ਰੱਖ ਕੇ ਵੇਖਿਆ ਜਾ ਸਕਦਾ ਹੈ : ਪੂਰਬੀ ਪੰਜਾਬੀ ਤੇ ਪੱਛਮੀ ਪੰਜਾਬੀ। ਪੂਰਬੀ

ਪੰਜਾਬੀ ਵਿੱਚ ਮਾਝੀ, ਮਲਵਈ, ਪੁਆਧੀ ਆਦਿ ਨੂੰ ਰੱਖਿਆ ਜਾਂਦਾ ਹੈ ਜਦੋਂ ਕਿ ਪੱਛਮੀ ਪੰਜਾਬੀ ਵਿੱਚ ਮੁਲਤਾਨੀ, ਪੋਠੋਹਾਰੀ, ਸਰਾਇਕੀ ਨੂੰ ਲਿਆ ਜਾ ਸਕਦਾ ਹੈ। ਇਨ੍ਹਾਂ ਦੋਹਾਂ ਪੰਜਾਬੀਆਂ ਵਿੱਚ ਮੁੱਢਲਾ ਅੰਤਰ ਸੁਰ ਦਾ ਹੈ। ਜਿੱਥੇ ਪੱਛਮੀ ਪੰਜਾਬੀ ਵਿੱਚ ਸਘੋਸ਼ ਮਹਾਂ-ਪ੍ਰਾਣ ਧੁਨੀਆਂ (ਘ ਝ ਢ ਧ ਤੇ ਭ) ਉਚਾਰੀਆਂ ਜਾਂਦੀਆਂ ਹਨ ਉਥੇ ਪੂਰਬੀ ਪੰਜਾਬੀ ਵਿੱਚ ਇਨ੍ਹਾਂ ਦੀ ਥਾਂ ਸੁਰ ਨੇ ਲੈ ਲਈ ਹੈ। ਇਸ ਕਰਕੇ ਜਾਰਜ ਗਰੀਅਰਸਨ ਨੇ ਇਨ੍ਹਾਂ ਦਾ ਸਰੋਤ ਵੱਖੋ-ਵੱਖਰਾ ਮੰਨਿਆ ਹੈ ਪਰ ਇਹ ਉਪਭਾਸ਼ਾਈ ਵਖਰੇਵੇਂ ਹਨ, ਭਾਸ਼ਾਈ ਨਹੀਂ। ਨਕਸ਼ਿਆਂ, ਐਟਲਸਾਂ ਅਤੇ ਆਈਸੋਗਲਾਸਿਜ਼ ਰੇਖਾਵਾਂ ਦੀ ਮਦਦ ਨਾਲ ਇਨ੍ਹਾਂ ਵਖਰੇਵਿਆਂ ਦੀ ਸਥਿਤੀ ਨੂੰ ਵੇਖਿਆ ਜਾ ਸਕਦਾ ਹੈ। ਇਨ੍ਹਾਂ ਦੀ ਮਦਦ ਨਾਲ ਉਪਭਾਸ਼ਾਵਾਂ ਦੀ ਨਿਸ਼ਾਨਦੇਹੀ ਕੀਤੀ ਜਾਂਦੀ ਹੈ ਅਤੇ ਉਪਭਾਸ਼ਾਵਾਂ ਦੀ ਹੱਦਬੰਦੀ ਸੰਭਵ ਹੁੰਦੀ ਹੈ। ਇਸ ਵਿਗਿਆਨ ਦੇ ਤਹਿਤ ਹਰ ਉਪਭਾਸ਼ਾ ਦੀ ਵਿਆਕਰਨ ਤਿਆਰ ਕੀਤੀ ਜਾਂਦੀ ਹੈ ਅਤੇ ਸ਼ਬਦਾਵਲੀ ਦੀ ਲਿਸਟ ਬਣਾਈ ਜਾਂਦੀ ਹੈ ਕਿਉਂਕਿ ਇਹ ਉਪਭਾਸ਼ਾਵਾਂ ਆਮ ਤੌਰ ’ਤੇ ਬੋਲਚਾਲ ਲਈ ਹੀ ਵਰਤੀਆਂ ਜਾਂਦੀਆਂ ਹਨ। ਉਪਭਾਸ਼ਾ ਵਿਗਿਆਨ ਦੀ ਮਦਦ ਨਾਲ ਪਤਾ ਚਲਦਾ ਹੈ ਕਿ ਇੱਕ ਉਪਭਾਸ਼ਾ ਵਿੱਚ ਭਾਸ਼ਾ ਬਣਨ ਦੀ ਸਮਰੱਥਾ ਹੁੰਦੀ ਹੈ ਜਿਵੇਂ ਪੰਜਾਬੀ ਦੀ ਟਕਸਾਲੀ ਭਾਸ਼ਾ ਦਾ ਅਧਾਰ ਇੱਕ ਉਪਭਾਸ਼ਾ ਮਾਝੀ ਹੈ। ਉਪਭਾਸ਼ਾ ਵਿਗਿਆਨ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਉਪਭਾਸ਼ਾ ਊਣੀ ਜਾਂ ਹੀਣੀ ਨਹੀਂ ਹੁੰਦੀ ਸਗੋਂ ਕਈ ਵਾਰ ਭਾਸ਼ਾ ਨਾਲੋਂ ਵੀ ਵੱਧ ਸਮਰੱਥਾ ਵਾਲੀ ਹੁੰਦੀ ਹੈ।

ਉਪਭਾਸ਼ਾ ਜਾਂ ਉਪਭਾਖਾ ਕਿਸੇ ਵਡੇਰੀ ਤੇ ਪ੍ਰਚੱਲਿਤ ਭਾਸ਼ਾ ਦੇ ਇਕ ਸੀਮਿਤ ਹਿੱਸੇ ਵਿਚ ਬੋਲੇ ਜਾਣ ਵਾਲੇ ਇਲਾਕਾਈ ਰੂਪ ਨੂੰ ਕਹਿੰਦੇ ਹਨ। ਉਪਭਾਸ਼ਾ ਵਿਚ ਇਕ ਵਡੇਰੀ ਭਾਸ਼ਾ ਵਾਲੇ ਸਾਰੇ ਗੁਣ ਮੌਜੂਦ ਹੁੰਦੇ ਹਨ ਤੇ ਉਹ ਸਮਾਂ ਪਾ ਕੇ ਅਤੇ ਹਾਲਾਤ ਦੇ ਅਨੁਕੂਲ ਹੋਣ ਨਾਲ ਉਪਭਾਸ਼ਾ ਦੀ ਥਾਂ ਖੁਦ ਭਾਸ਼ਾ ਦਾ ਰੂਪ ਧਾਰ ਸਕਦੀ ਹੈ।ਇਹ ਗੱਲ ਮੰਨੀ ਗਈ ਹੈ ਕਿ ਨਾ ਤਾਂ ਸਾਰੇ ਮਨੁੱਖਾਂ, ਕਬੀਲਿਆਂ, ਸਮਾਜਕ ਗੁੱਟਾਂ ਦਾ ਉਚਾਰਣ ਢੰਗ ਤੇ ਸ਼ਬਦਾਵਲੀ ਇਕੋ ਹੈ ਤੇ ਨਾ ਹੀ ਵੱਖ ਵੱਖ ਭੂਗੋਲਿਕ ਸਥਿਤੀਆਂ ਅੰਦਰ ਪੈਦਾ ਹੋਈਆਂ ਉਚਾਰਣ ਵਿਸ਼ੇਸ਼ਤਾਵਾਂ ਇਕੋ ਜਿਹੀਆਂ ਹਨ। ਇਸੇ ਲਈ ਕਹਿੰਦੇ ਹਨ ਕਿ ਹਰ ਬਾਰ੍ਹਾਂ ਕੋਹਾਂ ਤੇ ਬੋਲੀ ਬਦਲ ਜਾਂਦੀ ਹੈ। ਇਸ ਤਰ੍ਹਾਂ ਇਹ ਸਮਾਜਕ ਤੇ ਇਲਾਕਾਈ ਭੇਦ ਉਪਭਾਸ਼ਾ ਨੂੰ ਜਨਮ ਦਿੰਦੇ ਹਨ।

ਇੱਥੇ ਇਕ ਹੋਰ ਗੱਲ ਵੀ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਬਾਰ੍ਹਾਂ ਕੋਹਾਂ ਵਿਚ ਬੋਲੀ ਇਕ-ਦਮ ਨਹੀਂ ਬਦਲ ਜਾਂਦੀ, ਕੇਵਲ ਉਚਾਰਣ ਢੰਗ ਤੇ ਸ਼ਬਦਾਵਲੀ ਵਿਚ ਥੋੜ੍ਹਾ ਜਿਹਾ ਫ਼ਰਕ ਪੈ ਜਾਂਦਾ ਹੈ। ਦਰਿਆ ਦੇ ਇਕ ਕੰਢੇ ਤੇ ਵਸਣ ਵਾਲਿਆਂ ਦੀ ਬੋਲੀ ਦੂਜੇ ਕੰਢੇ ਤੇ ਵਸਣ ਵਾਲਿਆਂ ਨਾਲੋਂ ਕੁਝ ਵੱਖ ਹੋਵੇਗੀ। ਇਹ ਵੱਖਰੇਵਾਂ ਪ੍ਰਾਚੀਨ ਕਾਲ ਵਿਚ ਹੋਰ ਵੀ ਜ਼ਿਆਦਾ ਹੋ ਜਾਂਦਾ ਸੀ ਜਦ ਦਰਿਆ ਵਿਚ ਹੜ੍ਹ ਆ ਜਾਣ ਦੇ ਕਾਰਣ ਦੋਹਾਂ ਕੰਢਿਆਂ ਤੇ ਵਸਣ ਵਾਲਿਆਂ ਦਾ ਮੇਲ ਜੋਲ ਮਹੀਨਿਆਂ ਬੱਧੀ ਬੰਦ ਹੋ ਜਾਂਦਾ ਸੀ।

ਅੱਜ ਲੋਕਾਂ ਦੇ ਮੇਲ ਜੋਲ ਵੱਧ ਜਾਣ ਨਾਲ ਬੋਲੀਆਂ ਦੇ ਇਲਾਕਾਈ ਰੂਪਾਂ ਵਿਚ ਵਖਰੇਵੇਂ ਭਾਵੇਂ ਘਟ ਰਹੇ ਹਨ, ਫਿਰ ਵੀ ਇਕ-ਦਮ ਮਿਟ ਨਹੀਂ ਗਏ। ਜਿਵੇਂ ਭੋਜਪੁਰੀ, ਬੁੰਧੇਲਖੰਡੀ, ਅਵਧੀ, ਰਾਜਸਥਾਨੀ, ਖੜੀ ਬੋਲੀ, ਹਰਿਆਣਵੀ ਆਦਿ ਹਿੰਦੀ ਦੀਆਂ ਉਪਭਾਸ਼ਾਵਾਂ ਹਨ, ਠੀਕ ਇਸੇ ਤਰ੍ਹਾਂ ਪੰਜਾਬੀ ਦੀਆਂ ਵੀ ਉਪਭਾਸ਼ਾਵਾਂ ਹਨ ਅਤੇ ਉਹ ਹਿੰਦੁਸਤਾਨੀ ਤੇ ਪਾਕਿਸਤਾਨੀ ਪੰਜਾਬ ਵਿਚ ਫੈਲੀਆਂ ਹੋਈਆਂ ਹਨ। ਸੰਖਿਪਤ ਵੇਰਵਾ ਇਸ ਪ੍ਰਕਾਰ ਹੈ:

1.1.1 ਮਾਝੀ ਅਥਵਾ ਕੇਂਦਰੀ : ਇਹ ਸਾਂਝੇ ਪੰਜਾਬ ਦੇ ਐਨ ਕੇਂਦਰੀ ਇਲਾਕੇ ਵਿਚ ਬੋਲੀ ਜਾਂਦੀ ਹੈ ਤੇ ਇਸੇ ਲਈ ਇਸ ਨੂੰ ਪੰਜਾਬ ਦੀ ਟਕਸਾਲੀ ਭਾਸ਼ਾ ਦੇ ਤੌਰ ਤੇ ਪ੍ਰਵਾਨ ਕੀਤਾ ਗਿਆ ਹੈ। ਗੁਜਰਾਂਵਾਲਾ, ਲਾਹੌਰ, ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਪੂਰੇ ਜਿਲ੍ਹੇ ਅਤੇ ਸ਼ੇਖੂਪੁਰਾ ਤੇ ਸਿਆਲਕੋਟ ਅਥਵਾ ਗੁਜਰਾਤ ਦੇ ਕੁਝ ਇਲਾਕੇ ਇਸ ਦੇ ਘੇਰੇ ਵਿਚ ਆਉਂਦੇ ਹਨ। ਇਸ ਦਾ ਠੇਠ ਮੁਹਾਵਰਾ ਅੰਮ੍ਰਿਤਸਰ ਦੇ ਆਲੇ ਦੁਆਲੇ ਦਾ ਹੈ। ਮਾਝੀ ਨੂੰ ਜੇ ਲਹਿੰਦੀ ਦਾ ਸੋਧਿਆ ਰੂਪ ਕਿਹਾ ਜਾਏ ਤਾਂ ਅਯੋਗ ਨਹੀਂ ਹੋਵੇਗਾ ਜਿਵੇਂ ਪਿਉ, ਘਿਉ, ਪੁਤ੍ਰ, ਭਾਊ ਆਦਿ ਕਈ ਸ਼ਬਦ ਇਕੋ ਤਰ੍ਹਾਂ ਵਰਤੇ ਜਾਂਦੇ ਹਨ। ਹਾਂ ਕ੍ਰਿਆ ਰੂਪ ਵਿਚ ਚੋਖੀ ਤਬਦੀਲੀ ਆਈ ਹੈ ਜਿਵੇਂ 'ਮਰੇਂਦਾ' ਦੀ ਥਾਂ 'ਮਾਰਦਾ' ਅਤੇ 'ਜਾਸਾਂ' ਦੀ ਥਾਂ 'ਜਾਵਾਂਗਾ', 'ਆਵਾਂਗਾ' ਵਰਤਦੇ ਹਨ। ਅੱਜਕਲ੍ਹ ਪੰਜਾਬੀ ਦੀਆਂ ਲਗਭਗ ਸਭ ਪੁਸਤਕਾਂ ਵਿਚ ਇਹੀ ਉਪਭਾਸ਼ਾ ਵਰਤੀ ਜਾਂਦੀ ਹੈ। ਫਿਰ ਦੀ 'ਆਰਾਮ' ਨੂੰ 'ਰਮਨ', 'ਪੰਚ' ਨੂੰ 'ਪੈਂਚ','ਸਿੰਘ' ਨੂੰ 'ਸਿੰਹਾਂ' ਆਦਿ ਇਸ ਦੇ ਖ਼ਾਸ ਇਲਾਕਾਈ ਭੇਦ ਹਨ। ਮੁਲਤਾਨੀ ਤੋਂ ਬਾਅਦ ਇਸ ਨੂੰ ਪੰਜਾਬ ਦੀ ਸਭ ਤੋਂ ਪੁਰਾਤਨ ਉਪਭਾਸ਼ਾ ਮੰਨਿਆ ਜਾਂਦਾ ਹੈ। ਪੁਰਾਤਨ ਪੁਸਤਕਾਂ ਵਿਚ ਇਸ ਦਾ ਨਾਂ ਲਾਹੌਰੀ ਵੀ ਦਿੱਤਾ ਹੈ।

1.1.2 ਦੁਆਬੀ : ਕੇਂਦਰੀ ਪੰਜਾਬ ਦੇ ਪੂਰਬ ਵੱਲ ਦੁਆਬਾ ਹੈ। ਦੁਆਬੇ ਦੇ ਅਰਥ ਹਨ 'ਦੋ ਪਾਣੀ' ਅਤੇ 'ਦੁਆਬਾ' ਦਾ ਅਰਥ ਹੈ ਦੋ ਦਰਿਆਵਾਂ ਦੇ ਵਿਚਕਾਰ ਦਾ ਇਲਾਕਾ। ਉਂਜ ਤਾਂ ਪੰਜਾਬ ਵਿਚ ਪੰਜ ਦੁਆਬੇ ਹਨ ਪਰ ਸਤਲੁਜ ਤੇ ਬਿਆਸ ਦੇ ਵਿਚਕਾਰ ਦਾ ਇਲਾਕਾ ਖ਼ਾਸ 'ਦੁਆਬੇ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦੀ ਬੋਲੀ ਨੂੰ ਦੁਆਬੀ ਕਹਿੰਦੇ ਹਨ। ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਦੇ ਜ਼ਿਲ੍ਹੇ ਇਸ ਵਿਚ ਆਉਂਦੇ ਹਨ। ਦੁਆਬਾ ਨਿਵਾਸੀ ਉਂਜ ਤਾਂ ਕੇਂਦਰੀ ਬੋਲੀ ਹੀ ਬੋਲਦੇ ਹਨ ਪਰ 'ਵ' ਦੀ ਥਾਂ 'ਬ', 'ਸ਼' ਦੀ ਥਾਂ 'ਛ' ਜਾਂ 'ਬ' ਦੀ ਥਾਂ 'ਵ' ਵਰਤ ਕੇ ਇਹ ਬੋਲੀ ਦਾ ਰੰਗ ਰੂਪ ਬਦਲ ਦਿੰਦੇ ਹਨ ਜਿਵੇਂ 'ਵਾਹਿਗੁਰੂ' ਨੂੰ 'ਬਾਹਗੁਰੂ', 'ਬੰਡ' ਤੇ 'ਵਟ' ਨੂੰ 'ਬਟ' ਬੋਲਣਗੇ। ਇਸੇ ਤਰ੍ਹਾਂ 'ਬਰਮਾ' ਨੂੰ 'ਵਰਮਾ' ਅਤੇ 'ਬੜੀ ਖੁਸ਼ੀ' ਅਤੇ 'ਬ੍ਰਿਸ਼ਭਾਨ' ਨੂੰ 'ਬ੍ਰਿਛਭਾਨ' ਬਣਾ ਦੇਣਗੇ। ਕੇਂਦਰੀ ਤੇ ਦੁਆਬੀ ਉਪਭਾਸ਼ਾਵਾਂ ਹੁਣ ਤੇਜ਼ੀ ਨਾਲ ਇਕ-ਮਿਕ ਹੋ ਰਹੀਆਂ ਹਨ।

1.1.3 ਮਲਵਈ : ਦੁਆਬੀ ਨਾਲ ਮਿਲਦੀ ਜੁਲਦੀ ਇਹ ਉਪਭਾਸ਼ਾ ਸਤਲੁਜ ਪਾਰ ਦੀ ਬੋਲੀ ਹੈ। ਫ਼ੀਰੋਜ਼ਪੁਰਾ, ਫਰੀਦਕੋਟ, ਲੁਧਿਆਣਾ, ਪਟਿਆਲਾ, ਬਠਿੰਡਾ ਦੇ ਪੂਰੇ ਜ਼ਿਲ੍ਹੇ ਅਤੇ ਸੰਗਰੂਰ ਦਾ ਚੋਖਾ ਇਲਾਕਾ ਇਸ ਵਿਚ ਸ਼ਾਮਲ ਹੈ। 'ਵ' ਤੇ 'ਬ' ਦੀ ਵਰਤੋਂ ਇੱਥੇ ਵੀ ਵਰਤੋਂ ਇੱਥੇ ਵੀ ਦੁਆਬੇ ਜਿਹੀ ਹੈ। ਕੁਝ ਹੋਰ ਵੱਖਰੇਵੇਂ ਇਸ ਤਰ੍ਹਾਂ ਹਨ। 'ਤੁਹਾਨੂੰ' ਦੀ ਥਾਂ 'ਥੁਆਨੂੰ', 'ਤੁਹਾਡੀ' ਦੀ ਥਾਂ 'ਥੋਡੀ' ਬੋਲਦੇ ਹਨ। ਇਸ ਤਰ੍ਹਾਂ ਜਿੱਥੇ '' ਜਾਂ 'ਈਂ' ਦੀ ਆਵਾਜ਼ ਹੋਵੇ ਉੱਥੇ 'ਮ' ਬੋਲਦੇ ਹਨ ਜਿਵੇਂ 'ਲਿਆਵਾਂ' ਨੂੰ 'ਲਿਆਮਾ' ਜਾਂ 'ਤੀਵੀਂ' ਨੂੰ 'ਤੀਮੀ' ਤੇ ਭਾਈ ਨੂੰ ਬਾਈ। ਇਸੇ ਤਰ੍ਹਾਂ 'ਕਿਵੇ ਕਰੀਏ' ਨੂੰ 'ਕਿਕਰ ਕਰਾਂ' ਬੋਲਣਗੇ। ਬਠਿੰਡੇ ਦੇ ਇਰਦ ਗਿਰਦ ਦੀ ਬੋਲੀ ਨੂੰ 'ਭਟਿਆਣੀ' ਵੀ ਕਹਿੰਦੇ ਹਨ।

1.1.4 ਡੋਗਰੀ : ਡੂਗਰ ਦ ਅਰਬ ਹੈ 'ਪਹਾੜ'। ਇਹ ਬੋਲੀ ਪੰਜਾਬ ਦੇ ਨਾਲ ਦੇ ਪਹਾੜੀ ਇਲਾਕਿਆਂ ਵਿਚ ਵਰਤੀ ਜਾਂਦੀ ਹੈ। ਕੁਲੂ, ਕਾਂਗੜਾ, ਸ਼ਿਮਲਾ, ਜੰਮੂ ਤੇ ਸਿਆਲਕੋਟ ਦੇ ਪਹਾੜੀ ਇਲਾਕੇ ਇਸ ਦੇ ਘੇਰੇ ਵਿਚ ਆਉਂਦੇ ਹਨ। ਇਹ ਪੋਠੋਹਾਰੀ ਨਾਲ ਮੇਲ ਖਾਂਦੀ ਹੈ। 'ਮਿਘੀ','ਤੁਘੀ' ਇੱਥੇ ਵੀ ਵਰਤਦੇ ਹਨ। ਕ੍ਰਿਆ ਵਿਚ 'ਦੇ' ਦੀ ਵਰਤੋਂ ਵਾਧੂ ਕਰਦੇ ਹਨ ਜਿਵੇਂ 'ਗਏ ਨੇ' ਨੂੰ 'ਗਏ ਦੇ ਨੇ'। 'ਸੀ' ਜਾਂ 'ਸਾ' ਦੀ ਥਾਂ 'ਥ' ਵਰਤਦੇ ਹਨ ਜਿਵੇਂ

'ਕਹਿ ਛਡਿਆ ਸੀ' ਨੂੰ 'ਗਲਾਈ ਛੋੜਿਆ ਥਾ' ਬੋਲਣਗੇ। 'ਏ' ਦੀ ਵਰਤੋਂ ਆਮ ਕਰਦੇ ਹਨ ਜਿਵੇਂ 'ਸੋਹੀਏ ਬਾਪੂਏ ਦੀ'।

ਜਾਂਗਲੀ ਜਾਂ ਬਾਰੇ ਦੀ ਬੋਲੀ : ਕੇਂਦਰੀ ਇਲਾਕੇ ਨਾਲ ਪੱਛਮ ਵਲ ਲਗਦਾ ਇਲਾਕਾ ਬਾਰ ਦਾ ਹੈ। ਇਹ ਬਾਰ ਸ਼ੇਖੂਪਰੇ ਤੋਂ ਲੈ ਕੇ ਖ਼ਾਨੇਵਾਲ ਤੱਕ ਅਤੇ ਰਾਵੀ ਤੋਂ ਲੈ ਕੇ ਜਿਹਲਮ ਤਕ ਪਸਰੀ ਹੋਈ ਹੈ। ਇਸ ਸਾਰੇ ਇਲਾਕੇ ਦੀ ਝਾਂਗੀ ਕਹਿੰਦੇ ਹਨ। ਸ਼ੇਖੂਪੁਰੇ ਦਾ ਅੱਧਾ ਜ਼ਿਲ੍ਹਾਂ, ਮਿੰਟਗੁਮਰੀ, ਲਾਇਲਪੁਰ ਤੇ ਝੰਗ ਦੇ ਸਾਰੇ ਜ਼ਿਲ੍ਹੇ, ਮੁਲਤਾਨ ਦੀਆਂ ਤਿੰਨ ਤਹਿਸੀਲਾਂ, ਖ਼ਾਨੇਵਾਲ, ਕਬੀਰਵਾਲਾ ਤੇ ਮੈਲਸੀ ਵਿਹਾੜੀ ਅਤੇ ਜ਼ਿਲ੍ਹਾਂ ਸ਼ਾਹਪੁਰ (ਹੁਣ ਸਰਗੋਧਾ) ਦਾ ਬਹੁਤ ਸਾਰਾ ਇਲਾਕਾ ਇਸ ਵਿਚ ਸ਼ਾਮਲ ਹਨ। 'ਹਿੱਕ', 'ਵੰਞਣਾ' ਤੇ 'ਮਰੇਸ' ਆਦਿ ਬੋਲ ਇਸ ਦੇ ਪੋਠੋਹਾਰੀ ਨਾਲ ਮਿਲਦੇ ਹਨ ਅਤੇ 'ਧਾਵਣਾ', 'ਧਾਤਾ', 'ਭਾਹ', ਤੇ 'ਚੌਡਸ' ਆਦਿ ਮੁਲਤਾਨੀ ਨਾਲ। ਪਰ ਇਸ ਵਿਚ 'ਮੈਂਡਾ' 'ਤੈਂਡਾ' ਦੀ ਥਾਂ 'ਮੇਰਾ' 'ਤੇਰਾ' ਹੀ ਵਰਤਦੇ ਹਨ। ਝੰਗ ਦੇ ਸ਼ਹਿਰੀ ਲੋਕ, 'ਮੈਰਾ' 'ਤੈਰਾ' ਬੋਲਦੇ ਹਨ ਤੇ ਇਹੀ ਉਨ੍ਹਾਂ ਦੀ ਪਛਾਣ ਹੈ। ਇਹ ਉਪਬੋਲੀ ਕੇਂਦਰੀ ਨਾਲ ਚੋਖਾ ਮੇਲ ਖਾਂਦੀ ਹੈ। ਇਸ ਦੀ ਖ਼ਾਸ ਨਿਸ਼ਾਨੀ ਇਹ ਹੈ ਕਿ ਇਸ ਵਿਚ ਟਿਪੀ (ੰ) ਦੀ ਥਾਂ ਅਧਕ (ੱ) ਦੀ ਵਰਤੋਂ ਜ਼ਿਆਦਾ ਕੀਤੀ ਜਾਂਦੀ ਹੈ ਜਿਵੇਂ 'ਕੰਧ' ਨੂੰ, 'ਕੱਧ' 'ਕੰਘੀ' ਨੂੰ 'ਕੱਘੀ', 'ਸੱਘ' ਨੂੰ 'ਸੰਘ' ਤੇ 'ਚੁੰਘਣਾ' ਨੂੰ 'ਚੁੱਘਣਾ' ਕਹਿਣਗੇ। ਬਹੁਤ ਸਾਰੀਆਂ ਥਾਂਵਾਂ ਤੇ ਜਾਂ ਤੇ (ਿ) ਉਡਾ ਹੀ ਦਿੱਤੀ ਜਾਂਦੀ ਹੈ, ਨਹੀਂ ਤੇ ਇਸ ਦੀ ਥਾਂ (ਾ) ਵਰਤਿਆ ਜਾਂਦਾ ਹੈ ਜਿਵੇਂ ਸ਼ਹਿਰ ਨੂੰ 'ਸ਼ਾਹਰ' ਤੇ 'ਗਹਿਣਾ' ਨੂੰ 'ਗਾਹਣਾ', 'ਰਹਿੰਦੇ' ਨੂੰ 'ਰਾਹੰਦੇ' ਤੇ 'ਲਾਹਿੰਦਾ' ਨੂੰ 'ਲਾਹੰਦਾ' ਬੋਲਿਆ ਜਾਂਦਾ ਹੈ। 'ਸੀ' ਦੀ ਥਾਂ 'ਆਹਾ', 'ਆਹੀ' ਜਾਂ 'ਹਾਈ' ਵਰਤਦੇ ਹਨ, ਜਿਵੇਂ 'ਇਕ ਦਿਲ ਆਹਾ ਸੋ ਰਾਂਝਣ ਲੀਤਾ ਖੇੜਿਆਂ ਨੂੰ ਕੇ ਦੇਸੀ' (ਹੀਰ ਦਮੋਦਰ)। ਇਸ ਦੇ ਲੋਕ ਗੀਤਾਂ ਵਿਚ ਉਤਮ ਸਾਹਿੱਤ ਲੁਕਿਆ ਪਿਆ ਹੈ। ਦਮੋਦਰ ਨੇ ਆਪਣੇ ਕਿੱਸਾ 'ਹੀਰ' ਵਿਚ ਪ੍ਰਮੁੱਖ ਰੂਪ ਵਿਚ ਇਹੀ ਬੋਲੀ ਵਰਤੀ ਹੈ। ਜਿਹਲਮ ਦੇ ਪਾਰਲੇ ਇਲਾਕੇ ਤੇ ਖ਼ੁਸ਼ਾਬ ਦੀ ਬੋਲੀ ਨੂੰ ਬਲੋਚੀ ਕਹਿੰਦੇ ਹਨ,ਇਹ ਜਾਂਗਲੀ ਉਪਭਾਖਾ ਦਾ ਛੋਟਾ ਰੂਪ ਹੈ। ਇਸ ਤਰ੍ਹਾਂ ਜ਼ਿਲ੍ਹਾ ਮੀਆਂਵਾਲੀ ਦੀ ਬੋਲੀ ਨੂੰ ਆਵਾਣਕਾਰੀ ਕਹਿੰਦੇ ਹਨ। ਇਹ ਪੋਠੋਹਾਰੀ ਤੇ ਜਾਂਗਲੀ ਬੋਲੀ ਦੀ ਮਿਸ਼ਰਿਤ ਹੈ। ਹੀਰ ਦਮੋਦਰ ਜਾਂਗਲੀ ਭਾਖਾ ਦਾ ਸਫਲ ਨਮੂਨਾ ਹੈ।

1.1.5 ਮੁਲਤਾਨੀ : ਪੁਰਾਤਨ ਪੰਜਾਬ ਦਾ ਬਹੁਤ ਸਾਹਿੱਤ ਮੁਲਤਾਨੀ ਵਿਚ ਪ੍ਰਾਪਤ ਹੈ। ਮੁਲਤਾਨੀ ਜ਼ਿਲ੍ਹਾ ਮੁਲਤਾਨ ਦੀਆਂ ਤਹਿਸੀਲਾਂ ਮੁਲਤਾਨ, ਸੁਜਾਬਾਦ ਤੇ ਲੋਧਰਾਂ ਅਤੇ ਮੁਜ਼ੱਫਰਗੜ੍ਹ ਦੇ ਜ਼ਿਲ੍ਹੇ ਵਿਚ ਬੋਲੀ ਜਾਂਦੀ ਹੈ। ਬਹਾਵਲਪੁਰ ਦੀ ਬੋਲੀ ਬਹੁਤੀ ਮੁਲਤਾਨੀ ਹੈ ਭਾਵੇਂ ਉਸ ਪੁਰ ਪੇਤਲਾ ਜਿਹਾ ਸਿੰਧੀ ਦਾ ਅਸਰ ਵੀ ਹੈ। ਕਈ ਇਸ ਨੂੰ 'ਸਰਾਇਕੀ' ਵੀ ਕਹਿੰਦੇ ਹਨ। ਇਸੇ ਤਰ੍ਹਾਂ ਡੇਰਾ ਗਾਜ਼ੀਖਾਨ ਦੀ ਬੋਲੀ ਵੀ ਮੁਲਤਾਨੀ ਹੀ ਕਹੀ ਜਾ ਸਕਦੀ ਹੈ ਭਾਵੇਂ ਇਸ ਨੂੰ ਡੇਰਾ ਜਾਤੀ ਕਹਿਕੇ ਵੱਖ ਕਰਨ ਦਾ ਯਤਨ ਕੀਤਾ ਗਿਆ ਹੈ। ਕ੍ਰਿਆ ਦਾ ਭਵਿੱਖ ਰੂਪ ਬਾਰ ਦੀ ਬੋਲੀ ਵਾਲਾ ਹੀ ਹੈ, ਭਾਵ 'ਜਾਸੀ' 'ਖਾਸੀ' 'ਰਹਿਸੀ' ਆਦਿ, ਪਰ ਭੂਤ ਵਿਚ 'ਆਹਾ' ਦੀ ਥਾਂ 'ਹਾਈ' ਸੁਣਿਆ ਜਾਏਗਾ। ਇਸੇ ਤਰ੍ਹਾਂ 'ਚਲਣਾ' ਨੂੰ 'ਜੁਲਣਾ', ਅਤੇ 'ਮੈਂਡਾ' 'ਤੈਂਡਾ', 'ਘਿੰਨ''ਵੰਞ' ਆਦਿ ਇਸ ਦੀ ਪਛਾਣ ਦੇ ਪ੍ਰਸਿੱਧ ਬੋਲ ਹਨ।

1.1.6 ਪੋਠੋਹਾਰੀ : ਇਹ ਬੋਲੀ ਰਾਵਲਪਿੰਡੀ, ਕੈਂਬਲਪੁਰ (ਅਟਕ), ਜਿਹਲਮ ਦੀ ਸੁਹਾਂ ਨਦੀ ਦੇ ਆਰ ਪਾਰ ਦੇ ਜੰਮੂ ਕਸ਼ਮੀਰ ਦੇ ਨਾਲ ਲਗਦੇ ਇਲਾਕੇ ਮੀਰਪੁਰ ਵਿਚ ਬੋਲੀ ਜਾਂਦੀ ਹੈ। ਪੁਰਾਣੇ ਸਮਿਆਂ ਵਿਚ ਇਹ ਇਲਾਕਾ ਵਿੱਦਿਆ ਦਾ ਕੇਂਦਰ ਰਿਹਾ ਹੈ। ਟੈਕਸਲਾ ਇੱਥੇ ਹੀ ਸਥਾਪਿਤ ਸੀ। ਵਿਚੋਂ ਕੁਝ ਸਮਾਂ ਪਛੜਿਆ ਰਹਿ ਕੇ ਨਵੀਨ ਯੁੱਗ ਵਿਚ ਇਸ ਇਲਾਕੇ ਨੇ ਚੋਖੇ ਸਾਹਿੱਤਕਾਰਾਂ ਨੂੰ ਜਨਮ ਦਿੱਤਾ ਹੈ। 'ਮੈਂਡਾ', 'ਤੈਂਡਾ' ਤੇ 'ਘਿਨ', 'ਵੰਞ' ਦੇ ਬੋਲ ਇਸ ਦੇ ਮੁਲਤਾਨੀ ਉਪਭਾਖਾ ਨਾਲ ਮਿਲਦੇ ਜੁਲਦੇ ਹਨ। ਇਸ ਉਪਬੋਲੀ ਵਿਚ 'ਮਿਘੀ', 'ਤੁਘੀ' ਦੇ ਨਾਲ (ੇ) ਦੀ ਥਾਂ (ੈ) ਦੀ ਵਧੇਰੇ ਵਰਤੋਂ ਹੁੰਦੀ ਹੈ ਜਿਵੇਂ 'ਕਿਸਕੈ', 'ਕੈ ਪਿਆ ਕਰੇਨੈ' ਆਦਿ। ਇਸ ਤਰ੍ਹਾਂ 'ਕਿਥੇ' ਨੂੰ 'ਕੁਥੇ' ਅਤੇ 'ਸਾਡੇ' ਦੀ ਥਾਂ 'ਅਸਾਂ ਨੇ' ਬੋਲਦੇ ਹਨ। 'ਏ' ਦੀ ਥਾਂ 'ਹ' ਅੱਖਰ ਦੀ ਵਰਤੋਂ ਵੀ ਆਮ ਕੀਤੀ ਜਾਦੀ ਹੈ, ਜਿਵੇਂ 'ਇਸ' ਦੀ ਥਾਂ 'ਹਿਸ' ਤੇ 'ਇਹ' ਦੀ ਥਾਂ 'ਹਿਹ'। ਮੋਹਨ ਸਿੰਘ ਦਾ ਗੀਤ 'ਹਿਕ ਢੋਕ ਸਾੜ੍ਹੀ ਦਰ ਅੱਛ ਢੋਲਾ' ਇਸ ਉਪਭਾਖਾ ਦਾ ਚੰਗਾ ਨਮੂਨਾ ਹੈ।

1.1.7 ਪੁਆਧੀ : ਦਰਿਆ ਘੱਗਰ ਦੇ ਇਰਦ ਗਿਰਦ ਅੰਬਾਲਾ, ਪਟਿਆਲਾ ਤੇ ਸਰਸਾ-ਫ਼ਤਹਆਬਾਦ ਦੇ ਕੁਝ ਇਲਾਕੇ ਦੀ ਬੋਲੀ ਨੂੰ ਪੁਆਧੀ ਕਹਿੰਦੇ ਹਨ। ਇਹ ਮਲਵਈ ਨਾਲ ਚੋਖੀ ਮਿਲਦੀ ਹੈ। ਇਥੇ 'ਸਾਨੂੰ' ਦੀ ਥਾਂ 'ਹਮਾਨੂੰ','ਵਿਚ' ਦੀ ਥਾਂ 'ਬਿਚ ਮਾ' ਤੇ 'ਹੁਣ' ਨੂੰ 'ਇਬ' ਬੋਲਦੇ ਹਨ। 'ਆਇਆ ਸੀ' ਦੀ ਥਾਂ 'ਆਇਆ ਤੀ' ਅਤੇ 'ਗਿਆ ਸੀ' ਦੀ ਥਾਂ 'ਗਿਆ ਤੀ' ਬੋਲਦੇ ਹਨ।

ਪੁਆਧੀ ਤੋਂ ਅੱਗੇ ਬਾਂਗਰੂ ਬੋਲੀ ਆ ਜਾਂਦੀ ਹੈ। ਇਸ ਲਈ ਬਾਂਗਰੂ ਦਾ ਅਸਰ ਵੀ ਥੋੜ੍ਹਾ ਬਹੁਤ ਪੁਆਧੀ ਪੁਰ ਪੈਂਦਾ ਹੈ। ਕਰਨਾਲ ਤੇ ਰੋਹਤਕ ਦੀ ਬੋਲੀ ਬਾਂਗਰੂ ਹੈ ਜਦ ਕਿ ਸਰਸਾ, ਹਿਸਾਰ, ਹਨੂਮਾਨਗੜ੍ਹ (ਬੀਕਾਨੇਰ) ਦੀ ਭਟਿਆਣੀ। ਇਨ੍ਹਾਂ ਦੋਹਾਂ ਬੋਲੀਆਂ ਪੁਰ ਹਿੰਦੀ ਦਾ ਅਸਰ ਜ਼ਰੂਰ ਹੈ ਪਰ ਇਨ੍ਹਾਂ ਦੀ ਰੂਹ ਪੰਜਾਬੀ ਹੀ ਹੈ। ਇੱਥੇ 'ਅਸੀ ਇਹ ਨਹੀਂ ਹੋਣ ਦਿਆਂਗੇ' ਨੂੰ 'ਹਮ ਯਹ ਨਹੀਂ ਹੋਣ ਦੇਂ' ਬੋਲਣਗੇ। 'ਕਿਥੇ ਜਾਂਦੇ ਹੋ' ਨੂੰ 'ਕੱਠੇ ਜਾਉ ਸੋ' ਬੋਲਣਗੇ।

1.1.8 ਪੋਠੋਹਾਰੀ, ਮੁਲਤਾਨੀ ਤੇ ਝਾਂਗੀ - ਤਿੰਨਾਂ ਉਪਬੋਲੀਆਂ ਨੂੰ ਮਿਲਾ ਕੇ ਲਹਿੰਦੀ ਜਾਂ ਲਹਿੰਦਾ ਦਾ ਨਾਂ ਵੀ ਦਿੱਤਾ ਜਾਂਦਾ ਹੈ। ਇਨ੍ਹਾਂ ਤਿੰਨਾਂ ਦੀ ਸ਼ਬਦਾਵਾਲੀ ਕਾਫ਼ੀ ਸਾਂਝੀ ਹੈ ਅਤੇ ਕ੍ਰਿਆ ਰੂਪ ਜਿਵੇਂ 'ਜਾਸੀ','ਖਾਸੀ' 'ਵੰਞਣਾ', ਆਦਿ ਅਤੇ ਲਾਂ (ੇ) ਦੀ ਵਾਧੂ ਵਰਤੋਂ ਜਿਵੇਂ 'ਕਰੇਂਦਾ', ਮਰੇਂਦਾ', ਆਦਿ ਇਕੋ ਜਿਹੇ ਵਰਤੇ ਜਾਂਦੇ ਹਨ। ਇਹ ਤਿੰਨੇ ਉਪਬੋਲੀਆਂ ਗੁਟ ਹਨ ਅਤੇ ਸੰਸਕ੍ਰਿਤ ਦੇ ਸਭ ਤੋਂ ਵੱਧ ਨੇੜੇ। 'ਇਕ ਦੀ ਥਾਂ' 'ਹਿਕ' ਵੀ ਇਸ ਸਾਰੇ ਇਲਾਕੇ ਵਿਚ ਇਕੋ ਜਿਹਾ ਵਰਤਿਆ ਜਾਂਦਾ ਹੈ।

ਉਨ੍ਹੀਵੀਂ ਸਦੀ ਈ. ਦੇ ਅੰਤ ਤਕ ਇਨ੍ਹਾਂ ਇਲਾਕਿਆਂ ਦੇ ਸਾਹਿੱਤਕਾਰ ਆਪਣੀਆਂ ਰਚਨਾਵਾਂ ਵਿਚ ਆਪਣੀ ਆਪਣੀ ਉਪਭਾਖਾ ਦੀ ਚੋਖੀ ਵਰਤੋਂ ਕਰਦੇ ਰਹੇ ਹਨ। ਪਰ ਵੀਹਵੀਂ ਸਦੀ ਈ. ਦੇ ਆਰੰਭ ਵਿਚ ਪੰਜਾਬੀ ਸਾਹਿੱਤ ਵਿਚ ਨਵੇਂ ਮੋੜ ਆਉਣ ਨਾਲ ਲਗਭਗ ਸਾਰੇ ਸਾਹਿੱਤਕਾਰ ਕੇਂਦਰੀ ਬੋਲੀ ਦੀ ਵਰਤੋਂ ਹੀ ਕਰਨ ਲਗ ਪਏ। ਉਨ੍ਹਾਂ ਦੀਆਂ ਰਚਨਾਵਾਂ ਵਿਚ ਸਥਾਨਕ ਭਾਖਾ ਦਾ ਪ੍ਰਭਾਵ ਨਾ ਮਾਤਰ ਹੀ ਰਹਿ ਗਿਆ ਹੈ।-ਪ੍ਰਿੰ. ਗੁਰਦਿਤ ਸਿੰਘ ਪ੍ਰੇਮੀ

1.2 ਪੰਜਾਬੀ ਦੀਆਂ ਉਪ-ਭਾਸ਼ਾਵਾਂ : ਜਾਣ-ਪਛਾਣ, ਖੇਤਰ ਅਤੇ ਵਿਸ਼ੇਸ਼ਤਾਵਾਂ

ਪੰਜਾਬੀ ਇੱਕ ਇੰਡੋ-ਆਰੀਅਨ ਭਾਸ਼ਾ ਹੈ ਜੋ ਕਿ ਇਤਹਾਸਿਕ ਪੰਜਾਬ ਇਲਾਕੇ ਦੇ ਵਸਨੀਕਾਂ ਦੁਆਰਾ ਬੋਲੀ ਜਾਂਦੀ ਹੈ (ਭਾਰਤ ਅਤੇ ਪਾਕਿਸਤਾਨ)। ਪੰਜਾਬੀ, ਹਿੰਦੀ ਅਤੇ ਬੰਗਾਲੀ ਤੋਂ ਬਾਅਦ, ਦੱਖਣੀ ਏਸ਼ੀਆ ਵਿੱਚ ਤੀਜੀ ਸਭ ਤੋਂ ਜ਼ਿਆਦਾ ਬੋਲੀ ਜਾਣ ਵਾਲੀ ਭਾਸ਼ਾ ਹੈ। ਪੰਜਾਬੀ ਵਰਤਮਾਨ ਸਮੇਂ ਇੰਗਲੈਂਡ ਵਿੱਚ ਦੂਜੀ ਸਭ ਤੋਂ ਜ਼ਿਆਦਾ ਬੋਲੀ ਜਾਣ ਵਾਲੀ ਭਾਸ਼ਾ ਅਤੇ ਕੈਨੇਡਾ ਵਿੱਚ ਤੀਜੀ ਸਭ ਤੋਂ ਜ਼ਿਆਦਾ ਬੋਲੀ ਜਾਣ ਵਾਲੀ ਭਾਸ਼ਾ ਹੈ।

ਸ਼ਬਦ ਪੰਜਾਬੀ, ਸ਼ਬਦ ਪੰਜਾਬ ਦੇ ਵਿੱਚੋਂ ਕੱਢਿਆ ਗਿਆ ਹੈ, ਜਿਸ ਦਾ ਪਰਸੀਅਨ ਵਿੱਚ ਅਰਥ ਹੈ "ਪੰਜ ਨਦੀਆਂ", "ਪੰਜ-ਆਬ", ਪੰਜ ਸੰਸਕ੍ਰਿਤੀ ਦੇ ਵਿੱਚੋਂ ਵੀ ਕੱਢਿਆ ਗਿਆ ਹੈ, ਜਿਸ ਦਾ ਅਰਥ ਹੈ "ਪੰਚ" ਅਰਥਾਤ "ਪੰਜ" ਜੋ ਕਿ ਇੰਦੂਸ ਨਦੀ ਦੀਆਂ ਪੰਜ ਵੱਡੀਆਂ ਪੂਰਬੀ ਨਦੀਆਂ ਦਾ ਹਵਾਲਾ ਦਿੰਦਾ ਹੈ। ਇੱਥੇ ਪੰਜਾਬੀ ਲਿਖਣ ਦੇ ਤਿੰਨ ਢੰਗ ਹਨ – ਗੁਰਮੁਖੀ, ਸ਼ਾਹਮੁਖੀ, ਅਤੇ ਦੇਵਨਾਗਰੀ। ਸ਼ਬਦ ਗੁਰਮੁਖੀ ਦਾ ਅਨੁਵਾਦ "ਗੁਰੂ ਦੇ ਮੂੰਹ ਤੋਂ" ਕਰਕੇ ਕੀਤਾ ਗਿਆ ਹੈ, ਸ਼ਾਹਮੁਖੀ ਦਾ ਅਰਥ, "ਰਾਜੇ ਦੇ ਮੂੰਹ ਤੋਂ" ਅਤੇ ਦੇਵਨਾਗਰੀ ਦਾ ਅਨੁਵਾਦ ਆਮ ਤੋਰ ਤੇ "ਈਸ਼ਵਰੀ ਚਾਨਣ ਨੂੰ ਸਮਾਉਣ ਵਾਲੇ" ਕਰਕੇ ਕੀਤਾ ਗਿਆ ਹੈ।

ਆਦਰਸ਼ ਉਪਭਾਸ਼ਾ

ਮਾਝੀ ਇਸ ਦੇ ਲਿਖਤੀ ਆਦਰਸ਼ ਦੇ ਕਾਰਣ ਪੰਜਾਬ ਦੀ ਗੌਰਵਸ਼ਾਲੀ ਭਾਸ਼ਾ ਹੈ। ਇਹ ਪੰਜਾਬ ਦੇ ਦਿਲ, ਮਾਝੇ ਦੇ ਇਤਹਾਸਿਕ ਇਲਾਕਿਆਂ ਜਿਨ੍ਹਾਂ ਦਾ ਵਿਸਤਾਰ, ਲਾਹੌਰ, ਸ਼ੇਖੂਪੁਰਾ, ਕਸੂਰ, ਓਕਾਰਾ, ਨਨਕਾਨਾ ਸਾਹਿਬ, ਫੈਸਲਾਬਾਦ, ਗੁਜਰਾਂਵਾਲਾ, ਵਜ਼ੀਰਾਬਾਦ, ਸਿਆਲਕੋਟ, ਨਰੋਵਾਲ, ਗੁਜਰਾਤ, ਪਾਕਪਟਨ, ਹਫੀਜ਼ਬਾਦ, ਮੰਡੀ ਬਹੁਦੀਆਂ ਵਿੱਚ ਸੀ, ਪਾਕਿਸਤਾਨ ਪੰਜਾਬ ਦੇ ਇਲਾਕੇ ਦੇ ਇਨ੍ਹਾਂ ਜਿਲ੍ਹਿਆਂ ਵਿੱਚ ਅਤੇ ਪਾਕਿਸਤਾਨ ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਬੋਲੀ ਜਾਂਦੀ ਹੈ। ਭਾਰਤ ਵਿੱਚ, ਪੰਜਾਬ ਦੇ ਅੰਮ੍ਰਿਤਸਰ,ਤਰਨਤਾਰਨ ਸਾਹਿਬ, ਗੁਰਦਾਸਪੁਰ, ਪੰਜਾਬ ਦੇ ਵੱਡੀ ਜਨਸੰਖਿਆ ਵਾਲੇ ਵੱਡੇ ਸ਼ਹਿਰਾਂ ਅਤੇ ਹਰਿਆਣਾ, ਦਿੱਲੀ, ਅਤੇ ਮੁੰਬਈ ਵਿੱਚ ਬੋਲੀ ਜਾਂਦੀ ਹੈ।

ਪੂਰਬੀ ਪੰਜਾਬੀ ਉਪਭਾਸ਼ਾ

ਇਹ ਉਪਭਾਸ਼ਾਵਾਂ ਮੁੱਖ ਤੋਰ ਤੇ ਭਾਰਤੀ ਪੰਜਾਬ ਵਿੱਚ ਬੋਲੀਆਂ ਜਾਂਦੀਆਂ ਹਨ:

ਮਲਵਈ – (ਲੁਧਿਆਣਾ, ਅੰਬਾਲਾ, ਬਠਿੰਡਾ, ਗੰਗਾਨਗਰ, ਮਲੇਰਕੋਟਲਾ, ਫਾਜ਼ਿਲਕਾ, ਫਿਰੋਜ਼ਪੁਰ, ਉੱਤਰੀ ਹਰਿਆਣਾ, ਹਿਸਾਰ, ਸਿਰਸਾ ਅਤੇ ਕੁਰੂਕਸ਼ੇਤਰ)

ਪੁਆਧੀ – (ਖਰੜ, ਕੁਰਾਲੀ, ਨੂਰਪੁਰਬੇਦੀ, ਮੋਰਿੰਡਾ, ਪਾਇਲ, ਰਾਜਪੁਰਾ, ਸਮਰਾਲਾ, ਪਿੰਜ਼ੋਰ, ਕਾਲਕਾ, ਇਸਮਾਇਲਾਬਾਦ, ਅਤੇ ਫਤਿਆਬਾਦ ਜ਼ਿਲ੍ਹੇ ਵਿੱਚ ਪੇਹਵਾ ਤੋਂ ਬਾਂਗਰ ਤੱਕ)

ਭਾਰਤੀ ਪੰਜਾਬ ਵਿੱਚ ਹੋਰ ਬੋਲੀਆਂ ਜਾਣ ਵਾਲਿਆਂ ਉਪਭਾਸ਼ਾਵਾਂ ਹਨ : ਬਿਟਾਨੀ, ਬਿਲਾਸਪੁਰੀ, ਬਾਘੜੀ, ਕਾਂਗੜੀ ਅਤੇ ਚੰਬੇਲੀ

ਦੋਆਬੀ – (ਜ਼ਿਲ੍ਹਾ ਜਲੰਧਰ ਅਤੇ ਹੁਸ਼ਿਆਰਪੁਰ)

ਪੋਠੋਹਾਰੀ – ਜਿਹਲਮ ਤੋਂ ਪਾਰ ਦੇ ਇਲਾਕੇ (ਪੋਠੋਹਾਰ) ਦੀ ਬੋਲੀ।

ਲਹਿੰਦੀ ਜਾਂ ਮੁਲਤਾਨੀ – ਝੰਗ, ਮੁਲਤਾਨ, ਮਿੰਟਗੁਮਰੀ ਆਦਿ ਦੀ ਬੋਲੀ।

ਮਾਝੀ – ਮਾਝੇ ਦੇ ਇਲਾਕੇ (ਲਾਹੌਰ, ਅਮ੍ਰਿਤਸਰ ਆਦਿ) ਦੀ ਬੋਲੀ। ਇਸ ਉਪ-ਭਾਸ਼ਾ ਨੂੰ ਟਕਸਾਲੀ ਪੰਜਾਬੀ ਦਾ ਆਧਾਰ ਮੰਨਿਆ ਗਿਆ ਹੈ।

ਦੁਆਬੀ – ਦੁਆਬੇ (ਜਲੰਧਰ, ਹੁਸ਼ਿਆਰਪੁਰ, ਕਪੂਰਥਲੇ ਆਦਿ) ਦੀ ਬੋਲੀ।

ਡੋਗਰੀ ਜਾਂ ਪਹਾੜੀ – ਕਾਂਗੜੇ, ਜੰਮੂ ਆਦਿ ਇਲਾਕੇ ਦੀ ਬੋਲੀ।

ਪੰਜਾਬੀ ਭਾਸ਼ਾ ਦੀ ਵਿਸ਼ੇਸ਼ਤਾ ਇਸਦੇ ਉਪਭਾਸ਼ਾਈ ਖੇਤਰਾਂ ਵਿੱਚ ਬੋਲੀਆਂ ਜਾਂਦੀਆਂ ਉਪਬੋਲੀਆਂ ਵਿੱਚ ਵੀ ਹੈ। ਪੰਜਾਬੀ ਭਾਸ਼ਾ ਦੀ ਕੇਂਦਰੀ (ਟਕਸਾਲੀ) ਬੋਲੀ ਮਾਝੀ ਦੇ ਨੇੜੇ ਹੈ। ਇਹ ਬੋਲੀ ਵਿਸ਼ੇਸ਼ ਰੂਪ ਵਿਚ ਮਾਝੇ ਦੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਬਾਕੀ ਉਪਭਾਸ਼ਾਈ ਖੇਤਰਾਂ ਵਿੱਚ ਮਲਵਈ, ਪੋਠੋਹਾਰੀ, ਦੁਆਬੀ, ਪੁਆਧੀ ਆਦਿ ਉਪਬੋਲੀਆਂ ਵਰਤੀਆਂ ਜਾਂਦੀਆਂ ਹਨ। ਉਪਭਾਸ਼ਾਈ ਵਖਰੇਵਿਆਂ ਦੇ ਬਾਵਜੂਦ ਇਹਨਾਂ ਵਿੱਚ ਸਮਾਨਤਾ ਇਹ ਹੈ ਕਿ ਇਹ ਪੰਜਾਬੀ ਭਾਸ਼ਾ ਦੀਆਂ ਹੀ ਲੜੀਆਂ ਹਨ। ਡਾ. ਹਰਕੀਰਤ ਸਿੰਘ (1947 : 1980) ਅਤੇ ਹੋਰ ਕਈ ਭਾਸ਼ਾ ਵਿਗਿਆਨੀਆਂ ਨੇ ਪੰਜਾਬੀ ਭਾਸ਼ਾ ਦੀਆਂ ਤਿੰਨ ਉਪਭਾਸ਼ਾਵਾਂ ਮੰਨੀਆਂ ਹਨ। ਜਿਵੇਂ :

(1) ਪੂਰਬੀ ਪੰਜਾਬੀ (2) ਪੱਛਮੀ ਪੰਜਾਬੀ (3) ਪਹਾੜੀ ਪੰਜਾਬੀ

ਇਹਨਾਂ ਉਪਭਾਸ਼ਾਵਾਂ ਦੀ ਅੱਗੋਂ ਵੰਡ ਕਰਕੇ ਹੇਠ ਲਿਖੀਆਂ ਉਪਬੋਲੀਆਂ ਸਥਾਪਿਤ ਕੀਤੀਆਂ ਗਈਆਂ ਹਨ:

(1) ਪੂਰਬੀ ਪੰਜਾਬੀ – ਮਾਝੀ, ਦੁਆਬੀ, ਮਲਵਈ ਅਤੇ ਪੁਆਧੀ

(2) ਪੱਛਮੀ ਪੰਜਾਬੀ – ਲਹਿੰਦੀ, ਮੁਲਤਾਨੀ, ਪੋਠੋਹਾਰੀ ਤੇ ਹਿੰਦਕੋ

(3) ਪਹਾੜੀ ਪੰਜਾਬੀ – ਡੋਗਰੀ, ਜੰਮੂਅਲੀ, ਕਾਂਗੜੀ ਅਤੇ ਭਟਿਆਣੀ (ਦੱਖਣੀ ਪੱਛਮੀ ਚੰਬੇ ਦੀ)

ਭਲਿਆਟੀ ਵਖਰੇਵਾਂ ਭਾਸ਼ਾ ਦਾ ਇੱਕ ਗੁਣ ਨਹੀਂ, ਸਗੋਂ ਪਰਿਭਾਸ਼ਕ ਲੱਛਣ ਹੈ। ਭਾਸ਼ਾ ਵਖਰੇਵਾਂ ਭਾਸ਼ਾ ਦਾ ਬਾਹਰੀ ਨਹੀਂ, ਅੰਦਰੂਨੀ ਲੱਛਣ ਹੈ। ਇਹ ਭਾਸ਼ਾ ਦੇ ਸਮਾਜਿਕ ਵਖਰੇਵੇਂ ਵਿੱਚ ਹੀ ਆਉਂਦਾ ਹੈ। ਉਪਭਾਸ਼ਾ ਭਾਸ਼ਾ ਦੇ ਖੇਤਰੀ ਵਖਰੇਵੇਂ ਦੇ ਆਧਾਰ ’ਤੇ ਸਥਾਪਿਤ ਭਾਸ਼ਾ ਵੰਨਗੀ ਹੈ। ਬਹੁਤ ਸਾਰੇ ਵਿਦਵਾਨਾਂ ਵੱਲੋਂ ਉਪਭਾਸ਼ਾ ਨੂੰ ਭਾਸ਼ਾ ਦਾ ਵਿਗੜਿਆ ਰੂਪ ਮੰਨਿਆ ਗਿਆ। ਪਰ ਇਹ ਅਵਿਗਿਆਨਕ ਧਾਰਨਾਵਾਂ ਹਨ ਸਗੋਂ ਉਪਭਾਸ਼ਾ ਭਾਸ਼ਾ ਦਾ ਹੀ ਇੱਕ ਅਜਿਹਾ ਰੂਪ ਹੁੰਦਾ ਹੈ ਜੋ ਆਪਣੇ ਭਾਸ਼ਾਈ ਲੱਛਣਾਂ ਕਰਕੇ ਉਸ ਭਾਸ਼ਾ ਦੇ ਇੱਕ ਵਿਸ਼ੇਸ਼ ਖੇਤਰ ਦੀ ਪ੍ਰਤੀਨਿਧਤਾ ਕਰਦਾ ਹੈ। ਸੋ ਸਾਰੀਆਂ ਉਪਬੋਲੀਆਂ ਦੇ ਆਪਣੇ ਵਿਸ਼ੇਸ਼ ਖੇਤਰ ਤੇ ਵਿਆਕਰਨਕ ਨੇਮ ਹੁੰਦੇ ਹੋਏ ਵੀ ਉਹ ਉਸ ਭਾਸ਼ਾ ਦਾ ਹੀ ਇੱਕ ਅੰਗ ਵੀ ਹੁੰਦੀਆਂ ਹਨ। ਜਿਵੇਂ Tree Theory, Wave Theory ਅਤੇ ਪਨੀਰੀ ਸਿਧਾਂਤ ਵੀ ਇਸੇ ਗੱਲ ਵੱਲ ਇਸ਼ਾਰਾ ਹੈ।

ਇਹਨਾਂ ਉਪਭਾਸ਼ਾਈ ਲੱਛਣਾਂ ਨੂੰ ਨਿਮਨਲਿਖਤ ਅਨੁਸਾਰ ਦਰਸਾਇਆ ਜਾ ਸਕਦਾ ਹੈ:

1. ਮਾਝੀ ਉਪਭਾਸ਼ਾ ਨੂੰ ਛੱਡ ਕੇ, ਕਿਸੇ ਵੀ ਦੂਸਰੀ ਉਪਭਾਸ਼ਾ ਵਿੱਚ ਸ੍ਵਰ ਧੁਨੀ ਸ਼ਬਦ ਦੀ ਮੁੱਢਲੀ ਸਥਿਤੀ ਵਿੱਚ

ਨੀਵੀਂ ਸੁਰ ਨਾਲ ਉਚਾਰੀ ਨਹੀਂ ਜਾਂਦੀ, ਜਿਵੇਂ :

ਹਾਰ /ਆ ਰੇ/

ਹੋਰ /ਓ ਰ/

ਹਾਣੀ /ਆ ਣ ਈ/

ਹਲ / ਅ ਲ/

2. 'ਸ' ਧੁਨੀ ਦਾ 'ਹ' ਵਿੱਚ ਪਰਿਵਰਤਨ ਮਾਝੀ ਉਪਭਾਸ਼ਾ ਦੀ ਖ਼ਾਸ ਵਿਸ਼ੇਸ਼ਤਾ ਹੈ:

ਸਾਡਾ ਹਾਡਾ

ਸਾਰਾ ਹਾਰਾ

ਪੈਸਾ ਪੈਹਾ

ਪਸ਼ੂ ਪਹੂ

3. 'ਬ' ਅਤੇ 'ਵ' ਧੁਨੀਆਂ ਦੀ ਬਦਲਵੇਂ ਰੂਪ ਵਿੱਚ ਵਰਤੋਂ ਦੁਆਬੀ ਉਪਭਾਸ਼ਾ ਦੀ ਖ਼ਾਸ ਵਿਸ਼ੇਸ਼ਤਾ ਹੈ। ਪਹਿਲੇ ਦਬਾ-ਯੁਕਤ ਉਚਾਰ-ਖੰਡ ਵਿੱਚ ਬ ਦੀ ਵਰਤੋਂ ਵ ਦੇ ਮੁਕਾਬਲੇ ' ਤੇ ਵਧੇਰੇ ਹੁੰਦੀ ਹੈ:

ਵਾਰੀ ਬਾਰੀ

ਵਹੁਟੀ ਬਹੁਟੀ

ਵੀਰ ਬੀਰ

ਵੰਡ ਬੰਡ

ਵਗਦਾ ਬਗਦਾ

4. ਮਲਵਈ ਅਤੇ ਕਈ ਹਾਲਤਾਂ ਵਿੱਚ ਮਾਝੀ ਵਿੱਚ ਦੀਰਘ ਸੂਰ ਨਾਸਕੀ ਸੂਰਾਂ ਵਿੱਚ ਉਚਾਰੇ ਜਾਂਦੇ ਹਨ:

ਪੂਛ ਪੂੰਛ

ਊਠ ਊਂਠ

ਸ਼ੌਕ ਸ਼ੌਂਕ

ਜਾਏਗਾ ਜਾਊਂਗਾ

5. ਪੰਜਾਬੀ ਦੀਆਂ ਤਕਰੀਬਨ ਸਾਰੀਆਂ ਹੀ ਉਪਭਾਸ਼ਾਵਾਂ ਵਿੱਚ ਸ਼ਬਦ ਦੀ ਅਖੀਰਲੀ ਸਥਿਤੀ ਵਿੱਚ ਹ ਧੁਨੀ ਉਚੀ ਸੁਰ ਵਿੱਚ ਉਚਾਰੀ ਜਾਂਦੀ ਹੈ, ਪਰੰਤੂ ਮਾਝੀ ਉਪਭਾਸ਼ਾ ਵਿੱਚ ਉਹਨਾਂ ਸ਼ਬਦਾਂ ਵਿੱਚ ਜਿਥੇ ਅਖੀਰਲੀ ਤੇ ਵਿਚਕਾਰਲੀ ਸ ਧੁਨੀ ਹ ਵਿੱਚ ਬਦਲ ਗਈ ਹੈ, ਹ ਧੁਨੀ ਦਾ ਉਚਾਰਨ ਵਿਅੰਜਨ ਵਾਲਾ ਹੀ ਹੁੰਦਾ ਹੈ:

ਕੱਸ ਕਹ

ਦਸ ਦਹ

ਪੈਸੇ ਪੈਹੇ

ਪਸ਼ੂ ਪਹੂ

6. ਪੰਜਾਬੀ ਦੀਆਂ ਸਾਰੀਆਂ ਹੀ ਉਪਭਾਸ਼ਾਵਾਂ ਵਿੱਚ ਲ਼+ਲ਼ ਦਾ ਜੁੱਟ ਵਿਅੰਜਨ ਉਚਾਰਨਾ ਸੰਭਵ ਨਹੀਂ ਹੈ। ਦੁਆਬੀ

ਉਪਭਾਸ਼ਾ ਵਿੱਚ ਰਲ ਦਾ ਵਿਅੰਜਨ ਗੁੱਛਾ /ਲ਼ ਲ਼/ ਦੇ ਜੁੱਟ ਵਿਅੰਜਨ ਵਿੱਚ ਬਦਲ ਜਾਂਦਾ ਹੈ:

ਵਿਰਲਾ /ਵ ਇ ਲ਼ ਲ਼ ਆ/

ਮਰਲਾ /ਮ ਅ ਲ਼ ਲ਼ ਆ/

7. ਉਪਭਾਸ਼ਾ ਪੁਆਧੀ ਵਿੱਚ ਟਕਸਾਲੀ ਭਾਸ਼ਾ ਦੀਆਂ ਭੂਤਕਾਲੀ ਸਹਾਇਕ ਕਿਰਿਆਵਾਂ ਸੀ, ਸਨ, ਤੀ, ਤੇ, ਤੀਆਂ ਵਿੱਚ ਬਦਲ ਜਾਂਦੀਆਂ ਹਨ।

ਭਾਸ਼ਾ ਸਿਸਟਮਾਂ ਦਾ ਸਿਸਟਮ ਹੁੰਦੀ ਹੈ। ਪੰਜਾਬੀ ਭਾਸ਼ਾ ਦੀ ਵਿਸ਼ੇਸ਼ਤਾ ਇਸ ਦੀ ਵਾਕ ਬਣਤਰ ਕਰਤਾ+ਕਰਮ+ਕਿਰਿਆ ਵਿੱਚ ਹੈ। ਕਿਸੇ ਭਾਸ਼ਾ ਦਾ ਸਿਸਟਮਬੱਧ ਹੋਣ ਦਾ ਭਾਵ ਉਸ ਭਾਸ਼ਾ ਦੇ ਵਕਤਾ ਅਤੇ ਸਰੋਤਿਆਂ ਦੇ ਸੰਚਾਰ ਦੀ ਸਮਝ ਨਾਲ ਵੀ ਜੁੜਿਆ ਹੋਣਾ ਹੈ। ਕਿਉਂਕਿ ਇੱਕ ਭਾਸ਼ਾ ਦੇ ਭਾਸ਼ਾਈ ਕੋਡ ਸਾਂਝੇ ਹੁੰਦੇ ਹਨ। ਜਿਸ ਰਾਹੀਂ ਅਰਥ ਸੰਚਾਰ ਹੁੰਦਾ ਹੈ। ਪੰਜਾਬੀ ਭਾਸ਼ਾ ਦੀ ਲਿਪੀ ਗੁਰਮੁਖੀ ਹੈ। ਪੰਜਾਬੀ ਭਾਸ਼ਾ ਦੀ ਧੁਨੀਆਤਮਕ, ਸੰਰਚਨਾਤਮਕ, ਭਾਸ਼ਾਈ ਬਣਤਰ ਦੇ ਅਹਿਮ ਪੱਖ ਉਭਰਕੇ ਸਾਹਮਣੇ ਆਉਂਦੇ ਹਨ। ਗੁਰਮੁਖੀ ਲਿਖਤ ਵਿੱਚ ਅੱਖਰ-ਕ੍ਰਮ ਅਨੁਸਾਰ ਇਹ ਇਕਾਈਆਂ ਸ਼ਾਮਲ ਹਨ :

1. ਸਵਰ ਵਾਹਕ : ੳ ਅ ੲ =3

2. ਲਗਾਂ-ਮਾਤਰਾ : ਆ ਇ ਈ ਉ ਊ ਓ ਔ ਏ ਐ =9

3. ਵਰਨ : ਸ ਹ

ਕ	ਖ	ਗ	ਘ	ਙ	
ਚ	ਛ	ਜ	ਝ	ਞ	
ਟ	ਠ	ਡ	ਢ	ਣ	
ਤ	ਥ	ਦ	ਧ	ਨ	
ਪ	ਫ	ਬ	ਭ	ਮ	
ਯ	ਰ	ਲ	ਵ	ੜ	=32

4. ਪੈਰ ' ਚ ਬਿੰਦੀ ਵਾਲੇ ਵਰਨ : ਸ਼ ਖ਼ ਗ਼ ਜ਼ ਲ਼ ਫ਼ =6

5. ਪੈਰ ' ਚ ਪੈਣ ਵਾਲੇ ਵਰਨ :

ਹ (Q)–ਪੜ੍ਹਾਈ

ਰ (q) –ਪ੍ਰੇਰਨਾ

ਵ (_) –ਸ੍ਵੈ-ਜੀਵਨੀ =3

6. ਸਹਾਇਕ ਚਿੰਨ੍ਹ :

ਬਿੰਦੀ (K)

ਟਿੱਪੀ (z)

ਅੱਧਕ (Z)–3

ਕੁੱਲ ਚਿੰਨ੍ਹ =56

ਪੰਜਾਬੀ ਭਾਸ਼ਾ ਦੀ ਵਿਸ਼ੇਸ਼ਤਾ ਦਾ ਇੱਕ ਪੱਖ ਇਸਦੀ ਪ੍ਰਕ੍ਰਿਤੀ ਦਾ ਵਿਜੋਗਾਤਮਕ ਤੇ ਸੰਜੋਗਾਤਮਕ ਹੋਣਾ ਹੈ। ਜਿਸਦਾ ਪਤਾ ਸਾਨੂੰ ਉਪਭਾਸ਼ਾਈ ਖੇਤਰਾਂ ਦੀ ਬੋਲ-ਚਾਲ ਦੇ ਨਿਯਮਾਂ ਤੋਂ ਹੁੰਦਾ ਹੈ:

ਮਲਵਈ	ਮਾਝੀ
ਉਸ ਨੇ ਕਿਹਾ	ਉਸ ਕਿਹਾ
ਰਾਤ ਨੂੰ ਸੁੱਤਾ	ਰਾਤੀਂ ਸੁੱਤਾ
ਸਕੂਲ ਨੂੰ ਗਿਆ	ਸਕੂਲੇ ਗਿਆ
ਕੋਠੇ ਤੋਂ ਡਿੱਗਾ	ਕੋਠਿਓ ਡਿੱਗਾ

ਉਪਭਾਸ਼ਾ ਮਾਝੀ (ਖ਼ਾਸ ਖੇਤਰ ਅੰਮ੍ਰਿਤਸਰ, ਗੁਰਦਾਸਪੁਰ, ਬਟਾਲਾ) ਵਿੱਚ ਮਲਵਈ (ਪਟਿਆਲਾ, ਬਠਿੰਡਾ, ਫ਼ਰੀਦਕੋਟ, ਮੁਕਤਸਰ, ਅਬੋਹਰ) ਨਾਲੋਂ ਸੰਜੋਗਾਤਮਕਤਾ ਹੈ।

ਪੰਜਾਬੀ ਭਾਸ਼ਾ ਦੀਆਂ ਧੁਨੀਆਤਮਕ ਵਿਸ਼ੇਸ਼ਤਾ ਵਿੱਚ ਉਚਾਰਨ ਅੰਗ (ਜੀਭ, ਫੇਫੜੇ, ਹੋਂਠ, ਕਾਂ, ਮੂੰਹ-ਪੋਲ, ਕੰਧ ਮਾਰਗ, ਆਦਿ) ਅਤੇ ਉਚਾਰਨ ਵਿਧੀਆਂ (ਅਘੋਸ਼, ਸਘੋਸ਼, ਅਲਪਪ੍ਰਾਣ, ਮਹਾਂਪ੍ਰਾਣ) ਦਾ ਮਹੱਤਵਪੂਰਨ ਸਥਾਨ ਹੈ। ਉਚਾਰਨ ਅੰਗ ਤੋਂ ਭਾਵ ਹੈ ਕੋਈ ਧੁਨੀ ਸਰੀਰ ਦੇ ਕਿਹੜੇ ਅੰਗ ਤੋਂ ਉਚਾਰੀ ਜਾਂਦੀ ਹੈ ਅਤੇ ਉਚਾਰਨ ਵਿਧੀਆਂ ਤੋਂ ਭਾਵ ਹੈ ਉਸ ਧੁਨੀ ਨੂੰ ਉਚਾਰਨ ਸਮੇਂ ਸਾਹ ਦੀ ਮਿਕਦਾਰ ਘੱਟ ਸੀ ਜਾਂ ਵੱਧ ਸੀ।

ਪੰਜਾਬੀ ਵਿੱਚ ਸ੍ਵਰਾਂ ਦੇ ਉਚਾਰਨ ਦੀ ਆਪਣੀ ਵਿਸ਼ੇਸ਼ਤਾ ਹੈ। ਜਿਵੇਂ ਸਾਰੀਆਂ ਸੁਰਾਂ, ਸ੍ਵਰਾਂ ਨਾਲ ਹੀ ਲਗਾਈਆਂ ਜਾਂਦੀਆਂ ਹਨ। ਸ੍ਵਰ ਸਵਾਧੀਨ ਹੁੰਦੇ ਹਨ, ਜੋ ਇਕੱਲੇ ਕਹਿਰੇ ਉਚਾਰੇ ਜਾ ਸਕਦੇ ਹਨ। ਪੰਜਾਬੀ ਵਿੱਚ ਤਿੰਨ ਸ੍ਵਰ ਵਾਹਕ (ੳ ਅ ੲ) ਹਨ, ਜਿਨ੍ਹਾਂ ਦੇ ਆਧਾਰ ’ਤੇ 10 ਸ੍ਵਰ ਧੁਨੀਆਂ (ਅ, ਆ, ਇ, ਈ, ਉ, ਊ, ਏ, ਐ, ਓ, ਔ) ਉਚਾਰੀਆਂ ਜਾਂਦੀਆਂ ਹਨ।

ਗੁਰਮੁਖੀ ਆਰਥੋਗਰਾਫ਼ੀ

1.1 ਗੁਰਮੁਖੀ ਆਰਥੋਗਰਾਫ਼ੀ
1.2 ਆਰਥੋਗਰਾਫ਼ੀ ਦੇ ਤੱਤ
1.3 ਖਾਕਾ, ਤਰਕੀਬਾਂ, ਲਿਪੀ, ਵਿਰਾਮ ਚਿੰਨ੍ਹ, ਸ਼ਬਦ ਜੋੜ
1.4 ਗੁਰਮੁਖੀ ਅੱਖਰਾਂ ਤੇ ਲਗਾਂ ਮਾਤਰਾਂ ਦੀ ਵਰਤੋ ਦੇ ਨੇਮ
1.5 ਮਾਤਰਾ ਅਤੇ ਮਾਤਰਾ-ਵਾਹਕ
1.6 ਪੰਜਾਬੀ ਸੁਰ ਅਤੇ ਗੁਰਮੁਖੀ, ਬਿੰਦੀ, ਟਿੱਪੀ ਤੇ ਅੱਧਕ
1.7 ਪੰਜਾਬੀ ਸ਼ਬਦ-ਜੋੜ

1.1 ਗੁਰਮੁਖੀ ਆਰਥੋਗਰਾਫ਼ੀ

ਲਿਖਣ ਦੇ ਢੰਗ ਨੂੰ ਆਰਥੋਗਰਾਫੀ ਕਿਹਾ ਜਾਂਦਾ ਹੈ। ਲਿਪੀ, ਆਰਥੋਗਰਾਫੀ ਦਾ ਇਕ ਭਾਗ ਹੈ। ਲਿਪੀ ਨੂੰ ਆਰਥੋਗਰਾਫੀ ਨਹੀਂ ਕਿਹਾ ਜਾ ਸਕਦਾ। ਗੁਰਮੁਖੀ ਆਰਥੋਗਰਾਫੀ ਬਾਰੇ ਹਰਜੀਤ ਸਿੰਘ ਗਿੱਲ ਅਤੇ ਹੈਨਰੀ ਏ ਗਲੀਸ਼ਨ (1969) ਨੇ 'ਏ ਰੈਫਰੈਂਸ ਗਰਾਮਰ ਆਫ਼ ਪੰਜਾਬੀ' ਵਿਚ ਵਿਸਥਾਰ ਸਹਿਤ ਚਰਚਾ ਕੀਤੀ ਹੈ। ਸਮਾਜ ਭਾਸ਼ਾ ਵਿਗਿਆਨਕ ਪਰਕਾਰਜਾਂ ਦੇ ਅਧਾਰ ਤੇ ਜੈਨ ਮਾਊਂਟਫੋਰਡ ਨੇ ਇਸ ਪਰਨਾਲੀ ਨੂੰ ਆਰਥੋਗਰਾਫੀ ਸਟੈਨੋਗਰਾਫੀ, ਕ੍ਰਿਪਟੋਗਰਾਫੀ, ਰੇਡੀਓਗਰਾਫੀ, ਟੈਕਨੋਗਰਾਫੀ ਅਤੇ ਮਸ਼ੀਨੋਗਰਾਫੀ ਆਦਿ ਵਿਚ ਵੰਡਿਆ ਹੈ। ਵੈਨਜਕੀ ਅਤੇ ਵੈਲਿਸ ਨੇ ਇਸ ਘੇਰੇ ਵਿਚ ਵਿਸਥਾਰ ਕੀਤਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲਿਖਣ ਪ੍ਰਬੰਧ ਵਿਚ ਲਿਪੀ ਨੂੰ ਇਕ ਵੱਡੇ ਭਾਗ ਦੇ ਤੌਰ 'ਤੇ ਵਿਚਾਰਿਆ ਜਾਂਦਾ ਹੈ। ਅਜੋਕੇ ਸਮੇਂ ਵਿਚ **ਆਰਥੋਗਰਾਫ਼ੀ** ਦਾ ਹੋਰ ਵੀ ਮਹੱਤਵ ਹੈ ਕਿਉਂਕਿ ਕੰਪਿਊਟਰ ਦੇ ਆਉਣ ਨਾਲ ਅਤੇ ਵਿਗਿਆਨ ਦੇ ਹੋਰਨਾਂ ਵਿਸ਼ਿਆਂ ਵਿਚ ਹੋਏ ਵਿਸਥਾਰ ਨਾਲ ਇਸ ਦੀ ਵਰਤੋਂ ਦੀਆਂ ਸੰਭਾਵਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਇਸ ਤੋਂ ਤੁਰੰਤ ਬਾਅਦ, ਇਸਦਾ ਵਿਕਾਸ ਖ਼ਾਸ ਤੌਰ ਤੇ ਉੱਤਰੀ ਭਾਰਤ ਵਿਚ ਹੋਇਆ। ਹਰ ਇਕ ਅੱਖਰ ਨੂੰ ਸੁੰਦਰ ਗੋਲਾਈ ਦੇ ਕੇ ਅਤੇ ਹਰ ਇਕ ਅੱਖਰ ਦੇ ਉੱਪਰ ਛੋਟੀ ਲਾਈਨ ਲਾ ਕੇ ਸੁੰਦਰ ਸਜਾਵਟੀ ਬਣਾਇਆ ਗਿਆ। ਭਾਰਤੀ ਲਿਪੀ ਦੀ ਇਹ ਅਵਸਥਾ 'ਕੁਟਿਲ' ਵਜੋਂ ਜਾਣੀ ਜਾਂਦੀ ਸੀ, ਜਿਸ ਤੋਂ ਭਾਵ ਮੁੜੀ ਹੋਈ ਸੀ। ਕੁਟਿਕ ਵਜੋਂ ਸਿੱਧਮਾਤ੍ਰਿਕਾ ਉਤਪੰਨ ਹੋਈ ਜਿਸਦੀ ਉੱਤਰੀ ਭਾਰਤ ਵਿਚ ਬਹੁਤ ਵੱਡੇ ਪੱਧਰ ਤੇ ਵਰਤੋਂ ਕੀਤੀ ਜਾਂਦੀ ਸੀ। ਕੁਝ ਵਿਦਵਾਨ ਸੋਚਦੇ ਹਨ ਕਿ ਇਹ ਦੋਵੇਂ ਲਿਪੀਆਂ ਨਾਲੋਂ ਨਾਲ ਹੋਂਦ ਵਿਚ ਸਨ। ਛੇਵੀਂ ਸਦੀ ਤੋਂ ਲੈ ਕੇ ਨੌਂਵੀਂ ਸਦੀ ਤਕ , ਸਿੱਧਮਾਤ੍ਰਿਕਾ ਦੀ ਕਸ਼ਮੀਰ ਤੋਂ ਵਾਰਾਣਸੀ ਤਕ ਬਹੁਤ ਵੱਡੇ ਪੈਮਾਨੇ ਤੇ ਵਰਤੋਂ ਕੀਤੀ ਜਾਂਦੀ ਸੀ। ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੀ ਜਗ੍ਹਾ ਲੈਣੀ ਸ਼ੁਰੂ ਕਰਨ ਵਾਲੀਆਂ ਪ੍ਰਾਦੇਸ਼ਿਕ ਭਾਸ਼ਾਵਾਂ ਦੇ ਉੱਭਾਰ ਨਾਲ ਪ੍ਰਾਦੇਸ਼ਿਕ ਲਿਪੀਆਂ ਦੀ ਗਿਣਤੀ ਬਹੁਤ ਵਧ ਗਈ ਸੀ। ਅਰਧਨਾਗਰੀ (ਪੱਛਮ), ਸ਼ਾਰਦਾ (ਕਸ਼ਮੀਰ) ਅਤੇ ਨਾਗਰੀ (ਦਿੱਲੀ ਤੋਂ ਪਰੇ) ਵਰਤੋਂ ਵਿਚ ਆਈਆਂ ਅਤੇ ਬਾਅਦ ਵਿਚ ਨਾਗਰੀ ਦੀਆਂ ਪ੍ਰਮੁਖ ਸ਼ਾਖ਼ਾਵਾਂ ਦੋਵੇਂ ਸ਼ਾਰਦਾ ਅਤੇ ਦੇਵਨਾਗਰੀ ਨੇ ਪੰਜ

ਦਰਿਆਵਾਂ ਦੀ ਧਰਤੀ ਤੇ ਆਪਣਾ ਬੋਲਬਾਲਾ ਸ਼ੁਰੂ ਕਰ ਦਿੱਤਾ। ਇਸਦਾ ਸਬੂਤ ਗ਼ਜ਼ਨਵੀ ਅਤੇ ਗੌਰੀ ਦੇ ਸਿੱਕਿਆਂ ਤੋਂ ਮਿਲਦਾ ਹੈ ਜੋ ਲਾਹੌਰ ਅਤੇ ਦਿੱਲੀਵਿਖੇ ਬਣਾਏ ਗਏ ਸਨ। ਇਹ ਵੀ ਮੰਨਿਆ ਜਾਂਦਾ ਹੈ ਕਿ ਆਮ (ਗ਼ੈਰ-ਬ੍ਰਾਹਮਣ ਅਤੇ ਗ਼ੈਰ- ਸਰਕਾਰੀ) ਵਿਅਕਤੀ ਆਪਣੇ ਵਿਹਾਰਿਕ ਅਤੇ ਵਪਾਰਿਕ ਲੋੜਾਂ ਦੀ ਪੂਰਤੀ ਲਈ ਬਹੁਤ ਸਾਰੀਆਂ ਲਿਪੀਆਂ ਦੀ ਵਰਤੋਂ ਕਰਦੇ ਸਨ। ਇਹਨਾਂ ਵਿਚੋਂ ਲੰਡੇ ਅਤੇ ਟਾਕਰੇ ਦੇ ਅੱਖਰ ਬਹੁਤ ਪ੍ਰਚਲਿਤ ਸਨ।

ਇਹਨਾਂ ਪ੍ਰਚਲਿਤ ਪ੍ਰਵਿਰਤੀਆਂ ਦੇ ਕਾਰਨ ਵਿਦਵਾਨਾਂ ਨੇ ਗੁਰਮੁਖੀ ਲਿਪੀ ਦੇ ਦੇਵਨਾਗਰੀ (ਜੀ.ਐਚ.ਓਝਾ), ਅਰਧਨਾਗਰੀ (ਜੀ.ਬੀ.ਸਿੰਘ), ਸਿੱਧਮਾਤ੍ਰਿਕਾ (ਪ੍ਰੀਤਮ ਸਿੰਘ), ਸ਼ਾਰਦਾ (ਦਿਰਿੰਗਰ) ਅਤੇ ਆਮ ਕਰਕੇ ਬ੍ਰਹਮੀ ਨਾਲ ਸੰਬੰਧ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੁਝ ਇਸ ਲਿਪੀ ਨੂੰ ਲੰਡੇ ਨਾਲ ਸੰਬੰਧਿਤ ਕਰਦੇ ਹਨ ਅਤੇ ਕੁਝ ਹੋਰ ਇਸਨੂੰ ਸ਼ਾਰਦਾ ਦੀ ਸ਼ਾਖ਼ਾ ਅਤੇ ਚੰਬਾ ਅਤੇ ਕਾਂਗੜਾ ਵਿਚ ਵਰਤੀ ਜਾਂਦੀ ਲਿਪੀ ਟਾਕਰੀ ਨਾਲ ਸੰਬੰਧਿਤ ਕਰਦੇ ਹਨ। ਤੱਥ ਇਹ ਹੈ ਕਿ ਇਸ ਲਿਪੀ ਨੂੰ ਇਸ ਨਾਲ ਸੰਬੰਧਿਤ ਅਤੇ ਉੱਪਰ ਵਰਣਿਤ ਸਾਰੀਆਂ ਲਿਪੀਆਂ ਦੇ ਇਤਿਹਾਸਿਕ ਸੰਦਰਭ ਦੇ ਆਧਾਰ ਤੇ ਸਿਰਜਿਆ ਗਿਆ ਹੈ।

ਖੇਤਰੀ ਅਤੇ ਸਮਕਾਲੀ ਤੁਲਨਾ ਤੋਂ ਗੁਰਮੁਖੀ ਦੇ ਅੱਖਰਾਂ ਦੀ ਬਣਤਰ ਸਪਸ਼ਟ ਰੂਪ ਵਿਚ ਸੰਬੰਧਿਤ ਗੁਜਰਾਤੀ, ਲੰਡੇ, ਨਾਗਰੀ, ਸ਼ਾਰਦਾ ਅਤੇ ਟਾਕਰੀ ਨਾਲ ਮਿਲਦੀ ਹੈ: ਉਹ ਜਾਂ ਤਾਂ ਬਿਲਕੁਲ ਇਸ ਵਰਗੇ ਹਨ ਜਾਂ ਪੂਰਨ ਰੂਪ ਵਿਚ ਇਕ ਸਮਾਨ ਹਨ।

1.2 ਆਰਥੋਗਰਾਫ਼ੀ ਦੇ ਤੱਤ

1.3 ਖਾਕਾ ਅਤੇ ਤਰਕੀਬਾਂ

ਕਿਸੇ ਵੀ ਭਾਸ਼ਾਈ ਰੂਪ ਦੀ ਬਣਤਰ ਲਈ ਇੱਕ ਨਿਸ਼ਚਿਤ ਖਾਕਾ ਤਿਆਰ ਕੀਤਾ ਜਾਂਦਾ ਹੈ।ਜਿਸ ਨੂੰ ਅੱਗੇ ਵਰਤੋਂ ਲਈ ਤਰਕੀਬਾਂ ਵਿੱਚ ਵੰਡਿਆ ਜਾਂਦਾ ਹੈ। ਸੰਖਿਪਤ ਤਰਕੀਬਾਂ ਅਤੇ ਮੁੱਖ ਅੱਖਰੀ ਤਰਕੀਬਾਂ ਰਾਹੀਂ ਕਿਸੇ ਵੀ ਭਾਸ਼ਾਈ ਵਰਤਾਰੇ ਨੂੰ ਸੰਖੇਪ ਵਿਚ ਲਿਖਿਆ ਜਾ ਸਕਦਾ ਹੈ, ਜਿਨ੍ਹਾਂ ਨੂੰ ਐਬਰੀਵੇਸ਼ਨ ਦੇ ਨਾ ਨਾਲ ਜਾਇਆ ਜਾਂਦਾ ਹੈ। ਗੁਰਮੁਖੀ ਨੂੰ ਖੱਬੇ ਤੋਂ ਸੱਜੇ ਵੱਲ ਲਿਖਿਆ ਜਾਂਦਾ ਹੈ ਪਰ ਇਸ ਲਿਖਤ ਲਈ ਕੇਵਲ ਇਹ ਇਕੋ ਇਕ ਪੱਖ ਨਹੀਂ। ਅੱਖਰਾਂ ਦੇ ਉਪਰ ਲਿਖਣ ਲਈ ਲਾ ਦੂਲਾਂ, ਹੋੜਾ, ਕਨੌੜਾ, ਬਿੰਦੀ, ਟਿੱਪੀ ਅਤੇ ਅੱਧਕ ਦੀ ਵਰਤੋਂ ਕੀਤੀ ਜਾਂਦੀ ਹੈ। ਪੈਰ ਵਿਚ ਲਿਖਣ ਲਈ ਹ, ਰ, ਵ, ਔਕੜ, ਦੁਲੈਂਕੜ ਅਤੇ ਪੈਰ ਵਿਚ ਪੈਣ ਵਾਲੀਆਂ ਬਿੰਦੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਅੰਗਰੇਜ਼ੀ ਨੂੰ ਰੋਮਨ ਵਿਚ ਲਿਖਣ ਲਈ ਇਸ ਪਰਕਾਰ ਦੀਆਂ ਔਕੜਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਕਿਉਂਕਿ ਉਸ ਵਿਚ ਸਵਰਾਂ ਵਾਸਤੇ ਵੀ ਪੂਰਨ ਲਿਪੀ ਚਿੰਨ੍ਹ ਹਨ। ਇਸ ਤੋਂ ਇਲਾਵਾ ਸਿਹਾਰੀ ਨੂੰ ਅੱਖਰ ਦੇ ਖੱਬੇ ਪਾਸੇ ਅਤੇ ਔਕੜ ਤੇ ਦੁਲੈਂਕੜ ਨੂੰ ਅੱਖਰ ਦੇ ਪੈਰ ਵਿਚ ਲਿਖਿਆ ਜਾਂਦਾ ਹੈ।

ਲਿਪੀ

ਲਿਪੀ ਕਿਸੇ ਭਾਸ਼ਾ ਨੂੰ ਲਕੀਰਾਂ ਵਿੱਚ ਚਿਤਰਣ ਲਈ ਵੇਖਣ ਜਾਂ ਛੂਹਣ ਯੋਗ ਚਿੰਨ੍ਹਾਂ ਦਾ ਸਮੂਹ ਹੁੰਦਾ ਹੈ।ਦੂਜੇ ਸ਼ਬਦਾਂ ਵਿੱਚ, ਲਿਪੀ ਇਨਸਾਨ ਦੇ ਮੂੰਹ ਵਿਚੋਂ ਨਿਕਲੇ ਬੋਲਾਂ ਨੂੰ ਚਿਤਰਾਂ, ਲਕੀਰਾਂ, ਸੰਕੇਤਾਂ ਜਾਂ ਚਿੰਨ੍ਹਾਂ ਵਿੱਚ ਉਲੀਕਣ ਦਾ ਇੱਕ ਤਰੀਕਾ ਹੈ। ਜਿੱਥੇ ਭਾਸ਼ਾ ਭਾਵਾਂ ਦੀ ਪੁਸ਼ਾਕ ਹੈ, ਓਥੇ ਲਿਪੀ ਭਾਸ਼ਾ ਦੀ ਪੁਸ਼ਾਕ ਹੈ। ਲਿਪੀ ਭਾਵਾਂ, ਵਿਚਾਰਾਂ 'ਤੇ ਬੋਲਾਂ ਨੂੰ ਲਿਖਤੀ ਰੂਪ ਦੇ ਕੇ ਉਹਨਾਂ ਨੂੰ ਸਦੀਵੀਂ ਜਿਊਂਦੇ ਰਖਦੀ ਹੈ। ਇਸਨੇ ਇਨਸਾਨੀ ਸੱਭਿਅਤਾ ਦੀ ਉੱਨਤੀ ਵਿੱਚ ਭਾਰੀ ਹਿੱਸਾ ਪਾਇਆ ਹੈ।ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ।

ਵਿਰਾਮ ਚਿੰਨ੍ਹ

ਅਜੋਕੀ ਗੁਰਮੁਖੀ ਵਿਚ ਅੰਤਰਰਾਸ਼ਟਰੀ ਪੱਧਰ ਦੇ ਲਿਖਣ ਚਿੰਨ੍ਹਾਂ ਨੂੰ ਵਰਤਿਆ ਜਾਂਦਾ ਹੈ, ਜਿਨ੍ਹਾਂ ਵਿਚੋਂ ਪੂਰਨ ਵਿਸਰਾਮ ਲਈ ਡੰਡੀ (।) ਹੈ ਪਰ ਪੁਰਾਤਨ ਪੰਜਾਬੀ ਵਿਚ (।।) ਦੇ ਡੰਡੀਆਂ ਦੀ ਵਰਤੋਂ ਕੀਤੀ ਜਾਂਦੀ ਸੀ, ਇਸ ਤੋਂ ਇਲਾਵਾ ਕੌਮਾ, ਕੌਮਾਂ ਬਿੰਦੀ, ਕੋਲਨ, ਪੁੱਠ-ਕੰਮੇ, ਪ੍ਰਸ਼ਨ ਚਿੰਨ੍ਹ, ਵਿਸਮਕ ਚਿੰਨ੍ਹ, ਜੋੜਨੀ, ਰੈਕਟ, ਡੈਸ਼ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ।

ਸ਼ਬਦ ਜੋੜ

ਅੰਦਰੂਨੀ ਤੌਰ ਤੇ, ਗੁਰਮੁਖੀ ਦੇ ਅ,ਹ,ਚ,ਵ,ਡ, ਣ,ਨ,ਲ ਅੱਖਰਾਂ ਵਿਚ 1610 ਈ. ਤੋਂ ਪਹਿਲਾਂ ਸ਼ਬਦ-ਜੋੜ ਸੰਬੰਧੀ ਕੁਝ ਮਾਮੂਲੀ ਤਬਦੀਲੀਆਂ ਹੋਈਆਂ ਸਨ। ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਅੱਗੇ ਅ, ਹ ਅਤੇ ਲ ਦੇ ਸਰੂਪਾਂ ਵਿਚ ਤਬਦੀਲੀਆਂ ਆਈਆਂ ਸਨ। ਖਰੜੇ ਜਿਹੜੇ 18ਵੀਂ ਸਦੀ ਨਾਲ ਸੰਬੰਧਿਤ ਸਨ ਉਹਨਾਂ ਦੇ ਅੱਖਰਾਂ ਦੇ ਸਰੂਪ ਵਿਚ ਇਹਨਾਂ ਨਾਲੋਂ ਮਾਮੂਲੀ ਭਿੰਨਤਾ ਹੈ ਪਰੰਤੂ ਇਹਨਾਂ ਅੱਖਰਾਂ ਦਾ ਆਧੁਨਿਕ ਅਤੇ ਪੁਰਾਤਨ ਸਰੂਪ 17ਵੀਂ ਅਤੇ 18ਵੀਂ ਸਦੀ ਦੇ ਉਹਨਾਂ ਹੀ ਲੇਖਕਾਂ ਦੇ ਸ਼ਬਦ-ਜੋੜਾਂ ਨਾਲ ਮਿਲਦਾ ਹੈ। ਇਸ ਵਿਚ ਇਕ ਹੋਰ ਸੁਧਾਰ ਕੀਤਾ ਗਿਆ; ਪਹਿਲਾਂ ਇਕ ਰਲਗੱਡ ਇਕਾਈ ਦੇ ਰੂਪ ਮਿਲਣ ਵਾਲੀਆਂ ਵਾਕ ਦੀਆਂ ਕੋਸ਼ਗਤ ਇਕਾਈਆਂ ਦੀ ਅਲਿਹਦਗੀ ਕੀਤੀ ਗਈ। ਕਾਫ਼ੀ ਬਾਅਦ ਵਿਚ ਉਚਾਰਨ ਚਿੰਨ੍ਹਾਂ ਨੂੰ ਅੰਗਰੇਜ਼ੀ ਤੋਂ ਉਧਾਰੇ ਲੈ ਲਿਆ ਗਿਆ ਅਤੇ ਇਹਨਾਂ ਨੂੰ ਪੂਰਨ ਵਿਰਾਮ ਦੇ ਤੌਰ ਤੇ ਪਹਿਲਾਂ ਹੀ ਵਰਤਮਾਨ ਫ਼ੁਲ ਸਟਾਪ (।) ਦੇ ਨਾਲ ਹੀ ਅਪਨਾ ਲਿਆ ਗਿਆ।

1.4 ਗੁਰਮੁਖੀ ਅੱਖਰਾਂ ਤੇ ਲਗਾਂ ਮਾਤਰਾਂ ਦੀ ਵਰਤੋਂ ਦੇ ਨੇਮ

ਗੁਰਮੁਖੀ ਲਿਪੀ ਇਕ ਅਰਥ ਵਿਚ ਅਰਧ-ਅੱਖਰੀ ਹੈ ਜਿਵੇਂ 'ਅ' ਕੁਝ ਸਥਾਨਾਂ ਤੇ ਵਿਅੰਜਨ ਚਿੰਨ੍ਹਾਂ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ। ਇਹ 'ਅ' ਅੱਖਰ ਦੇ ਅੰਤ ਵਿਚ ਉਚਾਰਿਆ ਨਹੀਂ ਜਾਂਦਾ। ਜਿਵੇਂ ਕਿ ਕਲ ਅਤੇ ਰਾਮ; ਕ ਕਲ ਵਿਚ ਕ+ਅ ਦੀ ਪ੍ਰਤਿਨਿਧਤਾ ਕਰਦਾ ਹੈ, ਜਦੋਂ ਕਿ ਲ ਕੇਵਲ ਮੁਕਤਾ ਅੱਖਰ ਦੀ ਪ੍ਰਤਿਨਿਧਤਾ ਕਰਦਾ ਹੈ। ਹੋਰ

ਸਵਰ ਜੋ ਵਿਅੰਜਨ ਤੋਂ ਪਿੱਛੋਂ ਸਵਰ ਦੇ ਚਿੰਨ੍ਹ ਨਾਲ ਦਿਖਾਏ ਗਏ ਹਨ ਗੁਰਮੁਖੀ ਅੱਖਰਕ੍ਰਮ ਦੇ ਪਹਿਲੇ ਤਿੰਨ ਅੱਖਰ ਵੀ ਹਨ। ਇਹਨਾਂ ਵਿਚੋਂ ਪਹਿਲੇ ਅਤੇ ਤੀਸਰੇ ਅੱਖਰ ਨੂੰ ਸੁਤੰਤਰ ਢੰਗ ਨਾਲ ਨਹੀਂ ਵਰਤਿਆ ਜਾ ਸਕਦਾ। ਉਹਨਾਂ ਨਾਲ ਹਮੇਸ਼ਾਂ ਹੀ ਕੋਈ ਭੇਦ ਸੂਚਕ ਚਿੰਨ੍ਹ ਜੋੜ ਦਿੱਤਾ ਜਾਂਦਾ ਹੈ। ਦੂਸਰੇ ਅੱਖਰ ਨੂੰ ਬਿਨਾਂ ਚਿੰਨ੍ਹਾਂ ਦੇ ਵੀ ਵਰਤਿਆ ਜਾ ਸਕਦਾ ਹੈ ਅਤੇ ਅਜਿਹੀ ਹਾਲਤ ਵਿਚ ਇਹ 'ਅ' ਅੰਗਰੇਜ਼ੀ ਦੇ ਅਬਾਉਟ (about) ਦੇ ਸਮਾਨਾਰਥਕ ਹੋ ਜਾਂਦਾ ਹੈ। ਭੇਦ ਸੂਚਕ ਚਿੰਨ੍ਹਾਂ ਨਾਲ ਕੁਲ ਸਵਰਾਂ ਦੀ ਗਿਣਤੀ ਦਸ ਬਣਾਈ ਗਈ ਹੈ ਅਰਥਾਤ , - , = ੌ, ੋ, ਅ, ਾ, ੈ, ੌ, ਿ, ੀ ਅਤੇ ੇ। ਇਹਨਾਂ ਸਵਰ ਯੁਕਤ ਚਿੰਨ੍ਹਾਂ ਵਿਚ 'ਿ ' ਵਿਅੰਜਨ ਤੋਂ ਪਹਿਲਾਂ ਆਉਂਦੀ ਹੈ (ਭਾਵੇਂ ਇਸਨੂੰ ਉਚਾਰਿਆ ਬਾਅਦ ਵਿਚ ਜਾਂਦਾ ਹੈ), - ਅਤੇ = ਹੇਠਾਂ ਲਿਖੇ ਜਾਂਦੇ ਹਨ: ਾ ਅਤੇ ੀ ਵਿਅੰਜਨ ਤੋਂ ਬਾਅਦ: ਅਤੇ ੇ, ੈ, ੋ, ੌ ਨੂੰ ਵਿਅੰਜਨ ਦੇ ਉੱਪਰ ਲਿਖਿਆ ਜਾਂਦਾ ਹੈ। ਇਸੇ ਤਰ੍ਹਾਂ ਅਨੁਨਾਸਿਕੀਕਰਨ ਚਿੰਨ੍ਹ ਵੀ ਵਿਅੰਜਨ ਦੇ ਉੱਤੇ ਵਰਤੇ ਜਾਂਦੇ ਹਨ ਭਾਵੇਂ ਅਸਲ ਵਿਚ ਸਵਰ ਨੂੰ ਅਨੁਨਾਸਿਕ ਬਣਾਉਂਦੇ ਹਨ। ਸਾਰੇ ਸਵਰ-ਚਿੰਨ੍ਹਾਂ ਨੂੰ ਪੰਜਾਬੀ ਵਿਚ 'ਲਗਾਂ ' ਕਿਹਾ ਜਾਂਦਾ ਹੈ। '।' ਸਭ ਤੋਂ ਪੁਰਾਤਨ ਹੈ ਭਾਵੇਂ ਸ਼ੁਰੂ ਵਿਚ ਇਸ ਲਈ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਸੀ। ਸਵਰ-ਚਿੰਨ੍ਹ ' ੀ' ਅਤੇ '=' ਅਸ਼ੋਕ ਦੇ ਰਾਜ-ਸੰਦੇਸ਼ਾਂ ਵਿਚ ਅਤੇ ਬਾਅਦ ਦੇ ਸ਼ਿਲਾਲੇਖਾਂ ਵਿਚ ਮਿਲਦੇ ਹਨ।

ਸਾਰੇ ਗੁਰਮੁਖੀ ਅੱਖਰਾਂ ਦੀ ਇਕ ਸਮਾਨ ਉਚਾਈ ਹੈ ਅਤੇ ਇਹਨਾਂ ਨੂੰ ਦੋ ਸਮਾਨਾਂਤਰ ਲੇਟਵੀਆਂ ਰੇਖਾਵਾਂ ਦੇ ਵਿਚਕਾਰ ਲਿਖਿਆ ਜਾ ਸਕਦਾ ਹੈ, ਕੇਵਲ ੳ ਨੂੰ ਛੱਡ ਕੇ (ਜਿਹੜਾ ਅੱਖਰਕ੍ਰਮ ਦਾ ਪਹਿਲਾ ਅੱਖਰ ਹੈ), ਜਿਸਦੀ ਉੱਪਰਲੀ ਮੁੜੀ ਹੋਈ ਰੇਖਾ ਉੱਪਰਲੀ ਲਾਈਨ ਤੋਂ ਉੱਤੇ ਚੱਲੀ ਜਾਂਦੀ ਹੈ। ਖੱਬੇ ਤੋਂ ਸੱਜੇ ਵੱਲ ਵੀ ਇਹਨਾਂ ਦੀ ਤਕਰੀਬਨ ਇਕਸਮਾਨ ਉਚਾਈ ਹੈ, ਕੇਵਲ ਅ ਅਤੇ ਘ ਸ਼ਾਇਦ ਬਾਕੀਆਂ ਨਾਲੋਂ ਥੋੜ੍ਹੇ ਜਿਹੇ ਲੰਮੇ ਹਨ। ਫਿਰ ਵੀ, ਸਵਰ-ਚਿੰਨ੍ਹਾਂ ਦੀ ਅੱਖਰਾਂ ਦੇ ਉੱਪਰ ਅਤੇ ਥੱਲੇ ਵਰਤੋਂ ਸਾਰੀਆਂ ਭਾਰਤੀ ਲਿਪੀਆਂ ਦੀ ਵਿਸ਼ੇਸ਼ਤਾ ਹੈ ਜੋ ਛਪਾਈ ਅਤੇ ਟਾਈਪ ਵਿਚ ਕੁਝ ਔਕੜਾਂ ਪੈਦਾ ਕਰਦੀ ਹੈ।

ਅੱਖਰ ਦੇ ਆਕਾਰ ਵਿਚ ਉਸ ਸਮੇਂ ਕੋਈ ਵੀ ਤਬਦੀਲੀ ਨਹੀਂ ਵਾਪਰਦੀ ਜਦੋਂ ਉਸ ਨਾਲ ਕੋਈ ਸਵਰ-ਚਿੰਨ੍ਹ ਜਾਂ ਭੇਦ ਸੂਚਕ ਚਿੰਨ੍ਹ ਲਗਾਇਆ ਜਾਂਦਾ ਹੈ। ਦੋ ਅੱਖਰਾਂ ਦੀ ਪ੍ਰਤਿਨਿਧਤਾ ਕਰਨ ਵਾਲਾ ਕੇਵਲ ੳ ਹੀ ਇਕ ਅਪਵਾਦ ਹੈ ਜਿਸ ਨਾਲ ਇਕ ਵਾਧੂ ਮੋੜ ਜੁੜਿਆ ਹੋਣ ਕਰਕੇ ਇਹ ਦੋ ਅੱਖਰਾਂ ਦੀ ਧੁਨੀ ਦਿੰਦਾ ਹੈ। ਇਹ ਕੇਵਲ ਇਕੋ ਲੇਖਾਚਿੱਤਰੀ ਰੂਪ ਦਾ ਉਦਾਹਰਨ ਹੈ ਜੋ ਬਹੁਪਰਤੀ ਧੁਨੀਆਂ ਦੀ ਪ੍ਰਤਿਨਿਧਤਾ ਕਰਦਾ ਹੈ; ਦਰਅਸਲ ਇਸ ਆਕਾਰ ਦੀ ਧਾਰਮਿਕ ਪਿੱਠਭੂਮੀ ਹੈ; ਸਧਾਰਨ ਤੌਰ ਤੇ ਗੁਰਮੁਖੀ ਦਾ ਕੋਈ ਵੀ ਅੱਖਰ ਇਕ ਤੋਂ ਜ਼ਿਆਦਾ ਧੁਨਾਂ ਦੀ ਪ੍ਰਤਿਨਿਧਤਾ ਨਹੀਂ ਕਰਦਾ ਅਤੇ ਨਾ ਹੀ ਉਹਨਾਂ ਦੇ ਦੋ ਆਕਾਰ ਹਨ।

ਗੁਰਮੁਖੀ ਕ੍ਰਮ ਵਿਚ ਪਹਿਲਾ ਅੱਖਰ 'ੳ' ਗ਼ੈਰ- ਪਰੰਪਰਿਕ ਹੈ ਅਤੇ ਸਿੱਖ ਧਰਮ ਗ੍ਰੰਥਾਂ ਵਿਚ ੧ਓਂ ਅਰਥਾਤ ਪਰਮਾਤਮਾ ਇੱਕ ਹੈ, ਵਜੋਂ ਆਉਣ ਕਾਰਨ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਸਵਰਾਂ ਤੋਂ ਪਿੱਛੇ 'ਸ' ਅਤੇ 'ਹ' ਆਉਂਦੇ ਹਨ ਜਿਹੜੇ ਕਿ ਆਮ ਕਰਕੇ ਬਾਕੀ ਭਾਰਤੀ ਸਵਰ ਬੋਧ ਦੇ ਅੰਤ ਵਿਚ ਆਉਂਦੇ ਹਨ। ਹੋਰ ਵਿਅੰਜਨਾਤਮਕ ਚਿੰਨ੍ਹ ਆਪਣੀ ਪਰੰਪਰਿਕ ਤਰਤੀਬ ਵਿਚ ਹੀ ਹਨ। ਪਰਿਭਾਸ਼ਿਕ ਤੌਰ ਤੇ ਵਿਅੰਜਨਾਂ ਨੂੰ ਦੋਹਰਾਉ ਯੁਕਤ ਸਮਰੱਥਾ ਵੀ ਹਾਸਲ ਹੈ ਜਿਵੇਂ ਕਿ 'ਕ' ਨੂੰ ਕੱਕਾ , 'ਵ' ਨੂੰ ਵਾਵਾ ਕਿਹਾ ਜਾਂਦਾ ਹੈ। ਕੇਵਲ 'ਟ ' ਨੂੰ ਟੈਂਕਾ ਕਿਹਾ ਜਾਂਦਾ ਹੈ। ਅੱਖਰ-ਮਾਲਾ ੜ (ੜਾੜਾ) ਨਾਲ ਖ਼ਤਮ ਹੁੰਦੀ ਹੈ।

ਅੱਖਰਾਂ ਦੀ ਕੁੱਲ ਗਿਣਤੀ 35 ਹੈ (3 ਸਵਰ, 2 ਅਰਧ-ਸਵਰ ਅਤੇ 30 ਵਿਅੰਜਨ ਹਨ)। ਇਹ ਦੇਵਨਾਗਰੀ ਵਿਚ 52, ਸ਼ਾਰਦਾ ਅਤੇ ਟਾਕਰੀ ਵਿਚ 41 ਹਨ। ਕੁਝ ਵਿਅੰਜਨਾਂ ਦੇ ਹੇਠਲੇ ਪਾਸੇ ਮਾਂਗਵੀਆਂ ਅਵਾਜ਼ਾਂ ਦੀ ਪ੍ਰਤਿਨਿਧਤਾ ਕਰਨ ਲਈ ਬਿੰਦੀ ਦੀ ਵਰਤੋਂ ਕੀਤੀ ਗਈ ਹੈ ਜਿਵੇਂ ਕਿ: ਸ਼,ਖ਼,ਗ਼,ਜ਼,ਫ਼। ਇਹਨਾਂ ਨੂੰ ਬਾਅਦ ਵਿਚ ਲਾਗੂ ਕੀਤਾ ਗਿਆ ਹੈ ਹਾਲਾਂਕਿ ਇਹ ਮੂਲ ਅੱਖਰਕ੍ਰਮ ਦਾ ਹਿੱਸਾ ਨਹੀਂ ਹਨ। ਜੋੜੇਦਾਰ ਵਿਅੰਜਨਾਂ ਨੂੰ ਉਹਨਾਂ ਦੇ ਉੱਪਰ ਅੱਧਕ (ੱ) ਪਾ ਕੇ ਦਰਸਾਇਆ ਜਾਂਦਾ ਹੈ ਜਿਸਨੂੰ ਵਿਅੰਜਨ ਦੇ ਉੱਪਰ ਪਾਇਆ ਜਾਂਦਾ ਹੈ ਅਤੇ ਇਹ ਇਸਦੀ ਅਵਾਜ਼ ਵਿਚ ਇਕ ਵਾਧਾ ਕਰ ਦਿੰਦਾ ਹੈ। ਇੱਥੇ ਪ੍ਰਬੰਧ ਵਿਚ ਸੰਯੁਕਤ ਵਿਅੰਜਨ ਦੀ ਕਮੀ ਹੁੰਦੀ ਹੈ। ਕੇਵਲ ਹ,ਰ,ਵ ਨੂੰ ਦੂਸਰੇ ਅੱਖਰ ਵਜੋਂ ਸੰਯੁਕਤ ਵਿਅੰਜਨ ਨਾਲ ਜੋੜਕੇ ਪਾਇਆ ਜਾਂਦਾ ਹੈ ਅਤੇ ਇਸਨੂੰ ਪਹਿਲੇ ਅੱਖਰ ਦੇ ਹੇਠਾਂ ਪੈਰ ਵਿਚ ਬਿਨਾਂ ਉੱਪਰ ਲਕੀਰ ਖਿੱਚੇ ਪਾਇਆ ਜਾਂਦਾ ਹੈ। 'ਰ' ਨੂੰ ਵੀ ਸੰਯੁਕਤ ਦੇ ਦੂਜੇ ਅੱਖਰ ਵਜੋਂ ਪਹਿਲੇ ਅੱਖਰ ਦੇ ਪੈਰ ਵਿਚ ਤਿਰਛੇ 'ਕੌਮੇ` ਦੇ ਰੂਪ ਵਿਚ ਪਾਇਆ ਜਾਂਦਾ ਹੈ। ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਸੰਯੁਕਤ ਵਿਅੰਜਨ ਸੰਸਕ੍ਰਿਤ ਅਤੇ ਅੰਗਰੇਜ਼ੀ ਦੇ ਪ੍ਰਭਾਵ ਅਤੇ ਵਾਧੇ ਵਜੋਂ ਪੰਜਾਬੀ ਭਾਸ਼ਾ ਵਿਚ ਸ਼ਾਮਲ ਹੋਏ ਹਨ, ਪਰੰਤੂ ਹੁਣ ਇਹ ਪੰਜਾਬੀ ਉਚਾਰ ਦਾ ਅੰਗ ਬਣ ਗਏ ਹਨ। ਇਸ ਲਈ ਇੱਥੇ ਇਹਨਾਂ ਨੂੰ ਅਪਨਾਉਣ ਦੀ ਅਨੁਕੂਲ ਬਣਾਉਣ ਦੀ ਜਾਂ ਘੜਨ ਦੀ ਬਹੁਤ ਲੋੜ ਹੈ। ਕੁਝ ਵਿਦਵਾਨਾਂ ਦੁਆਰਾ ਯਤਨ ਕੀਤੇ ਗਏ ਹਨ ਪਰੰਤੂ ਉਹਨਾਂ ਦੀ ਸਵੀਕ੍ਰਿਤੀ ਅਜੇ ਵੀ ਸੀਮਿਤ ਹੈ।

ਗੁਰਮੁਖੀ ਨੇ ਸਿੱਖ ਧਰਮ ਅਤੇ ਪਰੰਪਰਾ ਵਿਚ ਮਹੱਤਵਪੂਰਨ ਕਰਤੱਵ ਨਿਭਾਇਆ ਹੈ। ਇਸਨੂੰ ਮੂਲ ਰੂਪ ਵਿਚ ਸਿੱਖ ਗ੍ਰੰਥਾਂ ਲਈ ਵਰਤੋਂ ਵਿਚ ਲਿਆਂਦਾ ਗਿਆ ਸੀ। ਇਹ ਲਿਪੀ ਮਹਾਰਾਜਾ ਰਣਜੀਤ ਸਿੰਘ ਅਧੀਨ ਦੂਰ-ਦੂਰ ਤਕਫੈਲੀ ਅਤੇ ਉਸ ਤੋਂ ਬਾਅਦ ਪੰਜਾਬ ਦੇ ਸਿੱਖ ਸਰਦਾਰਾਂ ਅਧੀਨ ਪ੍ਰਬੰਧਕੀ ਉਦੇਸ਼ਾਂ ਲਈ ਫੈਲੀ। ਇਸ ਸਭ ਨੇ ਪੰਜਾਬੀ ਭਾਸ਼ਾ ਨੂੰ ਨਿੱਗਰ ਰੂਪ ਦੇਣ ਅਤੇ ਪ੍ਰਮਾਣਿਕ ਬਣਾਉਣ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ। ਸਦੀਆਂ ਤੋਂ ਇਹ ਪੰਜਾਬ ਵਿਚ ਸਾਹਿਤ ਦਾ ਮੁੱਖ ਮਾਧਿਅਮ ਰਹੀ ਹੈ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਵਿਚ ਜਿੱਥੇ ਮੁੱਢਲੇ ਸਕੂਲ ਗੁਰਦੁਆਰਿਆਂ ਨਾਲ ਸੰਬੰਧਿਤ ਸਨ ਉੱਥੇ ਵੀ ਇਸਨੂੰ ਅਪਣਾਇਆ ਗਿਆ ਹੈ। ਅੱਜ-ਕੱਲ੍ਹ ਇਸ ਨੂੰ ਸੱਭਿਆਚਾਰ , ਕਲਾ, ਅਕਾਦਮਿਕ ਅਤੇ ਪ੍ਰਬੰਧਕੀ ਸਾਰੇ ਖੇਤਰਾਂ ਵਿਚ ਵਰਤਿਆ ਜਾਂਦਾ ਹੈ। ਇਹ ਪੰਜਾਬ ਦੀ ਰਾਜ ਲਿਪੀ ਹੈ ਅਤੇ ਆਪਣੇ ਆਪ ਵਿਚ ਇਸਦਾ ਸਧਾਰਨ ਅਤੇ ਸਥਾਈ ਗੁਣ ਪੂਰਨ ਤੌਰ ਤੇ ਸਥਾਪਿਤ ਹੋ ਚੁੱਕਿਆ ਹੈ।

ਇਹ ਵਰਨਮਾਲਾ ਹੁਣ ਆਪਣੀ ਮਾਤ੍ਰਭੂਮੀ ਦੀਆਂ ਹੱਦਾਂ ਪਾਰ ਕਰ ਚੁੱਕੀ ਹੈ। ਸਿੱਖ ਸੰਸਾਰ ਦੇ ਸਾਰੇ ਖਿੱਤਿਆਂ ਵਿਚ ਵੱਸ ਗਏ ਹਨ ਅਤੇ ਗੁਰਮੁਖੀ ਉਹਨਾਂ ਨਾਲ ਹਰ ਪਾਸੇ ਚੱਲੀ ਗਈ ਹੈ। ਇਸ ਲਿਪੀ ਦਾ ਆਪਣੀ ਮਾਤ੍ਰਭੂਮੀ ਦੇ ਅੰਦਰ ਅਤੇ ਬਾਹਰ ਸੱਚ-ਮੁਚ ਹੀ ਉੱਜਵਲ ਭਵਿੱਖ ਹੈ। ਹਾਲੇ ਤਕ, ਪੰਜਾਬੀ ਲਈ ਜ਼ਿਆਦਾਤਰ ਫ਼ਾਰਸੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਅਰੰਭ ਵਿਚ ਇਸ ਲਿਪੀ ਵਿਚ ਬਹੁਤ ਸਾਰਾ ਲਿਖਿਤ ਸਾਹਿਤ ਪ੍ਰਾਪਤ ਹੈ, ਪਰੰਤੂ ਹੁਣ ਇਹ ਬਹੁਤਾ ਪ੍ਰਚਲਿਤ ਨਹੀਂ ਰਿਹਾ। ਫਿਰ ਵੀ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ, ਅਜੇ ਵੀ ਪੋਸਟ-ਗ੍ਰੈਜੂਏਟ ਪੱਧਰ ਤਕ ਫ਼ਾਰਸੀ ਲਿਪੀ ਵਿਚ ਹੀ ਪੜ੍ਹਾਈ ਜਾਂਦੀ ਹੈ।

1.5 ਮਾਤਰਾ ਅਤੇ ਮਾਤਰਾ-ਵਾਹਕ

ਗੁਰਮੁਖੀ ਲਿੱਪੀ ਦੇ ਇੱਕਤਾਲ਼ੀ ਅੱਖਰ ਹਨ। ਪਹਿਲੇ ਤਿੰਨ ਅਨੋਖੇ ਹਨ ਕਿਉਂਕਿ ਇਹ ਲਗਾ ਮਾਤਰਾ ਦੇ ਅਕਾਰ ਦੀ ਨੀਂਹ ਬਣਦੇ ਹਨ ਅਤੇ ਇਹ ਹਰਫ਼ ਬਾਕੀ ਅੱਖਰਾਂ ਵਰਗੇ ਨਹੀਂ, ਅਤੇ ਦੂਜੇ ਹਰਫ਼ ਐੜੇ ਤੋਂ ਇਲਾਵਾ ਕਦੇ ਇੱਕਲੇ ਨਹੀਂ ਵਰਤੇ ਜਾਂਦੇ।

ਗੁਰਮੁਖੀ ਲਿਪੀ ਦੇ ਨਾਮਕਰਨ ਅਤੇ ਅਰੰਭ ਬਾਰੇ ਇਹ ਵਿਸ਼ਵਾਸ ਪ੍ਰਚਲਿਤ ਰਿਹਾ ਹੈ ਕਿ ਇਹ ਗੁਰੂਆਂ ਦੇ ਪਵਿੱਤਰ ਮੁੱਖ ਤੋਂ ਨਿਕਲੀ। ਇਸੇ ਕਾਰਨ ਇਸ ਦਾ ਨਾਮ ਗੁਰਮੁਖੀ ਪਿਆ। ਦਰਅਸਲ ਭਾਸ਼ਾ ਦੀ ਉਤਪਤੀ ਵਾਂਗ ਲਿਪੀ ਦੇ ਅਰੰਭ ਅਤੇ ਨਾਮਕਰਨ ਬਾਰੇ ਵੀ ਵੱਖ- ਵੱਖ ਕੌਮਾਂ ਵਿੱਚ ਧਾਰਮਿਕ ਵਿਸ਼ਵਾਸ ਪ੍ਰਚਲਿਤ ਰਹੇ ਹਨ। ਮਿਸਰ ਵਾਸੀ ਆਪਣੀ ਲਿਪੀ ਨੂੰ 'ਬੋਬ' ਦੇਵਤੇ ਦੁਆਰਾ ਰਚੀ ਦੱਸਦੇ ਹਨ। ਯਹੂਦੀਆਂ ਦਾ ਯਕੀਨ ਸੀ ਕਿ ਉਹਨਾਂ ਦੀ ਲਿਪੀ ਖ਼ੁਦਾ ਨੇ ਖ਼ੁਦ ਮੂਸਾ ਨੂੰ ਲਿਖਤੀ ਦੱਸੀ ਸੀ। ਯੂਨਾਨੀ ਲੋਕ ਆਪਣੀ ਲਿਪੀ ਨੂੰ 'ਕੈਡਮਸ' ਦੇਵਤੇ ਦੀ ਬਣਾਈ ਆਖਦੇ ਹਨ। ਹਿੰਦੋਸਤਾਨੀ ਲੋਕ ਆਪਣੀ ਸਭ ਤੋਂ ਪੁਰਾਣੀ ਲਿਪੀ ਨੂੰ 'ਬਰ੍ਹਮਾ' ਦੀ ਕ੍ਰਿਤ ਦੱਸਦੇ ਹਨ। ਇਵੇਂ ਸੰਸਕ੍ਰਿਤ ਨੂੰ 'ਦੇਵ ਭਾਸ਼ਾ' ਮੰਨਣ ਵਾਲੇ ਆਪਣੀ ਲਿਪੀ ਨੂੰ ਦੇਵਨਾਗਰੀ ਆਖਦੇ ਹਨ ਤੇ ਫਿਰ ਇਹ ਕੋਈ ਅਲੋਕਾਰ ਗੱਲ ਨਹੀਂ ਹੈ, ਜੇ ਪੰਜਾਬੀ ਲੋਕ ਆਪਣੀ ਭਾਸ਼ਾ ਦੀ ਲਿਪੀ ਨੂੰ 'ਗੁਰੂ ਦੇ ਮੁੱਖੋਂ' ਨਿਕਲੀ ਲਿਪੀ ਕਹਿੰਦੇ ਹਨ। ਹਾਂ ਇਹ ਅਟੱਲ ਸਚਾਈ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਲਿਖਤੀ ਰੂਪ, ਗੁਰਮੁਖੀ ਲਿਪੀ ਵਿੱਚ ਹੀ ਦਿੱਤਾ ਗਿਆ। ਗੁਰੂ ਸਾਹਿਬਾਨ ਨੇ ਉਸ ਵੇਲੇ ਪ੍ਰਚਲਿਤ ਲਿਪੀ ਵਿੱਚ ਸੁਧਾਰ ਕਰ ਕੇ, ਉਸ ਨੂੰ ਗੁਰਬਾਣੀ ਦੇ ਲਿਖਣ ਯੋਗ ਬਣਾਉਣ ਦਾ ਸ਼ਲਾਘਾਯੋਗ ਮਹਾਨ ਕਾਰਜ ਕੀਤਾ। ਇਸੇ ਕਾਰਨ ਇਸ ਦਾ ਨਾਮ ਗੁਰਮੁਖੀ ਲਿਪੀ ਪੈ ਗਿਆ।

ਇਹ ਸ਼ਾਇਦ ਇੱਕੋ-ਇੱਕ ਅਜਿਹੀ ਲਿਪੀ ਹੈ, ਜੋ ਕਿ 'ੳ' ਤੋਂ ਅਰੰਭ ਹੁੰਦੀ ਹੈ 'ਅ' ਤੋਂ ਨਹੀਂ ਜਦ ਕਿ ਦੇਵਨਾਗਰੀ, ਰੋਮਨ, ਅਰਬੀ-ਫ਼ਾਰਸੀ, ਗ੍ਰੀਕ ਆਦਿ ਲਿਪੀਆਂ 'ਅ' ਤੋਂ ਸ਼ੁਰੂ ਹੁੰਦੀਆਂ ਹਨ। 'ਊੜੇ' (ੳ) ਨੂੰ ਪਹਿਲ ਦੇਣ ਪਿੱਛੇ ਇੱਕ ਨਜ਼ਰੀਆ ਤਾਂ ਇਹ ਪੇਸ਼ ਕੀਤਾ ਜਾਂਦਾ ਹੈ ਕਿ ਇਸ ਪਿੱਛੇ '1ਓਅੰਕਾਰ' ਦੀ ਮਾਨਤਾ ਕਾਰਜਸ਼ੀਲ ਸੀ। ਦੂਜਾ ਅਹਿਮ ਕਾਰਨ ਧੁਨੀ-ਵਿਗਿਆਨਿਕ ਹੈ। ਇਸ ਵੱਲ ਵੀ ਖ਼ਾਸ ਧਿਆਨ ਦੇਣ ਦੀ ਲੋੜ ਹੈ। ਕਿਸੇ ਵੀ ਲਿਪੀ ਦੇ ਲਿਪਾਂਕਾਂ (ਅੱਖਰਾਂ) ਦੇ ਤਿੰਨ ਗੁਣ ਲਾਜ਼ਮੀ ਹੁੰਦੇ ਹਨ:

1. ਹਰ ਲਿਪਾਂਕ ਜਾਂ ਚਿੰਨ੍ਹ ਦਾ ਕੋਈ ਨਾ ਕੋਈ ਨਾਮ ਹੁੰਦਾ ਹੈ। ਜਿਵੇਂ ਊੜਾ-, ਆੜਾ, ਈ ੜੀ
2. ਹਰ ਲਿਪਾਂਕ ਦੀ ਕੋਈ ਨਾ ਕੋਈ ਸ਼ਕਲ ਵੀ ਹੁੰਦੀ ਹੈ। ਜਿਵੇਂ (ੳ), (ਅ)(ੲ)
3. ਹਰ ਲਿਪਾਂਕ ਦੀ ਕੋਈ ਨਾ ਕੋਈ ਧੁਨੀ ਜਾਂ ਅਵਾਜ਼ ਵੀ ਹੁੰਦੀ ਹੈ। ਜਿਵੇਂ (ਕ), (ਖ)

ਜਦੋਂ ਕਿਸੇ ਲਿਪੀ ਦਾ ਨਿਰਮਾਣ ਕੀਤਾ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਭਾਸ਼ਾ ਦੀ ਧੁਨੀ ਵਿਉਂਤ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਆਦਰਸ਼ ਸਥਿਤੀ ਤਾਂ ਇਹ ਹੁੰਦੀ ਹੈ ਕਿ ਹਰੇਕ ਲਿਪਾਂਕ ਨਾਲ ਕੇਵਲ ਇੱਕ ਹੀ ਨਿਖੇੜੂ ਧੁਨੀ ਸੰਬੰਧਿਤ ਹੋਵੇ, ਪਰ ਅਜਿਹੀ ਸਥਿਤੀ ਹਮੇਸ਼ਾ ਕਾਇਮ ਨਹੀਂ ਰਹਿੰਦੀ। ਜਿੱਥੋਂ ਤੱਕ ਗੁਰਮੁਖੀ ਲਿਪੀ ਚਿੰਨ੍ਹਾਂ ਦੀ ਤਰਤੀਬ ਦਾ ਸੰਬੰਧ ਹੈ, ਇਸ ਵਿੱਚ ਧੁਨੀ-ਵਿਗਿਆਨਿਕ ਨੇਮਾਂ ਨੂੰ ਅਪਣਾਇਆ ਗਿਆ ਹੈ। ਗੁਰਮੁਖੀ ਲਿਪੀ ਦੀ ਬਣਤਰ ਵਿੱਚ ਸਭ ਤੋਂ ਪਹਿਲਾਂ ਸ੍ਵਰ ਵਾਹਕ ਲਿਪੀ ਚਿੰਨ੍ਹ ਹਨ। ਸ੍ਵਰ ਉਚਾਰ-ਖੰਡ ਵਿੱਚ ਕੇਂਦਰੀ ਮਹੱਤਵ ਦਾ ਧਾਰਨੀ ਹੈ, ਜਦੋਂ ਕਿ ਵਿਅੰਜਨ ਦੁਜੈਲੇ ਮਹੱਤਵ ਵਾਲਾ ਤੱਤ ਹੈ। ਇਸ ਲਈ ਕੇਂਦਰੀ ਤੱਤ ਦਾ ਪਹਿਲਾਂ ਆਉਣਾ

ਜ਼ਰੂਰੀ ਸੀ। (ੳ, ਅ ਤੇ ੲ) ਦੀ ਆਪਣੀ ਤਰਤੀਬ ਵੀ ਧੁਨੀ-ਵਿਉਂਤ ਦੇ ਨੁਕਤੇ ਤੋਂਤਰਕ ਸੰਗਤ ਹੈ। ਇਹ ਤਰਤੀਬ ਉਚਾਰਨ ਸਥਾਨ ਦੀ ਵਿਉਂਤ ਅਨੁਸਾਰ ਹੈ। (ੳ) ਪਿਛਲੇ ਸ੍ਵਰ ਦਾ ਵਾਹਕ ਚਿੰਨ੍ਹ ਹੈ। ਇਸੇ ਤਰ੍ਹਾਂ ਹੀ ਕਵਰਗ, ਚਵਰਗ, ਟਵਰਗ, ਤਵਰਗ ਤੇ ਪਵਰਗ ਆਦਿ ਵਿਅੰਜਨ ਲਿਪੀ ਚਿੰਨ੍ਹਾਂ ਦੀ ਤਰਤੀਬ ਵੀ ਉਚਾਰਨ ਸਥਾਨ ਅਨੁਸਾਰ ਹੈ। ਹੁਣ ਮਸਲਾ ਗੁਰਮੁਖੀ ਲਿਪੀ ਦੀ ਪਹਿਲੀ ਪਾਲ ਵਿੱਚ 'ਸ' ਤੇ 'ਹ' ਦਾ ਹੈ।

1.6 ਪੰਜਾਬੀ ਸੁਰ ਅਤੇ ਗੁਰਮੁਖੀ, ਬਿੰਦੀ, ਟਿੱਪੀ ਤੇ ਅੱਧਕ

ਬਿੰਦੀ,ਟਿੱਪੀ ਅਤੇ ਅੱਧਕ ਤਿੰਨ ਹੋਰ ਚਿੰਨ੍ਹ ਹਨ ਜੋ ਦੂਜੇ ਲਿਪੀ ਚਿੰਨ੍ਹਾਂ ਨਾਲ ਵਰਤੇ ਜਾਂਦੇ ਹਨ। ਟਿੱਪੀ: ਦੁੱਤ ਵਿਅੰਜਨ ਤੇ ਨਾਸਿਕਤਾ ਲਈ, ਬਿੰਦੀ: ਨਾਸਿਕਤਾ ਲਈ ਅਤੇ ਅੱਧਕ ਦੁੱਤ ਵਿਅੰਜਨ ਲਈ ਵਰਤਿਆ ਜਾਂਦਾ ਹੈ। (ਹ) ਧੁਨੀ ਦੀ ਵਰਤੋਂ ਕੁਝ ਉਪਭਾਸ਼ਾਵਾਂ ਵਿੱਚ ਸ਼ਬਦ ਦੇ ਸ਼ੁਰੂ ਵਿੱਚ ਕੀਤੀ ਜਾਂਦੀ ਹੈ। ਬਾਦ ਵਿੱਚ ਇਹ ਸੁਰ ਵਿੱਚ ਬਦਲ ਜਾਂਦੀ ਹੈ। ਸ਼ਬਦ-ਜੋੜਾਂ ਨੂੰ ਤਰਕਸੰਗਤ ਬਣਾਉਣ ਲਈ ਪੰਜਾਬੀ ਧੁਨੀ-ਵਿਉਂਤ ਅਤੇ ਲਿਪੀ ਚਿੰਨ੍ਹਾਂ ਦੇ ਵਰਤਾਰਿਆਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

ਪੰਜਾਬੀ ਸ਼ਬਦ-ਜੋੜ

ਇਹ ਗੱਲ ਤਾਂ ਸਰਬਪ੍ਰਵਾਨਿਤ ਹੈ ਕਿ ਹੋਰਨਾਂ ਭਾਰਤੀ ਲਿਪੀਆਂ ਵਾਂਗ ਗੁਰਮੁਖੀ ਲਿਪੀ ਦਾ ਨਿਕਾਸ ਵੀ 'ਬ੍ਰਹਮੀ' ਤੋਂ ਹੋਇਆ। ਪ੍ਰੀਤਮ ਸਿੰਘ ਦਾ ਖ਼ਿਆਲ ਹੈ ਕਿ ਗੁਰਮੁਖੀ ਦਾ 'ਹ' ਅੱਖਰ 'ਹਾਹੇ' ਦੇ ਬ੍ਰਹਮੀ ਵਾਲੇ ਚਿੰਨ੍ਹ ਤੋਂ ਹੀ ਵਿਗਸਿਆ ਹੋਇਆ ਹੈ, ਪਰ ਕਿਉਂਕਿ ਇਹ ਪੰਜਾਬੀ ਉਚਾਰਨ ਦੀ ਸੁਰ ਨੂੰ ਲਿਖਤ ਰਾਹੀਂ ਪ੍ਰਗਟਾਉਣ ਦੇ ਕੰਮ ਵੀ ਆਉਂਦਾ ਹੈ, ਇਸ ਲਈ ਇਸ ਦੀ ਵਰਤੋਂ ਲਿਖਾਰੀਆਂ ਨੂੰ ਔਖਾ ਕਰਦੀ ਰਹੀ। ਮਸਲਨ ਜੇ ਇੱਕ ਜਾਣਾ 'ਅਵਹਿ' ਲਿਖ ਕੇ ਰਾਜ਼ੀ ਸੀ, ਤਾਂ ਦੂਜਾ ਇਸ ਨੂੰ 'ਆਵੈ' ਲਿਖਣਾ ਪਸੰਦ ਕਰਦਾ ਸੀ। ਇਸ ਲਈ ਇਸ ਅੱਖਰ ਨੂੰ ਅੰਤਲੇ ਭਾਗ ਵਿੱਚੋਂ ਚੁੱਕ ਕੇ ਪਹਿਲੀ ਪਾਲ ਦੇ ਅੰਤ ਵਿੱਚ ਟਿਕਾ ਦਿੱਤਾ ਗਿਆ। 'ਸੱਸੇ' ਦੀ ਕਹਾਣੀ ਈੜੀ ਨਾਲ ਮੇਲ ਖਾਂਦੀ ਹੈ। ਦੇਵਨਾਗਰੀ ਦਾ 'ਸ' ਬ੍ਰਹਮੀ ਦੇ 'ਸ' ਤੋਂ ਵਿਗਸਿਆ ਹੋਇਆ ਹੈ, ਪਰ ਗੁਰਮੁਖੀ ਨੇ ਇਸ ਨੂੰ ਆਪਣੀ ਵਰਨਮਾਲਾ ਵਿੱਚ ਕੋਈ ਥਾਂ ਨਹੀਂ ਦਿੱਤੀ ਅਤੇ ਉਸ ਦੀ ਥਾਂ ਜਿਹੜਾ ਅੱਖਰ-ਚਿੰਨ੍ਹ ਅਪਣਾਇਆ, ਉਸ ਨੂੰ 'ਬ੍ਰਹਮੀ' ਤੇ ਉਸ ਤੋਂ ਵਿਗਸੀਆਂ ਇਸ ਇਲਾਕੇ ਦੀਆਂ ਹੋਰ ਲਿਪੀਆਂ ਵਿੱਚ 'ਸ਼' ਧੁਨੀ ਲਈ ਸਮਰਪਿਤ ਕੀਤਾ ਹੋਇਆ ਸੀ। ਮਸਲਨ ਸ਼ਾਰਦਾ ਵਿੱਚ 'ਸ' ਅੱਖਰ 'ਸ਼' ਦਾ ਉਚਾਰਨ ਹੀ ਪ੍ਰਗਟਾਉਂਦਾ ਹੈ। ਇਸ ਲਈ ਇਹ 'ਸ਼' ਧੁਨੀ ਵਾਲਾ ਪੁਰਾਣਾ ਚਿੰਨ੍ਹ ਲੈ ਕੇ, ਇਸ ਨੂੰ 'ਸ' ਧੁਨੀ ਲਈ ਵਰਤਣਾ ਸ਼ੁਰੂ ਕਰ ਦਿੱਤਾ ਅਤੇ ਵਰਨਮਾਲਾ ਦੀ ਪਹਿਲੀ ਪਾਲ ਵਿੱਚ ਚੌਥੀ ਥਾਂ ਉੱਤੇ ਟਿਕਾ ਦਿੱਤਾ। ਬ੍ਰਹਮੀ ਤੋਂ ਵਿਗਸਿਆ 'ਖ' ਵੀ ਗੁਰਮੁਖੀ ਨੇ ਬਦਲਵੇਂ ਰੂਪ ਵਿੱਚ ਅਪਣਾਇਆ ਹੈ। ਇਸ ਨੂੰ ਪੇਟ-ਚੀਰਵੇਂ 'ਸ਼' ਦੀ ਥਾਂ ਟਿਕਾ ਕੇ, ਇਸ ਤੋਂ 'ਖ' ਧੁਨੀ ਦਾ ਕੰਮ ਲੈਣਾ ਸ਼ੁਰੂ ਕਰ ਦਿੱਤਾ। ਅੰਤਲਾ ਅਤੇ ਨਵ-ਵਰਗ ਮਿਲਵੇਂ-ਜੁਲਵੇਂ ਵਿਅੰਜਨ ਲਿਪੀ ਚਿੰਨ੍ਹਾਂ ਨੂੰ ਪ੍ਰਗਟਾਉਂਦਾ ਜਾਂ ਉਹਨਾਂ ਦਾ ਵਾਹਨ ਬਣਦਾ ਹੈ। ਭਾਵੇਂ ਇੱਕ ਨਾ ਖ਼ੁਸ਼ਗਵਾਰ ਤੱਥ ਇਹ ਵੀ ਹੈ ਕਿ ਗੁਰਮੁਖੀ ਲਿਪੀ ਦੀ ਵਰਤੋਂ ਵਿਵਾਦ ਦਾ ਵਿਸ਼ਾ ਬਣਦੀ ਰਹੀ ਹੈ, ਐਪਰ ਹਕੀਕਤ ਇਹ ਹੈ ਕਿ ਹੋਰਨਾਂ ਲਿਪੀਆਂ ਵਾਂਗ ਗੁਰਮੁਖੀ ਲਿਪੀ ਵੀ ਇੱਕ ਲੰਮੇ ਇਤਿਹਾਸਿਕਕਾਲ ਦੌਰਾਨ ਵਿਕਸਿਤ ਹੋਈ ਹੈ ਅਤੇ ਇਸ ਦਾ ਮੂਲ ਸ੍ਰੋਤ ਬ੍ਰਹਮੀ ਲਿਪੀ ਹੈ। 10ਵੀਂ-11ਵੀਂ ਸਦੀ ਤੋਂ ਇਸ ਖਿਤੇ ਦੀ ਲਿਪੀ ਲਈ ਭੱਟਛਰੀ, ਸਿਧ

ਮਾਤ੍ਰਿਕਾ ਤੇ ਸ਼ਾਰਦਾ ਆਦਿ ਨਾਮ ਪ੍ਰਚਲਿਤ ਸਨ, ਪਰ ਗੁਰੂ ਸਾਹਿਬਾਨ ਵੱਲੋਂ ਇਸ ਲਿਪੀ ਨੂੰ ਇੱਕ ਸਥਾਨਿਕ ਲਿਪੀ ਵਜੋਂ ਅਪਣਾਉਣ ਅਤੇ ਇਸ ਲਿਪੀ ਨੂੰ ਗੁਰਬਾਣੀ ਲਈ ਵਰਤਣ ਕਾਰਨ, ਇਸ ਦਾ ਨਾਮ ਗੁਰਮੁਖੀ ਪੈ ਗਿਆ। ਇਹ ਪ੍ਰਸ਼ਨ ਵੀ ਲਗਪਗ ਨਜਿੱਠਿਆ ਹੋਇਆ ਹੈ ਕਿ ਪੰਜਾਬੀ ਜ਼ੁਬਾਨ ਦੀਆਂ ਵਿਸ਼ੇਸ਼ ਧੁਨੀਆਂ ਦੇ ਪ੍ਰਗਟਾਉਣ ਲਈ ਗੁਰਮੁਖੀ ਹੀ ਇੱਕੋ-ਇੱਕ ਢੁੱਕਵੀਂ ਲਿਪੀ ਹੈ। ਇਹ ਲਿਪੀ ਪੰਜਾਬੀ ਭਾਸ਼ਾ ਲਈ ਲੰਮੇ ਸਮੇਂ ਤੋਂ ਵਰਤੋਂ ਵਿੱਚ ਆ ਰਹੀ ਹੈ ਤੇ ਅੱਜ ਜਦੋਂ ਭਾਰਤ ਦੇ ਪੰਜਾਬ ਪ੍ਰਾਂਤ ਵਿੱਚ ਇਸ ਨੂੰ ਰਾਜਸੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ ਅਤੇ ਇਹ ਉਚੇਰੀ ਸਿੱਖਿਆ ਦਾ ਮਾਧਿਅਮ ਹੈ ਤਾਂ ਇਸ ਵਰਤੋਂ ਲਈ ਗੁਰਮੁਖੀ ਨੂੰ ਹੀ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ।

ਇਕ ਭਾਸ਼ਾ ਦਾ ਵਰਤਾਰਾ ਦੂਜੀ ਭਾਸ਼ਾ ਨਾਲੋਂ ਭਿੰਨ ਹੁੰਦਾ ਹੈ। ਭਾਵੇਂ ਇਹ ਭਿੰਨਤਾ ਕੁਝ ਨਿਯਮਾਂ ਦੇ ਅੰਤਰਗਤ ਹੀ ਹੁੰਦੀ ਹੈ, ਇੱਕ ਭਾਸ਼ਾ ਭਾਵੇਂ ਦੂਜੀ ਭਾਸ਼ਾ ਨਾਲ ਪਰਿਵਾਰਕ ਅਤੇ ਬਣਤਰਾਤਮਕ ਪੱਧਰ ’ਤੇ ਕਿੰਨੀ ਵੀ ਨੇੜੇ ਕਿਉਂ ਨਾ ਹੋਵੇ। ਇਸ ਲਈ ਭਾਸ਼ਾ ਲਈ ਇਹ ਇੱਕ ਆਦਰਸ਼ਕ ਸਥਿਤੀ ਹੋਵੇਗੀ ਕਿ ਹਰ ਭਾਸ਼ਾ ਦਾ ਕੋਈ ਆਪਣਾ ਲਿਖਣ-ਪਰਬੰਧ ਹੋਵੇ ਪਰ ਇਸ ਪਰਕਾਰ ਦੀ ਸਥਿਤੀ ਅਜੇ ਤੱਕ ਨਹੀਂ ਭਾਵ ਹਰ ਭਾਸ਼ਾ ਦੀ ਆਪੋ ਆਪਣੀ ਲਿਪੀ ਮੌਜੂਦ ਨਹੀਂ। ਭਾਸ਼ਾਵਾਂ ਦੀ ਗਿਣਤੀ ਦੀ ਇੱਕ ਲੰਬੀ ਸੂਚੀ ਹੈ ਪਰ ਲਿਪੀਆਂ ਦੀ ਸੂਚੀ ਸੀਮਤ ਹੈ। ਭਾਵੇਂ ਹਰ ਇੱਕ ਭਾਸ਼ਾ ਦੀ ਆਪਣੀ ਇੱਕ ਲਿਪੀ ਘੜੀ ਜਾ ਸਕਦੀ ਹੈ। ਪੰਜਾਬੀ ਭਾਸ਼ਾ ਨੂੰਲਿਖਤ ਵਿੱਚ ਲਿਆਉਣ ਲਈ ਮੋਟੇ ਤੌਰ ’ਤੇ ਦੋ ਲਿਪੀਆਂ ਦੀ ਵਰਤੋਂ ਕੀਤੀ ਜਾਂਦੀ ਹੈ: ਗੁਰਮੁਖੀ ਅਤੇ ਪਰਸ਼ੋ-ਅਰੈਬਿਕ। ਇਨ੍ਹਾਂ ਦੀ ਵਰਤੋਂ ਦਾ ਕਾਰਨ ਰਾਜਨੀਤਕ ਹੈ ਕਿਉਂਕਿ ਪੰਜਾਬੀ ਭਾਸ਼ੀ ਲੋਕ ਦੋ ਦੇਸ਼ਾਂ ਵਿੱਚ ਵੰਡੇ ਹੋਏ ਹਨ। ਗੁਰਮੁਖੀ ਨੂੰ ਪੰਜਾਬੀ ਭਾਸ਼ਾ ਦੇ ਲਿਖਣ ਲਈ ਪੂਰਬੀ ਪੰਜਾਬ ਵਿੱਚ ਵਰਤਿਆ ਜਾਂਦਾ ਹੈ। ਗੁਰਮੁਖੀ ਨੂੰ ਪੈਂਤੀ ਅੱਖਰੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਮੂਲ ਚਿੰਨ੍ਹਾਂ ਦੀ ਗਿਣਤੀ ਪੈਂਤੀ ਹੈ। ਇਸ ਲਿਪੀ ਨੂੰ ਖੱਬੇ ਤੋਂ ਸੱਜੇ ਵੱਲ ਲਿਖਿਆ ਜਾਂਦਾ ਹੈ। ਇਸ ਵਿੱਚ (ੳ, ਅ ਤੇ ੲ) ਸਵਰ-ਵਾਹਕ ਚਿੰਨ੍ਹ ਹਨ। ਇਨ੍ਹਾਂ ਚਿੰਨ੍ਹਾਂ ਵਿੱਚ ‘ੳ ਅਤੇ ੲ’ ਦਾ ਆਪਣਾ ਕੋਈ ਉਚਾਰਨ ਨਹੀਂ ਹੈ ਪਰ ਇਨ੍ਹਾਂ ਚਿੰਨ੍ਹਾਂ ਨਾਲ ਨੌਂ ਦੂਜੈਲੇ ਲਿਪੀ ਚਿੰਨ੍ਹ ਲੱਗ ਕੇ 10 ਸਵਰ ਧੁਨੀਆਂ ਲਈ ਵਰਤੇ ਜਾਂਦੇ ਹਨ। ਇਨ੍ਹਾਂ ਦੂਜੈਲੇ ਲਿਪੀ ਚਿੰਨ੍ਹਾਂ ਨੂੰ ਲਗ ਜਾਂ ਮਾਤਰਾ ਵੀ ਕਿਹਾ ਜਾਂਦਾ ਹੈ। ਇਹ ਮਾਤਰਾਵਾਂ ਇਸ ਪਰਕਾਰ ਹਨ; ੳ (ਉ, ਊ, ਓ) ਅ (ਆ, ਐ, ਔ) ਅਤੇ ੲ (ਇ, ਈ, ਏ)। (ਇ ਅ ਉ)ਲਘੂ ਸਵਰਾਂ ਦੇ ਸੂਚਕ ਹਨ ਜਦੋਂ ਕਿ ਬਾਕੀ ਦੀਰਘ ਸਵਰਾਂ ਦੇ ਸੂਚਕ ਹਨ। ਗੁਰਮੁਖੀ ਲਿਪੀ ਉਚਾਰਨ (ਸਥਾਨ) ’ਤੇ ਅਧਾਰਤ ਹੈ ਜਿਹਨਾਂ ਧੁਨੀਆਂ ਦਾ ਉਚਾਰਨ ਮੂੰਹ ਦੇ ਪਿਛਲੇ ਪਾਸੇ ਤੋਂ ਹੁੰਦਾ ਹੈ ਉਹਨਾਂ ਦਾ ਲਿਪੀ ਵਿੱਚ ਪਹਿਲਾ ਸਥਾਨ ਅਤੇ ਤਰਤੀਬਵਾਰ ਇਹ ਮੂੰਹ ਦੇ ਅੱਗੇ ਵੱਲ ਨੂੰ ਵੱਧਦਾ ਜਾਂਦਾ ਹੈ, ਜਿਵੇਂ: ਕ (ਮੂੰਹ ਦੇ ਪਿਛੇ ਕੰਠੀ), ਚ (ਉਸ ਤੋਂ ਅੱਗੇ ਤਾਲਵੀ), ਟ (ਸਖਤ ਤਾਲੂ), ਤ (ਦੰਤੀ) ਅਤੇ ਪ (ਦੋ ਹੋਂਠੀ) ਹੈ। ਇੱਕ ਵਰਗ ਦੀਆਂ ਧੁਨੀਆਂ ਲਈ ਇੱਕ ਪਾਲ ਹੈ ਜਿਵੇਂ (ਕ, ਖ, ਗ, ਙ) ਕੰਠੀ ਅਤੇ (ਪ, ਫ, ਬ, ਮ) ਦੋ ਹੋਂਠੀ। ਇਹੀ ਤਰਤੀਬਸਵਰਾਂ ਦੇ ਉਚਾਰਨ ’ਤੇ ਲਾਗੂ ਹੁੰਦੀ ਹੈ। ਅਜੋਕੀ ਪੂਰਬੀ ਪੰਜਾਬੀ ਵਿਚੋਂ ਸਘੋਸ਼ ਮਹਾਂ-ਪਰਾਣ ਧੁਨੀਆਂ (ਘ, ਝ, ਢ, ਧ ਤੇ ਭ) ਅਲੋਪ ਹੋ ਗਈਆਂ ਹਨ ਅਤੇ ਇਨ੍ਹਾਂ ਦਾ ਉਚਾਰਨ ਸੁਰ ਵਿੱਚ ਬਦਲ ਗਿਆ ਹੈ ਪਰ ਇਹ ਲਿਪੀ ਚਿੰਨ੍ਹ ਗੁਰਮੁਖੀ ਵਿੱਚ ਸ਼ਾਮਲ ਹਨ।(ਞ ਤੇ ਙ) ਦੋ ਨਾਸਕੀ ਧੁਨੀਆਂ ਲਈ ਵਰਤੇ ਜਾਂਦੇ ਹਨ। ਇਹ ਧੁਨੀਆਂ ਬੋਲਚਾਲ ਵਿੱਚ ਤਾਂ ਕਿਤੇ ਕਿਤੇ ਵਰਤੀਆਂ ਜਾਂਦੀਆਂ ਹਨ ਪਰ ਅਜੋਕੀ ਲਿਖਤ ਵਿੱਚ ਇਨ੍ਹਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਪੰਜਾਬੀ ਵਿੱਚ (ਹ, ਵ ਤੇ ਰ) ਤਿੰਨ ਧੁਨੀਆਂ ਹਨ ਜਿਹਨਾਂ ਦੀ ਵਰਤੋਂ ਮੂਲ ਰੂਪ ਵਿੱਚ ਵੀ ਹੁੰਦੀ ਹੈ। ਦੁਜੈਲੇ ਰੂਪ ਵਿੱਚ ਵੀ ਹੁੰਦੀ ਹੈ। ਦੂਜੈਲੇ ਰੂਪ ਵਿੱਚ ਇਹ ਦੂਜੇ ਲਿਪੀ ਚਿੰਨ੍ਹਾਂ ਦੇ ਪੈਰਾਂ ਵਿੱਚ ਲਿਖੇ ਜਾਂਦੇ ਹਨ।

ਗੁਰਮੁਖੀ ਲਿਪੀ ਦਾ ਨਿਕਾਸ ਅਤੇ ਵਿਕਾਸ

1.2 ਲਿਪੀ ਕੀ ਹੈ

1.2.1 ਪਰੰਪਰਾ

1.2.2 ਚਿੱਤਰ-ਲਿਪੀ

1.2.3 ਧੁਨੀਆਤਮਕ ਲਿਪੀ

1.3 ਪ੍ਰਾਚੀਨ ਭਾਰਤੀ ਲਿਪੀਆਂ

2.0 ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ

2.1 ਗੁਰਮੁਖੀ ਦਾ ਨਾਮਕਰਨ

2.2 ਗੁਰਮੁਖੀ ਦਾ ਵਿਕਾਸ

3.0 ਗੁਰਮੁਖੀ ਪੰਜਾਬੀ ਭਾਸ਼ਾ ਲਈ ਕਿਵੇਂ ਢੁਕਵੀਂ ਲਿਪੀ ਹੈ

4.0 ਅਭਿਆਸ ਲਈ ਪ੍ਰਸ਼ਨ

5.0 ਅਧਿਐਨ ਲਈ ਹੋਰ ਪੁਸਤਕਾਂ

ਲਿਪੀ

ਦੁਨੀਆ ਦੀਆਂ ਲਿਪੀਆਂ ਦੇ ਇਤਿਹਾਸ ਬਾਰੇ ਜਾਣਨਾ, ਕਿਸੇ ਖ਼ਿੱਤੇ ਵਿਚ ਵੱਸਣ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਗਿਆਨ ਦੇ ਇਤਿਹਾਸ ਨੂੰ ਜਾਣਨ ਦੇ ਬਰਾਬਰ ਹੈ। ਇਸ ਤਰ੍ਹਾਂ ਦਾ ਅਧਿਐਨ ਬਹੁਤ ਰੁਮਾਂਚਿਕ ਤੇ ਦਿਲਚਸਪੀ ਭਰਿਆ ਹੁੰਦਾ ਹੈ। ਇਸ ਰੁਮਾਂਚਿਕ ਤੇ ਦਿਲਚਸਪ ਸਫ਼ਰ ਨੂੰ ਜਾਣਨ ਲਈ ਅਸੀਂ ਇਸ ਅਧਿਆਇ ਵਿਚ ਗੁਰਮੁਖੀ ਲਿਪੀ ਦੇ ਇਤਿਹਾਸ, ਵਿਕਾਸ ਅਤੇ ਇਸ ਦੀਆਂ ਵਿਸ਼ੇਸ਼ਤਾਵਾਂ ਨੂੰ ਜਾਣਾਂਗੇ। ਇਸ ਵਿਚ ਅਸੀਂ ਲਿਪੀ ਕੀ ਹੁੰਦੀ ਹੈ, ਭਾਰਤ ਦੀਆਂ ਪ੍ਰਾਚੀਨ ਲਿਪੀਆਂ ਬਾਰੇ ਜਾਣਕਾਰੀ, ਗੁਰਮੁਖੀ ਦਾ ਨਾਮਕਰਨ ਤੇ ਵਿਕਾਸ ਅਤੇ ਫਿਰ ਗੁਰਮੁਖੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਵਿਚਾਰ ਚਰਚਾ ਕਰਾਂਗੇ। ਉਮੀਦ ਹੈ ਕਿ ਇਸ ਤਰਤੀਬ ਨਾਲ ਤੁਸੀਂ ਗੁਰਮੁਖੀ ਲਿਪੀ ਦੇ ਇਤਿਹਾਸਕ-ਕ੍ਰਮ ਅਤੇ ਇਸ ਦੇ ਗੁਣਾਂ ਨੂੰ ਸਪੱਸ਼ਟ ਰੂਪ ਵਿਚ ਸਮਝਣ ਦੇ ਯੋਗ ਹੋ ਸਕੋਗੇ।

1.2 ਲਿਪੀ ਕੀ ਹੈ:

ਲਿਪੀ ਕਿਸੇ ਭਾਸ਼ਾ ਨੂੰ ਚਿੰਨ੍ਹਾਂ ਵਿਚ ਵਿਅਕਤ ਕਰਨ ਦਾ ਪ੍ਰਬੰਧ ਹੁੰਦੀ ਹੈ। ਇਹ ਬੋਲਾਂ ਨੂੰ ਲਿਖਤ ਰੂਪ ਵਿਚ ਪ੍ਰਗਟ ਕਰਦੀ ਹੈ ਅਤੇ ਇਸ ਬੋਲ ਤੇ ਲਿਖਤ ਅਰਥਾਤ ਭਾਸ਼ਾ ਅਤੇ ਲਿਪੀ ਦਾ ਸੰਬੰਧ ਪਰਸਪਰ ਹੁੰਦਾ ਹੈ। ਭਾਸ਼ਾ ਜਿੱਥੇ ਧੁਨੀਆਂ ਦਾ ਸਮੂਹ ਮੰਨੀ ਜਾਂਦੀ ਹੈ, ਉੱਥੇ ਲਿਪੀ ਭਾਸ਼ਾ ਨੂੰ ਚਿੰਨ੍ਹਾਂ ਵਿਚ ਵਿਆਪਕ ਕਰਨ ਦੇ ਸਿਸਟਮ ਵਜੋਂ ਜਾਣੀ ਜਾਂਦੀ ਹੈ। ਭਾਵੇਂ ਕਿ ਭਾਸ਼ਾਈ ਵਰਤਾਰੇ ਬਿਨਾਂ ਲਿਪੀ ਤੋਂ ਆਪਣਾ ਕਾਰਜ ਕਰ ਸਕਦੇ ਹਨ, ਪਰ ਲਿਪੀ ਭਾਸ਼ਾ ਦੀ ਹੋਂਦ ਤੋਂ ਬਿਨਾਂ ਆਪਣੀ ਹੋਂਦ ਨਹੀਂ ਬਣਾਈ ਰੱਖ ਸਕਦੀ। ਇਸ ਲਈ ਇਹ ਕੁਦਰਤੀ ਹੈ ਕਿ ਪਹਿਲਾ ਭਾਸ਼ਾ ਹੋਂਦ ਵਿਚ ਆਈ ਹੋਵੇਗੀ ਅਤੇ ਭਾਸ਼ਾ ਨੂੰ ਸਮਾਂ ਤੇ ਸਥਾਨ ਦੀ ਸੀਮਾ ਤੋਂ ਮੁਕਤ ਕਰਨ ਦੀ ਲੋੜ ਵਿਚੋਂ ਲਿਪੀ ਦੀ ਕਾਢ ਕੱਢੀ ਗਈ ਹੋਵੇਗੀ। ਜਿਵੇਂ ਕਿ ਭਾਸ਼ਾ ਦੇ ਵਿਕਾਸ ਦਾ ਆਪਣਾ ਇੱਕ ਲੰਮਾ ਇਤਿਹਾਸ ਹੈ, ਉਸੇ ਤਰ੍ਹਾਂ ਲਿਪੀ ਦਾ

ਵਿਕਾਸ ਵੀ ਲੰਮੇ ਸਮੇਂ ਦੌਰਾਨ ਹੋਇਆ ਹੈ। ਲਿਪੀ ਦੇ ਜਨਮ ਅਤੇ ਵਿਕਾਸ ਵਿਚ ਹਜ਼ਾਰਾਂ ਹੀ ਸਾਲ ਲੱਗੇ ਹਨ,ਜਿਸ ਵਿਚ ਮਨੁੱਖ ਨੇ ਆਪਣੀ ਭਾਸ਼ਾ ਨੂੰ ਦੂਜੇ ਮਨੁੱਖਾਂ ਤੱਕ ਪਹੁੰਚਾਉਣ ਲਈ ਅਨੇਕਾਂ 'ਪ੍ਰਤੀਕਾਂ' ਤੇ 'ਚਿੱਤਰਾਂ' ਤੋਂ ਹੋਕੇ ਆਧੁਨਿਕ 'ਧੁਨੀਆਤਮਕ ਰੂਪਾਂ' ਵਰਗੇ ਅਨੇਕਾਂ ਤਰੀਕਿਆਂ ਦੀ ਵਰਤੋਂ ਕੀਤੀ ਹੈ। ਇੱਥੇ ਅਸੀਂ ਸਭ ਤੋਂ ਪਹਿਲਾਂ 'ਪ੍ਰਾਚੀਨ ਲਿਪੀ ਰੂਪਾਂ' ਬਾਰੇ ਸੰਖੇਪ ਵਿਚ ਜਾਣਾਂਗੇ।

1.2.1 ਪਰੰਪਰਾ

ਇਹ ਇਕ ਆਮ ਕਹਾਵਤ ਹੈ ਕਿ "ਜ਼ਰੂਰਤ ਕਾਢ ਦੀ ਮਾਂ ਹੈ"। ਇਹ ਕਹਾਵਤ ਲਿਪੀ ਦੇ ਪ੍ਰਸੰਗ ਵਿਚ ਬਿਲਕੁਲ ਸੱਚ ਜਾਪਦੀ ਹੈ। ਮਨੁੱਖਾਂ ਨੇ ਪਹਿਲਾ ਬੋਲ-ਸ਼ਕਤੀ ਅਤੇ ਬੁੱਧੀ-ਤੱਤ ਦੇ ਆਧਾਰ 'ਤੇ ਰੋਜ਼ਾਨਾ ਜੀਵਨ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਭਾਸ਼ਾ ਦੀ ਘਾੜਤ ਘੜੀ। ਪਰ ਜਦ ਮਨੁੱਖ ਨੇ ਭਾਸ਼ਾ ਰਾਹੀਂ ਵਿਅਕਤ ਕੀਤੇ ਖ਼ਿਆਲਾਂ ਨੂੰ ਸੰਭਾਲੀ ਰੱਖਣ ਦੀ ਲੋੜ ਮਹਿਸੂਸ ਕੀਤੀ, ਤਦ ਉਸ ਨੇ ਲਿਪੀ ਦੀ ਖੋਜ ਕੀਤੀ। ਪਹਿਲੋਂ ਪਹਿਲ ਆਪਣੇ ਸੁਨੇਹੇ ਜਾਂ ਪੈਗ਼ਾਮ ਭੇਜਣ ਦੀ ਲੋੜ ਦੀ ਪੂਰਤੀ ਲਈ ਮਨੁੱਖਾਂ ਨੇ ਪ੍ਰਤੀਕਾਂ (ਚਿੰਨ੍ਹਾਂ) ਦੀ ਵਰਤੋਂ ਦਾ ਸਿਲਸਿਲਾ ਸ਼ੁਰੂ ਕੀਤਾ। ਜਿਵੇਂ ਕਈ ਕਬੀਲੇ ਦੂਜੇ ਕਬੀਲੇ ਨੂੰ ਯੁੱਧ ਦਾ ਸੁਨੇਹਾ ਦੇਣ ਲਈ ਮੁਰਗ਼ੇ ਦੀ ਕਲੇਜੀ, ਉਸ ਦੀ ਚਰਬੀ ਦੇ ਕੁਝ ਟੁਕੜੇ, ਇਕ ਮਿਰਚ ਨਾਲ ਲਾਲ ਰੰਗ ਕੇ ਕਾਗ਼ਜ਼ ਵਿਚ ਲਪੇਟ ਕੇ ਭੇਕੇ, ਪ੍ਰਤੀਕਮਈ ਸੰਦੇਸ਼ ਦਿੰਦੇ ਸਨ ਕਿ ਯੁੱਧ ਲਈ ਤਿਆਰ ਹੋ ਜਾਉ। ਇਸ ਤਰ੍ਹਾਂ ਪ੍ਰਤੀਕਾਂ ਰਾਹੀਂ ਮਨੁੱਖ ਆਪਣੇ ਸੁਨੇਹੇ ਨੂੰ ਹੋਰਨਾਂ ਤੱਕ ਪਹੁੰਚਾਉਂਦਾ ਸੀ।

1.2.2 ਚਿੱਤਰ-ਲਿਪੀ

ਕਈ ਵਿਦਵਾਨਾਂ ਦੀ ਖੋਜਾਂ ਮੁਤਾਬਕ ਲਿਖਣ-ਕਲਾ ਦਾ ਆਦਿ ਜਾਂ ਪਹਿਲਾ ਰੂਪ ਚਿੱਤਰ-ਲਿਪੀ (ਤਸਵੀਰ ਲਿਪੀ) ਹੈ। ਮੁੱਢਲੇ ਇਨਸਾਨ ਨੇ ਤਸਵੀਰਾਂ ਰਾਹੀਂ ਆਪਣੇ ਭਾਵਾਂ ਦਾ ਬੋਧ ਕਰਾਉਣਾ ਸ਼ੁਰੂ ਕੀਤਾ- ਭਾਵ ਕਿਸੇ ਭਾਵ ਜਾਂ ਵਸਤੂ ਦਾ ਬੋਧ ਕਰਾਉਣ ਲਈ, ਉਸ ਦਾ ਚਿੱਤਰ (ਤਸਵੀਰਾਂ) ਬਣਾਇਆ ਜਾਂਦਾ ਸੀ। ਉਦਾਹਰਨ ਲਈ ਜਦੋਂ ਕਿਸੇ ਇਨਸਾਨ ਨੇ ਜਦ ਸੂਰਜ ਬਾਰੇ ਕੁਝ ਕਹਿਣਾ ਹੁੰਦਾ ਤਾਂ ਇਕ ਗੋਲਾਂ ਜਿਹਾ ਬਣਾ ਦਿੰਦਾ। ਜਿਸ ਨੂੰ ਦੇਖ ਕੇ ਚਿੱਤਰਕਾਰ ਦੇ ਭਾਵਾਂ ਨੂੰ ਸਮਝਿਆ ਜਾਂਦਾ ਸੀ। ਇਹ ਚਿੱਤਰ-ਲਿਪੀ ਮਿਸਰ, ਮੈਸੋਪੋਟਾਮੀਆਂ, ਫੋਨੇਸ਼ੀਆ, ਕੀਟ, ਸਪੇਨ, ਫਰਾਂਸ, ਟੋਨ ਤੋਂ ਸਿੰਧ ਘਾਟੀ ਤੇ ਹੋਰ ਕਈ ਦੇਸ਼ਾਂ ਵਿਚੋਂ ਲੱਭੀ ਹੈ।

1.2.3 ਧੁਨੀਆਤਮਕ ਲਿਪੀ

ਲਿਪੀ ਦੇ ਇਤਿਹਾਸ ਵਿਚ ਧੁਨੀਆਤਮਕ-ਲਿਪੀ ਦਾ ਮਹੱਤਵਪੂਰਨ ਸਥਾਨ ਹੈ। ਵਰਤਮਾਨਿਕ ਧੁਨੀਆਤਮਕ-ਲਿਪੀ ਭਾਸ਼ਾ ਦਾ ਪ੍ਰਤਿਰੂਪ ਹੈ। ਇਸ ਲਿਪੀ ਵਿਚ ਲਿਖਤ ਪ੍ਰਣਾਲੀ ਦੇ ਹਰੇਕ ਚਿੰਨ੍ਹ ਭਾਸ਼ਾ ਦੀ ਅਨੇਕ ਧੁਨੀ ਨੂੰ ਪ੍ਰਤੀਨਿਧ ਕਰਦਾ ਹੈ। ਇਸ ਲਿਪੀ ਵਿਚ ਵਸਤੂ/ਸੰਕੇਤ ਨੂੰ ਪ੍ਰਗਟ ਨਹੀਂ ਕਰਦੀ, ਸਗੋਂ ਧੁਨੀ ਜਾਂ ਧੁਨੀ ਸਮੂਹ ਨੂੰ ਪ੍ਰਗਟ ਕਰਦੀ ਹੈ। ਦੂਜੇ ਸ਼ਬਦਾਂ ਵਿਚ ਧੁਨੀਆਤਮਕ-ਲਿਪੀ ਪ੍ਰਤੀਕ ਦੇ ਜ਼ਰੀਏ ਬੋਲ ਦੇ ਪ੍ਰਤਿਰੂਪ ਨੂੰ ਪੇਸ਼ ਕਰਦਾ ਹੈ। ਇਹ ਲਿਪੀ ਆਮ ਤੌਰ ਤੇ (ੳ) ਅੱਖਰਾਤਮਕ (syllabic) ਤੇ (ਅ) ਵਰਨਣਾਤਮਿਕ (alphabetic) ਦੋ ਰੂਪਾ ਵਿਚ ਮਿਲਦੀ ਹੈ।

ਇਸ ਤਰ੍ਹਾਂ ਅਸੀਂ ਸੰਪੇਖ ਰੂਪ ਵਿਚ ਕਹਿ ਸਕਦੇ ਹਾਂ ਕਿ ਪਹਿਲਾਂ ਮਨੁੱਖ ਨੇ ਪ੍ਰਤੀਕਾਂ ਰਾਹੀਂ ਭਾਸ਼ਾ ਨੂੰ ਬੰਨ੍ਹਣ ਦਾ ਉੱਪਰਲਾ ਕੀਤਾ, ਫਿਰ ਚਿੱਤਰਾਂ ਰਾਹੀਂ ਆਪਣੀ ਗੱਲ ਹੋਰਨਾਂ ਤੱਕ ਪਹੁੰਚਾਉਣ ਲੱਗਿਆ ਅਤੇ ਲਗਾਤਾਰ ਹੁੰਦੇ ਵਿਕਾਸ ਨਾਲ ਹੀ ਅਜੋਕੀਆਂ ਲਿਪੀਆਂ ਦਾ ਜਨਮ ਹੋਇਆ। ਇਹ ਲਿਪੀਆਂ ਵੀ ਸਹਿਜੇ ਸਹਿਜੇ ਵਿਕਾਸ ਕਰਦੀਆਂ

ਹੋਈਆ, ਅੱਜ ਦੇ ਸਰੂਪ ਵਿਚ ਰੂਪਮਾਨ ਹੋ ਗਈਆਂ ਹਨ। ਜਿਸ ਤਰ੍ਹਾਂ ਦੁਨੀਆਂ ਦੀਆਂ ਭਾਸ਼ਾਵਾਂ ਕਿਸੇ ਦੈਵੀ ਸ਼ਕਤੀ ਦੀ ਉਤਪਤੀ ਨਹੀਂ ਹਨ, ਉਸਤਰ੍ਹਾਂ ਦੁਨੀਆਂ ਦੀ ਭਾਸ਼ਾਵਾਂ ਨੂੰ ਲਿਖਤ ਰੂਪ ਦੇਣ ਵਾਲੀਆਂ ਲਿਪੀਆਂ ਵੀ ਕੋਈ ਦੈਵੀ ਉਤਪਤੀ ਨਹੀਂ ਹਨ। ਇਹ ਦੋਵੇਂ (ਭਾਸ਼ਾ ਤੇ ਲਿਪੀ) ਨੂੰ ਮਨੁੱਖ ਨੇ ਆਪਣੀ ਬੌਧਿਕ, ਕਾਲਪਨਿਕ ਤੇ ਖੋਜ ਦੇ ਆਧਾਰ 'ਤੇ ਘੜਿਆ ਹੈ। ਪਰ ਦੁਨੀਆਂ ਦੀਆਂ ਲਿਪੀਆਂ ਵਿਚ ਕਿਹੜੀ ਲਿਪੀ ਸਭ ਤੋਂ ਜ਼ਿਆਦਾ ਪ੍ਰਾਚੀਨ ਹੈ, ਜਿਸ ਤੋਂ ਅੱਗੇ ਲਿਪੀਆਂ ਨਿਕਲੀਆਂ ਹਨ, ਇਸ ਉੱਪਰ ਅਜੇ ਤੱਕ ਵਿਦਵਾਨਾਂ ਵਿਚ ਇਕ ਮੱਤ ਨਹੀਂ ਹੈ ਅਤੇ ਇਹ ਗੱਲ ਭਾਰਤੀ ਲਿਪੀਆਂ ਦੇ ਪ੍ਰਸੰਗ ਵਿਚ ਵੀ ਲਾਗੂ ਹੁੰਦੀ ਹੈ।

1.3 ਪ੍ਰਾਚੀਨ ਭਾਰਤੀ ਲਿਪੀਆਂ

ਭਾਰਤ ਵਿਚ ਲਿਪੀਆਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਹ ਦੀਆਂ ਸ਼ੁਰੂਆਤੀ ਜੜ੍ਹਾਂ ਦੇ ਸਬੂਤ ਸਿੰਧ ਘਾਟੀ ਦੀ ਸਭਿਅਤਾ ਦੇ ਅਵਸ਼ੇਸ਼ਾਂ ਵਿਚ ਮਿਲਦੇ ਹਨ, ਜਿਨ੍ਹਾਂ ਨੂੰ ਫ਼ਿਲਹਾਲ ਪੜ੍ਹਿਆ ਨਹੀਂ ਜਾ ਸਕਿਆ ਹੈ। ਪਰ ਪਹਿਲੀ ਪੜ੍ਹਣਯੋਗ ਲਿਪੀ ਦੇ ਸਬੂਤ ਅਸ਼ੋਕ ਦੇ ਸਮੇਂ ਦੇ ਇਕ ਖੰਭੇ ਤੋਂ 'ਬ੍ਰਹਮੀ-ਲਿਪੀ' (ਜੋ ਸੱਜੇ ਤੋਂ ਖੱਬੇ ਲਿਪੀ ਜਾਂਦੀ ਹੈ) ਦੇ ਮਿਲਦੇ ਹਨ। 20ਵੀਂ ਸਦੀ ਵਿਚ ਕੀਤੀ ਖੋਜ ਨੇ ਸਿੱਧ ਕੀਤਾ ਹੈ ਕਿ ਬ੍ਰਹਮੀ-ਲਿਪੀ ਪ੍ਰਾਚੀਨ ਭਾਰਤੀ ਉਪ ਮਹਾਂਦੀਪ ਉੱਤੇ 450 ਈ.ਪੂ. ਦੇ ਅਰੰਭ ਵਿੱਚ ਮੌਜੂਦ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਬ੍ਰਹਮੀ-ਲਿਪੀ ਤੀਜੀ ਸਦੀ ਈ.ਪੂ. ਵਿਚ ਦੱਖਣੀ ਏਸ਼ੀਆ ਵਿਚ ਇਕ ਪੂਰੀ ਤਰ੍ਹਾਂ ਵਿਕਸਤ ਤੇ ਵਿਆਪਕ ਤੌਰ 'ਤੇ ਪ੍ਰਗਟ ਹੋ ਗਈ ਸੀ। ਭਾਰਤ ਦੀ ਬ੍ਰਹਮੀ-ਲਿਪੀ ਵਿੱਚੋਂ ਹੀ ਦੱਖਣੀ ਏਸ਼ੀਆਂ ਦੀਆਂ ਬਹੁਤੀਆਂ ਆਧੁਨਿਕ ਲਿਪੀਆਂ ਦਾ ਵਿਕਾਸ ਹੋਇਆ ਹੈ। ਬ੍ਰਹਮੀ-ਲਿਪੀ ਦੀ ਉਤਪਤੀ ਸੰਬੰਧੀ ਵਿਦਵਾਨਾਂ ਵਿੱਚ ਬੜਾ ਮੱਤ-ਭੇਦ ਹੈ। ਮੋਟੇ ਰੂਪ ਵਿੱਚ ਇਨ੍ਹਾਂ ਵਿਦਵਾਨਾਂ ਦੀ ਵਿਚਾਰਧਾਰਾ ਨੂੰ ਦੋ ਪ੍ਰਮੁੱਖ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:

•ਪਹਿਲੀ ਵਿਚਾਰਧਾਰਾ ਅਨੁਸਾਰ ਬ੍ਰਹਮੀ-ਲਿਪੀ ਦਾ ਨਿਕਾਸ ਕਿਸੇ ਵਿਦੇਸ਼ੀ ਸੋਮੇ ਤੋਂ ਹੋਇਆ ਹੈ।

•ਦੂਸਰੇ ਮੱਤ ਅਨੁਸਾਰ ਬ੍ਰਹਮੀ-ਲਿਪੀ ਦਾ ਨਿਕਾਸ ਭਾਰਤ ਵਿਚ ਹੀ ਕਿਸੇ ਦੇਸੀ ਸੋਮੇ ਤੋਂ ਹੋਇਆ ਹੈ।

ਭਾਰਤੀ ਅਤੇ ਕੁਝ ਯੂਰਪੀ ਵਿਦਵਾਨਾਂ (ਕਨਿੰਘਮ, ਡਾਂਊਸਨ ਤੇ ਲੈਸੇਨ ਆਦਿ) ਦੇ ਅਨੁਸਾਰ ਵੈਦਿਕ ਰਿਸ਼ੀਆਂ, ਮੁਨੀਆਂ ਤੇ ਪ੍ਰੋਹਿਤਾਂ ਨੇ ਪ੍ਰਾਚੀਨ ਭਾਰਤੀ ਚਿੱਤਰ-ਲਿਪੀ ਤੋਂ ਬ੍ਰਹਮੀ-ਲਿਪੀ ਨੂੰ ਵਿਕਸਿਤ ਕੀਤਾ। ਹੋ ਸਕਦਾ ਹੈ ਸਿੰਧ ਘਾਟੀ ਦੀ ਚਿੱਤਰ-ਲਿਪੀ ਤੋਂ ਪ੍ਰਭਾਵਿਤ ਹੋ ਕੇ ਆਰੀਆ ਲੋਕਾਂ ਨੇ ਬ੍ਰਹਮੀ-ਲਿਪੀ ਘੜੀ ਹੋਵੇ। ਦੂਜੇ ਪਾਸੇ ਸਰਦਾਰ ਜੀ. ਬੀ. ਸਿੰਘ ਅਨੁਸਾਰ ਬ੍ਰਹਮੀ-ਲਿਪੀ ਦਾ ਨਿਕਾਸ ਫ਼ਿਨੀਸ਼ੀਅਨ ਲੋਕਾਂ ਦੀ ਫ਼ਿਨਕੀ ਜਾਂ ਫ਼ਿਨੀਸ਼ੀਅਨ ਲਿਪੀ ਵਿੱਚੋਂ ਹੋਇਆ ਹੈ। ਫ਼ਿਨੀਸ਼ੀਅਨ ਲੋਕ ਸੌਦਾਗਰ ਸਨ, ਜਿਨ੍ਹਾਂ ਦੇ ਮੁੱਖ ਕੇਂਦਰ ਬਿਬਲੂਸ (Byblus), ਸਿਡਨ (Sidon) ਤੇ ਤਾਇਰ (Tyre) ਦੀਆਂ ਬੰਦਰਗਾਹਾਂ ਸਨ ਅਤੇ ਇਨ੍ਹਾਂ ਲੋਕਾਂ ਦੀ ਫ਼ਿਨੀਸ਼ੀਅਨ ਲਿਪੀ ਪਾਸੋਂ ਹੀ ਭਾਰਤੀ ਵਪਾਰੀ ਇਕ ਲਿਪੀ ਭਾਰਤ ਲੈ ਕੇ ਆਏ। ਇਸ ਲਿਪੀ ਨੂੰ ਆਧਾਰ ਬਣਾ ਕੇ ਬ੍ਰਹਮੀ-ਲਿਪੀ ਪੈਦਾ ਹੋਈ। ਇਨ੍ਹਾਂ ਦੋਵੇਂ ਮੱਤਾਂ ਵਿਚੋਂ ਭਾਵੇਂ ਕੋਈ ਵੀ ਠੀਕ ਹੋਵੇ ਜਾਂ ਗ਼ਲਤ, ਪਰ ਇਕ ਗੱਲ ਸਰਵ-ਪ੍ਰਮਾਣਿਤ ਹੈ ਕਿ ਬ੍ਰਹਮੀ-ਲਿਪੀ ਤੋਂ ਹੀ ਅੱਗੇ ਮੋਰੀਆਂ (ਗੁਪਤ) ਕਾਲ ਵਿਚ ਕਈ ਤਬਦੀਲੀਆਂ ਆਈਆਂ ਅਤੇ ਇਸ ਦੀ ਪੂਰਬੀ ਸ਼ਾਖਾ ਤੋਂ ਸਿੱਧ-ਮਾਤ੍ਰਿਕਾ ਲਿਪੀ ਪੈਦਾ ਹੋਈ। ਸੱਤਵੀਂ ਸਦੀ ਵਿਚ ਇਸ ਲਿਪੀ ਵਿਚ ਜ਼ਬਰਦਸਤ ਪਰਿਵਰਤਨ ਆਏ ਅਤੇ ਗੁਪਤ-ਬ੍ਰਹਮੀ ਲਿਪੀ ਉੱਤਰੀ ਭਾਰਤ ਦੇ ਕਈ ਸਥਾਨਕ ਰੂਪਾਂ ਵਿੱਚ ਅਰਥਾਤ ਕਈ ਵੰਨ-ਸੁਵੰਨੇ ਰੂਪਾਂ -ਸ਼ਾਰਦਾ, ਨਗਰ ਤੇ ਕੁਟਿਲ- ਵਿਚ ਵੰਡੀ ਗਈ। ਇਨ੍ਹਾਂ ਲਿਪੀਆਂ ਤੋਂ ਹੀ ਅੱਗੇ ਕਈ ਭਾਰਤੀ ਲਿਪੀਆਂ ਦਾ ਵਿਕਾਸ ਹੋਇਆ,

ਜਿਸ ਨੂੰ ਅਸੀਂ ਹੇਠ ਦਰਜ ਡਾਇਗ੍ਰਾਮ ਰਾਹੀਂ ਸਮਝ ਸਕਦੇ ਹਾਂ:-

- ਸ਼ਾਰਦਾ: ਟਾਕਰੀ, ਗੁਰਮੁਖੀ, ਲੰਡੇ, ਡੋਗਰੀ, ਚੰਬਿਆਲੀ, ਸਿਰਮੌਰ, ਜੈਨਸਾਰੀ, ਕੋਛੀ, ਕੁਲੂ, ਕਸ਼ਟਵਾਰੀ, ਮੁਲਤਾਨੀ
- ਨਾਗਰ: ਦੇਵਨਾਗਰੀ- ਗੁਜਰਾਤੀ, ਸਰਾਫ਼ੀ, ਮਹਾਜਨੀ, ਮੋੜੀ
- ਕੁਟਿਲ: ਬਿਹਾਰੀ, ਮੈਥਲੀ, ਬੰਗਾਲੀ, ਆਸਾਮੀ, ਉੜੀਆ

ਇਸ ਪ੍ਰਕਾਰ ਭਾਰਤੀ ਤੇ ਦੱਖਣੀ ਏਸ਼ੀਆ ਵਿੱਚ ਪ੍ਰਯੋਗ ਹੁੰਦੀਆਂ ਅਨੇਕਾਂ ਆਧੁਨਿਕ ਲਿਪੀਆਂ ਬ੍ਰਹਮੀ-ਲਿਪੀ ਤੋਂ ਪੈਦਾ ਹੋਈਆ ਮੰਨੀਆਂ ਜਾਂਦੀਆਂ ਹਨ ਅਤੇ ਬ੍ਰਹਮੀ-ਲਿਪੀ ਨੂੰ ਵਿਸ਼ਵ ਦੀ ਸਭ ਤੋਂ ਪ੍ਰਭਾਵਸ਼ਾਲੀ ਲਿਖਤ ਪਰੰਪਰਾਵਾਂ ਵਿੱਚੋਂ ਇੱਕ ਬਣਾਉਂਦੀਆਂ ਹਨ। ਇਸ ਦੇ ਨਾਲ ਹੀ ਇਸਲਾਮੀ ਰਾਜ ਦੇ ਭਾਰਤ ਵਿਚਲੇ ਪ੍ਰਵੇਸ਼ ਨਾਲ ਖ਼ਰੋਸ਼ਟੀ ਲਿਪੀ, ਜੋ ਸੱਜੇ ਤੋਂ ਖੱਬੇ ਪਾਸੇ ਵੱਲ ਲਿਪੀ ਜਾਂਦੀ ਸੀ ਅਤੇ ਇਸ ਲਿਪੀ ਉੱਤਰੀ ਭਾਰਤ (ਪੰਜਾਬ ਤੇ ਸਿੰਧ) ਵਿਚ ਹੀ ਪ੍ਰਚਿੱਲਤ ਸੀ।

2.0 ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ

ਅਸੀਂ ਪਹਿਲਾ ਸਪਸ਼ਟ ਕੀਤਾ ਹੈ ਕਿ ਭਾਰਤੀ ਲਿਪੀਆਂ ਦੇ ਪੈਦਾ ਹੋਣ ਦੇ ਸੰਬੰਧ ਵਿਚ ਦੋ ਪ੍ਰਮੁੱਖ ਸਿਧਾਂਤ ਪ੍ਰਚੱਲਿਤ ਹਨ। ਜਿਨ੍ਹਾਂ ਵਿਚੋਂ ਇਕ ਵਿਚ ਕਿਹਾ ਜਾਂਦਾ ਹੈ ਕਿ ਭਾਰਤ ਦੀ ਪ੍ਰਾਚੀਨ ਲਿਪੀ 'ਬ੍ਰਹਮੀ' ਪਹਿਲਾ ਮੌਜੂਦ ਭਾਰਤੀ ਲਿਪੀਆਂ ਨੂੰ ਸੋਧਕ ਬਣੀ ਗਈ ਸੀ। ਇਸ ਦੇ ਮੁਕਾਬਲੇ ਦੂਜਾ ਸਿਧਾਂਤ ਦੱਸਦਾ ਹੈ ਕਿ 'ਬ੍ਰਹਮੀ-ਲਿਪੀ' ਦੀ ਭਾਰਤ ਵਿਚ ਆਮਦ ਬਾਹਰੀ ਦੇਸ਼ਾਂ ਤੋਂ ਹੋਈ ਸੀ। ਇਸ ਪ੍ਰਸੰਗ ਵਿਚ ਸਰਦਾਰ ਜੇ.ਬੀ. ਸਿੰਘ ਨੇ ਬੜੀ ਦਲੀਲ ਨਾਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਰੂਮਸਾਗਰ ਦੇ ਕੰਢਿਆਂ ਉੱਤੇ ਫ਼ਨੀਸੀ ਨਾਮ ਦੀ ਇਕ ਮਨੁੱਖ-ਜਾਤੀ ਦਾ ਵਾਸਾ ਸੀ ਅਤੇ ਇਹ ਵਪਾਰੀ ਕਿਸਮ ਦੇ ਲੋਕ ਸਨ। ਫ਼ੁਨੀਸੀ ਲੋਕਾਂ ਨੇ ਆਪਣੇ ਵਪਾਰਿਕ ਅੰਕੜਿਆਂ ਅਤੇ ਹੋਰ ਸੌਦਿਆਂ ਦਾ ਹਿਸਾਬ-ਕਿਤਾਬ ਰੱਖਣ ਲਈ 22 ਧੁਨੀਆਂ ਵਾਲੀ ਫ਼ੁਨੀਸੀਅਨ ਲਿਪੀ ਨੂੰ ਇਜਾਦ ਕੀਤਾ ਅਤੇ ਇਸ ਲਿਪੀ, ਯੂਰਪੀਅਨ ਲਿਪੀ ਸਮੇਤ, ਦੁਨੀਆ ਦੀਆਂ ਅਨੇਕਾਂ ਲਿਪੀਆਂ ਦੀ ਮਾਂ-ਲਿਪੀ ਬਣੀ। ਸਰਦਾਰ ਜੇ.ਬੀ. ਸਿੰਘ ਇਹ ਵੀ ਦਲੀਲ ਦਿੰਦੇ ਹਨ ਕਿ ਭਾਰਤੀ ਲੋਕ ਇਨ੍ਹਾਂ ਫ਼ੁਨੀਸੀ ਲੋਕਾਂ ਨਾਲ ਵਪਾਰਿਕ ਸੰਬੰਧ ਰੱਖਦੇ ਸਨ ਅਤੇ ਉਨ੍ਹਾਂ ਹੋਰਾਂ ਯੂਰਪੀਅਨ ਕੌਮਾਂ ਦੀ ਤਰ੍ਹਾਂ ਹੀ ਫ਼ਨੀਸੀ ਕੌਮ ਤੋਂ ਲਿਪੀ ਦਾ ਵੱਲ ਸਿੱਖਿਆ ਅਤੇ ਭਾਰਤ ਦੀ 'ਬ੍ਰਹਮੀ-ਲਿਪੀ' ਦਾ ਨਿਰਮਾਣ ਕੀਤਾ। ਇਸ ਤਰ੍ਹਾਂ ਸਰਦਾਰ ਜੇ.ਬੀ. ਸਿੰਘ 'ਬ੍ਰਹਮੀ-ਲਿਪੀ' ਅਤੇ ਉਸ ਤੋਂ ਬਾਅਦ ਪੈਦਾ ਹੋਣ ਵਾਲੀਆਂ ਹੋਰ ਭਾਰਤੀ ਲਿਪੀਆਂ ਦੀ ਜਨਨੀ ਫ਼ੁਨੀਸੀਅਨ ਲਿਪੀ ਨੂੰ ਮੰਨਦੇ ਹਨ।

ਪਰ ਸਰਦਾਰ ਜੇ.ਬੀ. ਸਿੰਘ ਦੀ 'ਬ੍ਰਹਮੀ ਬਾਹਰੋਂ ਆਈ ਲਿਪੀ' ਵਾਲੀ ਧਾਰਨਾ ਵਿਚ ਕਈ ਕਮੀਆਂ ਹਨ। ਪਹਿਲੀ ਕਮੀ ਇਹ ਹੈ ਕਿ ਭਾਰਤੀ ਕੌਮ ਫ਼ੁਨੀਸੀ ਕੌਮ ਤੋਂ ਜ਼ਿਆਦਾ ਪੁਰਾਣੀ ਕੌਮ ਹੈ। ਦੂਜਾ ਜਿੱਥੇ ਫ਼ੁਨੀਸੀਅਨ-ਲਿਪੀ ਵਿਚ 22 ਧੁਨੀਆਂ ਸਨ, ਉੱਥੇ ਬ੍ਰਹਮੀ-ਲਿਪੀ ਵਿਚ 52 ਧੁਨੀਆਂ ਦੀ ਮੌਜੂਦਗੀ ਸੀ। ਤੀਜਾ ਭਾਰਤ ਵਿਚ ਸਿੱਧ-ਘਾਟੀ ਦੀ ਸਭਿਅਤਾ ਦੇ ਸਮੇਂ ਤੋਂ ਹੀ ਭਾਰਤ ਵਿਚ ਲਿਪੀ-ਪ੍ਰਬੰਧ ਮੌਜੂਦ ਸੀ ਅਤੇ ਬ੍ਰਹਮੀ ਪਹਿਲਾ ਮੌਜੂਦ ਭਾਰਤੀ ਲਿਪੀਆਂ ਦਾ ਹੀ ਵਿਕਸਤ ਰੂਪ ਸੀ। ਚੌਥਾ ਕਾਰਨ ਇਹ ਕਿ ਆਰੀਆ ਰਿਸ਼ੀ ਲੋਕਾਂ, ਜਿਨ੍ਹਾਂ ਨੇ ਵੇਦਾਂ ਤੇ ਹੋਰ ਅਨੇਕਾਂ ਗ੍ਰੰਥਾਂ ਦੀ ਰਚਨਾ ਕੀਤੀ, ਕੀ ਉਨ੍ਹਾਂ ਆਪਣੇ ਸਾਹਿਤ ਦੀ ਸੰਭਾਲ ਲਈ ਕਿਸੇ ਲਿਪੀ ਦੀ ਕਾਢ ਨਹੀਂ ਕੱਢੀ ਹੋਵੇਗੀ? ਤਾਂ ਇਸ ਦਾ ਜਵਾਬ ਹੋਵੇਗਾ ਬਿਲਕੁਲ 'ਹਾਂ' ਹੋਵੇਗਾ। ਇਸ ਕਰਕੇ ਹੀ ਇਨ੍ਹਾਂ ਰਿਸ਼ੀਆਂ ਨੇ ਬ੍ਰਹਮੀ ਨਾਮ ਦੀ ਲਿਪੀ ਦੀ

ਈਜਾਦ ਕੀਤੀ ਅਤੇ ਇਸ ਦਾ ਨਾਮ ਬ੍ਰਹਮ ਨਾਲ ਮਿਲਦਾ ਜੁਲਦਾ ਰੱਖਿਆ ਕਿਉਂਕਿ ਬ੍ਰਹਮ ਦੀ ਪ੍ਰਾਪਤੀ ਦਾ ਨੁਕਤਾ ਭਾਰਤੀ-ਦਰਸ਼ਨ ਦੇ ਕੇਂਦਰ ਵਿਚ ਰਿਹਾ ਹੈ, ਜਿਸ ਦਾ ਜ਼ਿਕਰ ਵੇਦ-ਪਰੰਪਰਾ ਵਿਚ ਬਾਰ ਆਉਂਦਾ ਹੈ। ਇਨ੍ਹਾਂ ਪ੍ਰਮੁੱਖ ਕਾਰਨਾਂ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਸਰਦਾਰ ਜੇ.ਬੀ. ਸਿੰਘ ਦਾ 'ਬਾਹਰੋਂ ਆਈ ਲਿਪੀ' ਵਾਲਾ ਤਰਕ ਅੰਗਰੇਜ਼ ਵਿਦਵਾਨਾਂ ਤੋਂ ਪ੍ਰਭਾਵ ਹੈ, ਜਿਸ ਵਿਚ ਅਨੇਕਾਂ ਕਮੀਆਂ ਹਨ। ਇਸ ਜ਼ਿਆਦਾ ਸੰਭਵ ਹੈ ਕਿ ਭਾਰਤੀ ਲੋਕਾਂ ਦੀ ਤਰ੍ਹਾਂ ਫ਼ੁਨੀਸੀ ਲੋਕ ਵੀ ਆਰੀਆ ਸਨ ਤਾਂ ਫ਼ੁਨੀਸੀ ਲੋਕਾਂ ਨੇ ਆਪਣੀ ਲਿਪੀ ਭਾਰਤ ਵਿਚੋਂ ਹੀ ਲਈ ਹੋਵੇ ਅਤੇ ਰੂਮਸਾਗਰ ਦੇ ਕੰਢਿਆਂ ਉੱਤੇ ਜਾ ਵਸੇ ਹੋਣ। ਇਸ ਲਈ 'ਬ੍ਰਹਮੀ-ਲਿਪੀ' ਭਾਰਤੀ ਆਰੀਆ ਲੋਕਾਂ ਦੀ ਕਾਢ ਵਧੇਰੇ ਜਾਪਦੀ ਹੈ, ਜਿਸ ਨੂੰ ਆਰੀਆ ਰਿਸ਼ੀਆਂ ਨੇ ਆਪਣੇ ਸਾਹਿਤ ਦੀ ਸੰਭਾਲ ਲਈ ਪਹਿਲਾਂ ਮੌਜੂਦ ਭਾਰਤੀ ਲਿਪੀਆਂ ਤੋਂ ਤਿਆਰ ਕੀਤਾ ਹੋਵੇਗਾ।

ਇਨ੍ਹਾਂ ਆਰੀਆ ਰਿਸ਼ੀਆਂ ਦੀ ਦੇਣ ਸਦਕਾ ਬ੍ਰਹਮੀ-ਲਿਪੀ ਭਾਰਤ ਵਿਚ ਆਪਣਾ ਪ੍ਰਭਾਵ ਕਾਇਮ ਕਰ ਸਕੀ ਅਤੇ ਅਨੇਕਾਂ ਹੋਰ ਏਸ਼ੀਆਈ ਦੇਸ਼ਾਂ ਵਿਚ ਵੀ ਆਪਣਾ ਵਿਸਥਾਰ ਕਰ ਸਕੀ। ਪਰ ਸਮੇਂ ਦੇ ਬੀਤਣ ਨਾਲ ਨਾਲ ਬ੍ਰਹਮੀ-ਲਿਪੀ ਦਾ ਰੂਪ ਬਦਲਦਾ ਗਿਆ ਅਤੇ ਬ੍ਰਹਮੀ ਭਾਰਤ ਵਿਚ ਸਥਾਨਿਕ ਭਿੰਨਤਾ ਕਾਰਨ- ਸ਼ਾਰਦਾ, ਨਾਗਰੀ ਤੇ ਕੁਟਿਲ- ਲਿਪੀ ਵਿਚ ਤਬਦੀਲ ਹੋ ਗਈ। ਪੰਜਾਬ ਦੇ ਲੋਕਾਂ ਨੇ ਗੰਗਾ ਵਾਲੇ ਇਲਾਕੇ ਦੇ ਲੋਕਾਂ ਤੋਂ ਵੱਖਰਾ ਸਰਸਵਤੀ ਨੂੰ ਆਪਣੀ ਸ਼ਰਧਾ ਦਾ ਪ੍ਰਤੀਕ ਬਣਾ ਲਿਆ ਅਤੇ ਆਪਣੀ ਲਿਪੀ ਨੂੰ ਸ਼ਾਰਦਾ ਨਾਮ ਨਾਲ ਪੁਕਾਰਨਾ ਸ਼ੁਰੂ ਕਰ ਦਿੱਤਾ। ਇਸ ਕਾਰਨ ਉਸ ਸਮੇਂ ਬ੍ਰਹਮੀ ਦੇ ਅੱਗੇ ਵਿਕਸਤ ਹੋਏ ਦੋ ਰੂਪ ਜੋ ਜ਼ਿਆਦਾ ਪ੍ਰਸਿੱਧ ਹਨ- ਉਨ੍ਹਾਂ ਵਿਚੋਂ ਪੂਰਬ ਵਿਚ 'ਨਾਗਰੀ' ਨਾਮ ਦੀ ਲਿਪੀ ਪ੍ਰਚੱਲਿਤ ਸੀ ਅਤੇ ਪੱਛਮ ਵਿਚ, ਅਰਥਾਤ ਪੰਜਾਬ ਤੇ ਇਸ ਦੇ ਲਾਗਲੇ ਇਲਾਕੇ ਵਿਚ 'ਸ਼ਾਰਦਾ' ਲਿਪੀ ਦੀ ਵਰਤੋਂ ਹੁੰਦੀ ਸੀ। ਇਹ ਦਸਵੀਂ ਸਦੀ ਈ. ਦੇ ਨੇੜੇ ਦੀ ਸਥਿਤੀ ਸੀ। ਸਰਸਵਤੀ ਦੇ ਕੱਢੇ ਉੱਤੇ ਵੱਸਦੇ ਲੋਕਾਂ ਨੂੰ ਆਪਣੇ ਦੁਸ਼ਮਣਾਂ ਤੋਂ ਬਚਣ ਲਈ ਕਸ਼ਮੀਰ ਵੱਲ ਜਾਣਾ ਪਿਆ ਅਤੇ ਸ਼ਾਰਦਾ ਦੀ ਵਰਤੋਂ ਕਸ਼ਮੀਰ ਵਿਚ ਤਾਂ ਕਾਫ਼ੀ ਸਮੇਂ ਤੱਕ ਹੁੰਦੀ ਰਹੀ, ਪਰੰਤੂ ਪੰਜਾਬ ਵਿਚ ਲਗਭਗ ਖ਼ਤਮ ਹੋ ਗਈ। ਕਸ਼ਮੀਰ ਵਿੱਚ ਨਾਥ ਤੇ ਜੋਗੀ ਰਹਿੰਦੇ ਸਨ ਜਿਨ੍ਹਾਂ ਨੂੰ ਸਿੱਧ ਵੀ ਕਿਹਾ ਜਾਂਦਾ ਸੀ। ਇਹ ਸਿੱਧ ਇੱਕ ਲਿਪੀ ਦਾ ਪ੍ਰਯੋਗ ਕਰਦੇ ਸਨ ਜੋ ਸ਼ਾਰਦਾ ਦਾ ਵਿਕਸਿਤ ਰੂਪ ਸੀ। ਇਸ ਲਿਪੀ ਨੂੰ ਸਿੱਧਾਂ ਦੇ ਨਾਮ ਨਾਲ ਮਿਲਦੇ ਜੁਲਦੇ ਨਾਮ 'ਸਿੱਧ-ਮਾਤ੍ਰਿਕਾ' ਨਾਲ ਪੁਕਾਰਿਆ ਜਾਣ ਲੱਗਿਆ। ਸ਼ਾਰਦਾ, ਨਾਗਰ ਤੇ ਸਿੱਧ-ਮਾਤ੍ਰਿਕਾ ਦੇ ਮੇਲ ਵਿਚੋਂ ਨਾਗਰੀ ਤੇ ਸ਼ਾਰਦਾ ਦੀ ਵਰਤੋਂ ਵਿਚਕਾਰਲੇ ਇਲਾਕੇ (ਭਾਵ ਪੰਜਾਬ) ਵਿਚ ਲਿਪੀ ਦਾ ਇਕ ਨਵਾਂ ਰੂਪ ਪੈਦਾ ਹੋਇਆ, ਜਿਸ ਨੂੰ ਅਲਬਰੂਨੀ (1030 ਈ. ਤੱਕ) 'ਅਰਧ-ਨਾਗਰੀ' ਲਿਪੀ ਵਜੋਂ ਆਪਣੀ ਪੁਸਤਕ ਅਲਹਿੰਦ ਵਿਚ ਦਰਜ ਕਰਦਾ ਹੈ। ਇਸ ਲਿਪੀ ਉੱਤੇ ਨਾਗਰੀ, ਸ਼ਾਰਦਾ ਤੇ ਸਿੱਧ-ਮਾਤ੍ਰਿਕਾ ਦਾ ਪ੍ਰਭਾਵ ਸੀ। ਇਸ 'ਅਰਧ-ਨਾਗਰੀ' ਤੋਂ ਹੀ ਅੱਗੇ ਗੁਰਮੁਖੀ ਲਿਪੀ ਦਾ ਜਨਮ ਹੁੰਦਾ ਹੈ।

2.1 ਗੁਰਮੁਖੀ ਦਾ ਨਾਮਕਰਨ

ਗੁਰਮੁਖੀ ਦੇ ਨਿਕਾਸ ਬਾਬਤ ਆਮ ਲੋਕਾਂ ਵਿੱਚ ਤਿੰਨ ਮੱਤ ਪ੍ਰਚਲਿਤ ਹਨ। ਪਹਿਲਾ ਮੱਤ ਇਹ ਹੈ ਕਿ ਗੁਰਮੁਖੀ ਅੱਖਰਾਂ ਦੀ ਰਚਨਾ ਗੁਰੂ ਅੰਗਦ ਦੇਵ ਜੀ ਨੇ ਕੀਤੀ ਹੈ। ਦੂਸਰੇ ਮੱਤ ਅਨੁਸਾਰ ਇਨ੍ਹਾਂ ਦੀ ਰਚਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ ਅਤੇ ਤੀਜਾ ਮੱਤ ਅਨੁਸਾਰ ਇਸ ਦਾ ਰਚਣਹਾਰਾ ਬਾਬਾ ਸ੍ਰੀ ਚੰਦ ਨੂੰ ਮੰਨਿਆ ਜਾਂਦਾ ਹੈ। ਪਰ ਇਹ

ਸਾਰੀਆਂ ਧਾਰਨਾਵਾਂ ਉਦੋਂ ਰੱਦ ਹੋ ਜਾਂਦੀਆਂ ਹਨ ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਪੱਟੀ' ਨੂੰ ਦੇਖਦੇ ਹਾਂ। 'ਪੱਟੀ' ਨਾਮੀ ਬਾਣੀ ਤੋਂ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ 'ਅਰਧ-ਨਾਗਰੀ' ਪੰਜਾਬੀ ਭਾਸ਼ਾ ਨੂੰ ਲਿਖਤਬੱਧ ਕਰਨ ਲਈ ਪ੍ਰਚੱਲਿਤ ਸੀ। ਡਾ. ਕਾਲਾ ਸਿੰਘ ਬੇਦੀ ਨੇ ਇਸ ਗੱਲ ਨੂੰ ਸਿਰੇ ਤੋਂ ਨਕਾਰਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਨੂੰ ਲੰਡੇ ਅੱਖਰਾਂ ਵਿਚ ਲਿਖਤ ਰੂਪ ਦਿੱਤਾ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਤਰਕ ਕੋਰੀ ਕਲਪਨਾ ਅਧਾਰਿਤ ਹੈ।

ਇਸ ਦੇ ਨਾਲ ਹੀ ਡਾ. ਕਾਲਾ ਸਿੰਘ ਬੇਦੀ ਦਾ ਇਹ ਵੀ ਵਿਚਾਰ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਬੈਠ ਕੇ ਗੁਰਮਤ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਅਤੇ ਆਪਣੀ ਬਾਣੀ (ਸਲੋਕ) ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਵਿਚ ਲਿਖੀ। ਆਪ ਜੀ ਨੇ ਮਹਿਸੂਸ ਕੀਤਾ ਕਿ ਅਰਧ-ਨਾਗਰੀ ਦੇ ਕੁਝ ਅੱਖਰ ਲਿਖਣੇ ਵਿਚ ਬੜੇ ਮੁਸ਼ਕਲ ਹਨ। ਇਸ ਲਈ ਆਪ ਜੀ ਨੇ ਇਨ੍ਹਾਂ ਅੱਖਰਾਂ ਦੀ ਸ਼ਕਲ-ਸੂਰਤ ਹੁਣ ਵਾਲੇ ਰੂਪ ਵਿਚ ਕਾਇਮ ਕੀਤੀ ਅਤੇ ਅੱਖਰਾਂ ਦੀ ਤਰਤੀਬ ਵੀ ਹੁਣ ਵਾਲੀ ਤਰਤੀਬ ਵਿਚ ਰੱਖੀ। 'ਅਰਧ-ਨਾਗਰੀ' ਵਿਚ ਇਹ ਸੁਧਾਰ ਕਰਨ ਕਰਕੇ ਬਹੁਤ ਸਾਰੇ ਵਿਦਵਾਨ ਗੁਰਮੁਖੀ ਲਿਪੀ ਦੀ ਕਾਢ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਜੋੜਕੇ ਹਨ, ਜਦ ਕਿ ਇਹ ਤਰਕ ਠੀਕ ਨਹੀਂ। ਅਸਲ ਵਿਚ ਗੁਰਮੁਖੀ ਅੱਖਰਾਂ ਦੀ ਹੁਣ ਵਾਲੀ ਸ਼ਕਲ ਤੇ ਅੱਖਰਾਂ ਦੀ ਤਰਤੀਬ ਗੁਰੂ ਅੰਗਦ ਦੇਵ ਨੇ ਹੀ ਦਿੱਤੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੁਲਤਾਨਪੁਰ ਲੋਧੀ ਦੇ ਵਿਦਵਾਨ ਪੈੜੇ ਮੋਖੇ ਨੂੰ, ਜੋ ਦੇਵਨਾਗਰੀ ਤੋਂ ਅਰਧ-ਨਾਗਰੀ ਦੇ ਅੱਖਰ ਲਿਖ ਸਕਦਾ ਸੀ ਤੇ ਹਿੰਦੀ, ਸੰਸਕ੍ਰਿਤ ਤੇ ਪੰਜਾਬੀ ਭਾਸ਼ਾਵਾਂ ਦਾ ਗਿਆਨ ਰੱਖਦਾ ਸੀ, ਖਡੂਰ ਸਾਹਿਬ ਬੁਲਾ ਕੇ ਭਾਈ ਬਾਲੇ ਦੇ ਮੂੰਹੋਂ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਘਟਨਾਵਾਂ ਨੂੰ ਸੁਣਕੇ, ਜਨਮ-ਸਾਖੀ ਵਿਚ ਲਿਖਵਾਇਆ। ਇਸ ਕਥਨ ਦਾ ਮਤਲਬ ਇਹ ਹੋਇਆ ਕਿ 'ਅਰਧ-ਨਾਗਰੀ' ਲਿਪੀ ਲਗਭਗ ਸਾਰੇ ਪੰਜਾਬ ਵਿਚ, ਪੰਜਾਬੀ ਬੋਲੀ ਨੂੰ ਲਿਖਤਬੱਧ ਕਰਨ ਲਈ ਚਾਲੂ ਸੀ, ਜਦ ਕਿ ਲੰਡੇ ਕੇਵਲ ਹਿਸਾਬ ਕਿਤਾਬ ਰੱਖਣ ਲਈ ਵਪਾਰੀਆਂ, ਦੁਕਾਨਦਾਰਾਂ ਤੋਂ ਸ਼ਾਹੂਕਾਰਾਂ ਦੀਆਂ ਵਹੀਆਂ ਦਾ ਹੀ ਸ਼ਿੰਗਾਰ ਸਨ। ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਤੀਜੇ ਗੁਰੂ ਅਮਰਦਾਸ ਜੀ ਪਾਸ ਪੁੱਜੀ। ਉਨ੍ਹਾਂ ਨੇ ਵੀ ਆਪਣੀ ਬਾਣੀ ਇਸੇ ਅਰਧ-ਨਾਗਰੀ ਲਿਪੀ ਵਿਚ ਹੀ ਲਿਖੀ। ਜਦ ਉਹ ਸਾਰੀ ਬਾਣੀ ਸ੍ਰੀ ਗੁਰੂ ਅਰਜਨ ਜੀ ਪਾਸ ਪਹੁੰਚੀ ਤਦ ਉਨ੍ਹਾਂ ਨੇ ਆਪਣੀ ਬਾਣੀ, ਗੁਰੂਆਂ ਦੀ ਬਾਣੀ, ਭਗਤਾਂ, ਜੱਟਾਂ ਆਦਿ ਦੀਆਂ ਰਚਨਾਵਾਂ ਨੂੰ, ਜੋ ਗੁਰਮਤਿ ਨਾਲ ਮੇਲ ਖਾਂਦੀ ਸੀ, ਸ੍ਰੀ ਗੁਰੂ ਗ੍ਰੰਥ ਵਿਚ ਸੰਕਲਿਤ ਕਰ ਦਿੱਤਾ। ਇਹ ਸਾਰੀ ਬਾਣੀ ਅਰਧ-ਨਾਗਰੀ (ਗੁਰਮੁਖੀ) ਵਿਚ ਹੀ ਲਿਖੀ ਗਈ ਸੀ। ਗੁਰਮਤ ਵਿਚਾਰਧਾਰਾ ਵਿਚ 'ਗੁਰਮੁਖ' ਸ਼ਬਦ ਦੀ ਬਹੁਤ ਵਰਤੋਂ ਕੀਤੀ ਜਾਂਦੀ ਹੈ। ਉਸ ਵੇਲੇ ਹਰੇਕ ਸਿੱਖ ਨੂੰ ਗੁਰਮੁਖ ਕਿਹਾ ਜਾਂਦਾ ਸੀ, ਕਿਉਂਕਿ ਉਹ ਗੁਰੂਆਂ ਦੇ ਮੁੱਖ ਤੋਂ ਉਚਾਰੀ ਹੋਈ ਬਾਣੀ ਦਾ ਧਾਰਨੀ, ਦ੍ਰਿੜ੍ਹ ਵਿਸ਼ਵਾਸੀ ਤੇ ਸੱਚਾ ਅਮਲ ਕਰਦਾ ਸੀ। ਸੋ ਗੁਰਮੁਖਾਂ ਨੇ ਵੀ ਗੁਰੂਆਂ ਤੋਂ ਅਪਣਾਈ ਗਈ ਲਿਪੀ ਨੂੰ ਹੀ ਆਪਣੇ ਕਾਰ-ਵਿਹਾਰ, ਚਿੱਠੀ-ਪੱਤਰ ਤੇ ਸਾਹਿਤ ਰਚਨਾ ਦਾ ਮਾਧਿਅਮ ਬਣਾ ਲਿਆ। ਗੁਰਮੁਖਾਂ ਵੱਲੋਂ ਵਰਤੀ ਜਾਣ ਵਾਲੀ ਲਿਪੀ ਦਾ ਨਾਮ ਗੁਰਮੁਖੀ ਮਸ਼ਹੂਰ ਹੋ ਗਿਆ, ਜਿਵੇਂ ਨਾਗਰ ਬਾਹਮਣਾਂ ਤੋਂ ਵਰਤੀ ਜਾਣ ਵਾਲੀ ਲਿਪੀ 'ਨਾਗਰੀ' ਹੋ ਗਈ। ਸੋ ਮਤਲਬ ਇਹ ਹੋਇਆ ਕਿ ਗੁਰੂਆਂ ਤੇ ਗੁਰਮੁਖਾਂ ਵਿਚ ਵਰਤੀ ਗਈ ਲਿਪੀ ਗੁਰਮੁਖੀ ਸੀ।

ਸਪਸ਼ਟ ਹੈ ਕਿ ਗੁਰਮੁਖੀ ਦੀ ਘਾੜਤ ਗੁਰੂ ਵਿਅਕਤੀਆਂ ਨੇ ਨਹੀਂ ਕੀਤੀ ਸਗੋਂ ਉਨ੍ਹਾਂ ਤੋਂ ਵੀ ਪਹਿਲਾਂ ਇਹ ਲਿਪੀ ਪੰਜਾਬ ਦੇ ਲੋਕਾਂ ਵਿੱਚ ਪ੍ਰਚੱਲਿਤ ਸੀ। ਭਾਵੇਂ ਕਿ ਇਸ ਦਾ ਵਰਤਮਾਨ ਨਾਮ 'ਗੁਰਮੁਖੀ' ਗੁਰੂ ਸਾਹਿਬਾਨ ਤੋਂ ਪਹਿਲਾਂ

ਪ੍ਰਚਲਿਤ ਨਹੀਂ ਸੀ। ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਪਹਿਲਾਂ ਇਸ ਨੂੰ 'ਅਰਧ-ਨਾਗਰੀ' ਕਿਹਾ ਜਾਂਦਾ ਸੀ। ਗੁਰੂ ਨਾਨਕ ਯੁੱਗ ਵਿੱਚ ਜਦੋਂ ਗੁਰੂ ਸਾਹਿਬਾਨ ਨੂੰ ਗੁਰਬਾਣੀ ਲਿਖਣ ਦੀ ਲੋੜ ਪਈ ਤਾਂ ਗੁਰਬਾਣੀ ਦੀਆਂ ਬਾਰੀਕੀਆਂ ਨੂੰ ਅੰਕਿਤ ਕਰਨ ਦੀ ਸਮਰੱਥਾ ਵਾਲੀ ਲਿਪੀ ਦੀ ਜ਼ਰੂਰਤ ਸੀ। ਹੋ ਸਕਦਾ ਹੈ ਕਿ ਉਸ ਸਮੇਂ ਉਨ੍ਹਾਂ ਨੇ ਪੰਜਾਬ ਦੀਆਂ ਉਸ ਸਮੇਂ ਪ੍ਰਚਲਿਤ ਅਧੂਰੀਆਂ ਲਿਪੀਆਂ ਨੂੰ ਸੋਧ ਕੇ ਅਤੇ ਤਰਤੀਬ ਦੇ ਕੇ ਅਜਿਹੀ ਲਿਪੀ ਬਣਾਈ ਹੋਵੇ। ਸੋ ਇਹ ਕਹਿਣਾ ਸਰਾਸਰ ਗ਼ਲਤ ਹੈ ਕਿ ਗੁਰਮੁਖੀ ਲਿਪੀ ਨੂੰ ਸਿੱਖ ਗੁਰੂਆਂ ਨੇ ਘੜਿਆ ਹੈ।

ਇਸ ਚਰਚਾ ਉਪਰੰਤ ਸਿੱਟਾ ਇਹ ਨਿਕਲਦਾ ਹੈ ਕਿ ਭਾਰਤੀ ਰਿਸ਼ੀਆਂ ਨੇ ਆਪਣੇ ਸਾਹਿਤ ਨੂੰ ਸੁਰੱਖਿਅਤ ਰੱਖਣ ਲਈ ਪੰਜਾਬ ਤੇ ਸਿੰਧ ਵਿੱਚ ਪ੍ਰਚਲਿਤ ਚਿੱਤਰ-ਲਿਪੀ ਤੋਂ ਪ੍ਰਭਾਵਿਤ ਹੋ ਕੇ ਬ੍ਰਹਮੀ ਲਿਪੀ ਦਾ ਨਿਰਮਾਣ ਕੀਤਾ। ਅਸ਼ੋਕ ਦੇ ਵੇਲੇ ਤੱਕ ਬ੍ਰਹਮੀ-ਲਿਪੀ ਵਿੱਚ ਵੱਖ-ਵੱਖ ਖੇਤਰਾਂ ਅਨੁਸਾਰ ਫ਼ਰਕ ਪੈਣੇ ਸ਼ੁਰੂ ਹੋ ਚੁੱਕੇ ਸਨ। ਅੱਖਰਾਂ ਦੀ ਬਣਤਰ ਉੱਤੇ ਇਲਾਕਾਈ ਪ੍ਰਭਾਵ ਕਾਰਨ ਵੱਖ-ਵੱਖ ਖੇਤਰਾਂ ਤੇ ਸਮੇਂ ਦੇ ਅੰਤਰਾਲ ਕਾਰਨ ਬ੍ਰਹਮੀ-ਲਿਪੀ ਅਤੇ ਗੁਪਤ ਕਾਲੀਨ ਲਿਪੀ ਦੇ ਵਿਕਾਸ ਪੜਾਵਾਂ ਵਿੱਚੋਂ ਲੰਘਦੀ ਹੋਈ ਸ਼ਾਰਦਾ, ਕੁਟਿਲ ਤੇ ਨਾਗਰ ਲਿਪੀਆਂ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਇਸ ਲਈ ਹੀ ਡਾ. ਤਰਲੋਚਨ ਸਿੰਘ ਬੇਦੀ ਕਹਿੰਦੇ ਹਨ ਕਿ ਜੇਕਰ ਅਸੀਂ ਗੁਰਮੁਖੀ ਲਿਪੀ ਦੇ ਵਿਕਾਸ-ਕ੍ਰਮ ਨੂੰ ਸੰਖਿਪਤ ਰੂਪ ਵਿੱਚ ਦੇਖਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਬ੍ਰਹਮੀ ਲਿਪੀ ਤੋਂ ਕੁਸ਼ਾਨ ਲਿਪੀ ਬਣੀ, ਫਿਰ ਗੁਪਤ ਲਿਪੀ ਵਿਕਸਿਤ ਹੋਈ। ਗੁਪਤ ਲਿਪੀ ਤੋਂ ਫਿਰ ਸ਼ਾਰਦਾ ਲਿਪੀ ਦਾ ਵਿਕਾਸ ਹੋਇਆ। ਇਸ ਸ਼ਾਰਦਾ, ਨਾਗਰੀ ਤੇ ਸਿੱਧ-ਮਾਤਰਿਕਾ ਦੇ ਮਿਸ਼ਰਨ ਤੋਂ ਅਰਧ ਨਾਗਰੀ ਅਤੇ ਅਰਧ ਨਾਗਰੀ ਦੇ ਅੱਖਰ ਹੀ ਗੁਰਮੁਖੀ ਦਾ ਆਧਾਰ ਬਣੇ।

2.2 ਗੁਰਮੁਖੀ ਦਾ ਵਿਕਾਸ

ਆਪਣੇ ਆਰੰਭਿਕ ਸਮੇਂ ਤੋਂ ਲੈ ਕੇ ਅੱਜ ਤੱਕ ਗੁਰਮੁਖੀ ਦੇ ਆਮ ਰੂਪ ਦੀ ਵਰਤੋਂ ਦੇ ਨਿਯਮਾਂ ਵਿਚ ਕੋਈ ਖ਼ਾਸ ਫ਼ਰਕ ਨਹੀਂ ਪਿਆ। ਪਰ ਕੁਝ ਸ਼ਬਦਾਂ ਤੇ ਲਗਾਂ ਆਦਿ ਦੇ ਰੂਪ ਵਿਚ ਜ਼ਰੂਰ ਅੰਤਰ ਆਇਆ ਹੈ। ਜਿਵੇਂ:

1. ਛਾਪੇਖ਼ਾਨੇ ਦੇ ਆਉਣ ਤੋਂ ਪਹਿਲਾਂ ਔਂਕੜ ਤੇ ਦੁਲੈਂਕੜ ਅੱਖਰ ਦਾ ਨਾਲ ਜੁੜ ਕੇ ਲਿਖੀਆਂ ਜਾਂਦੀਆਂ ਸਨ।
2. ਪੁਰਾਣੀਆਂ ਲਿਖਤਾਂ ਵਿਚ ਟਿੱਪੀ ਤੇ ਬਿੰਦੀ ਵਰਤੋਂ ਦੇ ਨਿਯਮ ਅੱਜ ਵਾਲੇ ਨਹੀਂ ਸਨ।
3. ਫ਼ਾਰਸੀ ਧੁਨੀਆਂ ਨੂੰ ਉਚਾਰਨ ਲਈ ਪੁਰਾਣੇ ਅੱਖਰਾਂ ਹੇਠਾਂ ਬਿੰਦੀ ਲਾ ਕੇ ਬਣਾਏ ਗਏ, ਜਿਵੇਂ /ਸ਼, ਖ਼, ਗ਼, ਜ਼, ਫ਼/ ਦੀ ਵਰਤੋਂ ਸ਼ੁਰੂ ਹੋਈ। ਪਿਛਲੇ ਕੁਝ ਸਾਲਾਂ ਤੋਂ ਇਕ ਹੋਰ ਨਵਾਂ ਅੱਖਰ ਪੈਰ ਬਿੰਦੀ ਵਾਲਾ ਰੂਪ /ਲ਼/ ਵੀ ਵਰਤਿਆ ਜਾਣ ਲੱਗਾ ਹੈ।
4. ਅੰਗਰੇਜ਼ੀ ਰਾਜ ਤੋਂ ਪਹਿਲਾਂ ਦੀਆਂ ਲਿਖਤਾਂ ਵਿਚ ਬੰਦ ਜੁੜੇ ਲਿਖੇ ਹੋਏ ਮਿਲਦੇ ਹਨ। ਸਾਰੀ ਪੰਕਤੀ ਦੀ ਉਤਲੀ ਲਾਈਨ ਇੱਕੋ ਹੀ ਹੁੰਦੀ ਸੀ। ਬੰਦਾਂ ਨੂੰ ਪਦ-ਛੇਦ (ਨਿਖੇੜ) ਕਰਕੇ ਅਰਥਾਤ ਵੱਖ-ਵੱਖ ਤੋੜ ਕੇ, ਲਿਖਣ ਦਾ ਰਿਵਾਜ ਅੰਗਰੇਜ਼ੀ ਰਾਜ ਵਿਚ ਹੀ ਪਿਆ।
5. ਅੰਗਰੇਜ਼ੀ ਰਾਜ ਸਮੇਂ ਤੋਂ ਗੁਰਮੁਖੀ ਵਿਚ ਅੰਗਰੇਜ਼ੀ ਵਾਲੀ ਵਿਸਰਾਮ-ਚਿੰਨ੍ਹਾਂ ਦੀ ਵਰਤੋਂ ਦੀ ਸ਼ੁਰੂਆਤ ਹੋਈ। ਇਸ ਤੋਂ ਪਹਿਲਾਂ ਸਿਰਫ਼ ਇੱਕੋ ਵਿਸਰਾਮ-ਚਿੰਨ੍ਹ ਵਰਤਿਆ ਜਾਂਦਾ ਸੀ- ਦੋ ਡੰਡੀਆਂ (॥) ਜੋ ਅੰਗਰੇਜ਼ੀ ਦੇ ਫ਼ੁਲ ਸਟਾਪ ਦੀ ਥਾਂ ਲਗਦੀਆਂ ਸਨ।
6. ਫ਼ੁੱਲ ਪ੍ਰਭਾਵ ਹੇਠ ਦੁੱਤ ਕਰਨ ਨੂੰ ਦਿਖਾਉਣ ਲਈ ਅਧਕ ਦੀ ਵਰਤੋਂ ਸ਼ੁਰੂ ਹੋਈ, ਇਸ ਤੋਂ ਪਹਿਲਾਂ ਅਧਕ ਹੋਂਦ

ਵਿਚ ਨਹੀਂ ਸੀ ਆਇਆ।

3.0 ਗੁਰਮੁਖੀ ਪੰਜਾਬੀ ਭਾਸ਼ਾ ਲਈ ਕਿਵੇਂ ਢੁਕਵੀਂ ਲਿਪੀ ਹੈ

ਭਾਰਤ ਵਿਚ ਕਈ ਲਿਪੀਆਂ ਪ੍ਰਚੱਲਿਤ ਹਨ ਅਤੇ ਉਹ ਵੱਖ-ਵੱਖ ਬੋਲੀਆਂ ਨੂੰ ਲਿਖਣ ਲਈ ਉਪਯੋਗੀ ਹਨ। ਇਸ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਗੁਰਮੁਖੀ-ਲਿਪੀ ਨਾਲ ਜੁੜੀ ਹੋਈ ਹੈ। ਪੰਜਾਬੀ ਭਾਸ਼ਾ ਦੀਆਂ ਕੁਝ ਆਪਣੀਆਂ ਵਿਸ਼ੇਸ਼ਤਾਵਾਂ ਹਨ, ਜਿਨ੍ਹਾਂ ਕਾਰਨ ਗੁਰਮੁਖੀ-ਲਿਪੀ ਦਾ ਵਜੂਦ ਕਾਇਮ ਹੋਇਆ ਅਤੇ ਇਹ ਲਿਪੀ ਪੰਜਾਬੀ-ਭਾਸ਼ਾ ਨੂੰ ਲਿਖਤਬੱਧ ਕਰਨ ਲਈ ਉਪਯੋਗੀ ਮੰਨੀ ਜਾਂਦੀ ਹੈ। ਗੁਰਮੁਖੀ-ਲਿਪੀ ਨੂੰ ਪੰਜਾਬੀ ਭਾਸ਼ਾ ਲਈ ਉਪਯੋਗੀ ਬਣਾਉਣ ਵਾਲੇ ਤੱਤ ਜਾਂ ਪ੍ਰਮੁੱਖ ਵਿਸ਼ੇਸ਼ਤਾਵਾਂ ਨਿਮਨ ਲਿਖੀਆਂ ਹਨ:ਪੁਰਾਤਨ ਪੰਜਾਬੀ ਭਾਸ਼ਾ ਉੱਪਰ ਨਜ਼ਰ ਮਾਰੀਏ ਤਦ ਪਤਾ ਚਲਦਾ ਹੈ ਕਿ ਇਸ ਦਾ ਸੋਮਾ ਵੈਦਿਕ ਭਾਸ਼ਾ ਸੀ, ਜਿਸ ਨੂੰ ਲਿਖਤਬੱਧ ਕਰਨ ਦੀ ਲੋੜ ਵਿਚੋਂ ਬ੍ਰਹਮੀ-ਲਿਪੀ ਦੀ ਕਾਢ ਕੱਢੀ ਗਈ। ਇਸ ਵੇਲੇ ਪੁਰਾਤਨ ਪੰਜਾਬੀ ਦੀਆਂ ਲਗਭਗ ਬਵੰਜਾ (52) ਧੁਨੀਆਂ ਸਨ। ਵੈਦਿਕ ਭਾਸ਼ਾ ਜਦ ਵਿਕਾਸ ਦੀਆਂ ਮੰਜ਼ਿਲਾਂ ਨੂੰ ਪਾਰ ਕਰਦੀ ਹੋਈ ਹੁਣ ਵਾਲੇ ਰੂਪ ਪਾਸ ਪਹੁੰਚਦੀ ਹੈ, ਇਸ ਵਿਚ ਕੁਲ ਪੈਂਤੀ ਧੁਨੀਆਂ ਬਾਕੀ ਰਹਿ ਗਈਆਂ। ਇਨ੍ਹਾਂ 35 ਧੁਨੀਆਂ ਨੂੰ ਹੁਣ ਸਮੇਂ ਦੀ ਲੋੜ ਅਨੁਸਾਰ ਵਧਾਕੇ 41 ਕਰ ਦਿੱਤਾ ਗਿਆ ਹੈ।

1. ਗੁਰਮੁਖੀ ਧੁਨੀਆਤਮਕ (phonemic) ਤੇ ਅੱਖਰਾਤਮਕ (syllabic) ਦੋਹਾਂ ਦੀਆਂ ਲਿਪੀਆਂ ਦੇ ਗੁਣ ਰੱਖਦੀ ਹੈ। ਪੰਜਾਬੀ ਭਾਸ਼ਾ ਦੇ 10 ਸਵਰ ਤੇ 29 ਵਿਅੰਜਨਾਂ ਨੂੰ ਗੁਰਮੁਖੀ ਲਿਪੀ ਬਾਖ਼ੂਬੀ ਚਿੰਨ੍ਹਤ ਕਰ ਸਕਦੀ ਹੈ।

2. ਪੰਜਾਬੀ ਵਿਚ ਵਿਦੇਸ਼ੀ ਭਾਸ਼ਾ ਦੀਆਂ ਧੁਨੀਆਂ ਨੂੰ ਪ੍ਰਗਟਾਉਣ ਦੀ ਸਮਰੱਥਾ ਹੈ। ਜਦੋਂ ਪੰਜਾਬ ਵਿਚ ਇਸਲਾਮਿਕ ਰਾਜ ਕਾਇਮ ਹੋ ਗਿਆ, ਤਾਂ ਫ਼ਾਰਸੀ ਤੇ ਅਰਬੀ ਸ਼ਬਦਾਵਲੀ ਦਾ ਤਦਭਵ ਰੂਪਾਂ ਵਿਚ ਪੰਜਾਬੀ ਭਾਸ਼ਾ ਵਿਚ ਦਾਖਲ ਹੋਣਾ ਸ਼ੁਰੂ ਹੋਇਆ। ਇਨ੍ਹਾਂ ਜ਼ਬਾਨਾਂ ਦੀਆਂ ਕੁਝ ਪ੍ਰਮੁੱਖ ਧੁਨੀਆਂ ਐਸੀਆਂ ਸਨ ਜੋ ਉਸ ਸਮੇਂ ਗੁਰਮੁਖੀ-ਲਿਪੀ ਵਿਚ ਮੌਜੂਦ ਨਹੀਂ ਸਨ। ਇਸ ਘਾਟ ਨੂੰ ਪੂਰਾ ਕਰਨ ਲਈ ਕੁਝ ਗੁਰਮੁਖੀ ਦੇ ਅੱਖਰਾਂ ਪੈਰ੍ਹ ਬਿੰਦੀ ਲਗਾ ਕੇ ਪੂਰਾ ਕਰ ਲਿਆ ਗਿਆ- /ਸ਼, ਖ਼, ਗ਼, ਜ਼, ਫ਼/ ਆਦਿ । ਇਸ ਪ੍ਰਕਾਰ ਗੁਰਮੁਖੀ ਅੱਖਰਾਂ ਦੀ ਸੰਖਿਆ ਚਾਲੀ ਹੋ ਗਈ। ਇਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 'ਲ' ਦੇ ਪੈਰ੍ਹ ਬਿੰਦੀ ਲਾ ਕੇ 'ਲ਼' ਨਾਲ ਇਹ ਗਿਣਤੀ 41 ਕਰ ਦਿੱਤੀ ਹੈ। ਇਸ ਤਰ੍ਹਾਂ ਗੁਰਮੁਖੀ-ਲਿਪੀ ਪੰਜਾਬੀ-ਭਾਸ਼ਾ ਵਿਚ ਪ੍ਰਵੇਸ਼ ਕਰ ਰਹੀਆਂ ਨਵੀਂਆ ਧੁਨੀਆਂ ਨੂੰ ਪ੍ਰਗਟਾਉਣ ਦੇ ਸਮਰੱਥ ਹੋ ਗਈ ਹੈ।

3. ਪੰਜਾਬੀ ਬੋਲੀ ਦੀਆਂ ਕੁਝ ਧੁਨੀਆਂ ਐਸੀਆਂ ਹਨ ਜਿਨ੍ਹਾਂ ਦੇ ਚਿੰਨ੍ਹ ਜਾਂ ਅੱਖਰ ਤਾਂ ਦੂਜੀਆਂ ਲਿਪੀਆ ਵਿਚ ਮੌਜੂਦ ਹਨ, ਪਰ ਦੂਜੀਆਂ ਲਿਪੀਆਂ ਦੇ ਅੱਖਰ ਇਨ੍ਹਾਂ ਖ਼ਾਸ਼ ਧੁਨੀਆਂ ਦੀਆਂ ਆਵਾਜ਼ਾਂ ਪ੍ਰਗਟ ਕਰਨ ਦੇ ਕਾਬਲ ਨਹੀਂ ਹਨ। ਪੰਜਾਬੀ ਦੀਆਂ ਉਹ ਖ਼ਾਸ ਧੁਨੀਆਂ ਇਹ ਹਨ /ਘ, ਝ, ਧ, ਭ, ਢ/। ਇਨ੍ਹਾਂ ਧੁਨੀਆਂ ਨੂੰ ਕੇਵਲ ਗੁਰਮੁਖੀ ਦੀਆਂ ਹੀ ਧੁਨੀਆਂ ਅਸਲ ਰੂਪ ਵਿਚ ਵਿਅਕਤ ਕਰਨ ਦੇ ਕਾਬਲ ਹਨ, ਹਿੰਦੀ ਜਾਂ ਉਰਦੂ ਦੀਆਂ ਇਹ ਧੁਨੀਆਂ ਬਿਲਕੁਲ ਇਨ੍ਹਾਂ ਆਵਾਜ਼ਾਂ ਨੂੰ ਵਿਅਕਤ ਨਹੀਂ ਕਰ ਸਕਦੀਆਂ, ਜਿਵੇਂ 'ਧੁੱਪ' ਸ਼ਬਦ ਨੂੰ ਹਿੰਦੀ ਧੁਨੀਆਂ ਵਿਚ 'ਦਹੁਪ' ਕਿਹਾ ਜਾਏਗਾ । ਸੋ ਗੁਰਮੁਖੀ ਲਿਪੀ ਦੀ ਇਹ ਖ਼ਾਸ ਖ਼ੂਬੀ ਹੈ ਕਿ ਪੰਜਾਬੀ ਬੋਲੀ ਨੂੰ ਪ੍ਰਗਟ ਕਰਨ ਲਈ ਕੇਵਲ ਗੁਰਮੁਖੀ ਦੇ ਹੀ ਅੱਖਰ ਉਪਯੋਗੀ ਹਨ।

4. ਗੁਰਮੁਖੀ ਅੱਖਰ ਸਮਰੱਥਾਵਾਨ ਹਨ, ਜਿਨ੍ਹਾਂ ਵਿਚ ਦੂਜੀਆਂ ਬੋਲੀਆਂ ਦੇ ਉਚਾਰ ਅਨੁਸਾਰ ਠੀਕ ਢੰਗ ਲਿਖਿਆ

ਜਾ ਸਕਦਾ ਹੈ, ਭਾਵੇਂ ਪੰਜਾਬੀ ਬੋਲੀ ਨੂੰ ਹੋਰ ਲਿਪੀਆਂ ਪੂਰੀ ਤਰ੍ਹਾਂ ਵਿਅਕਤ ਨਹੀਂ ਕਰ ਸਕਦੀਆਂ। ਪੰਜਾਬੀ ਬੋਲੀ ਵਿਚ ਕਿਉਂਕਿ /ਧ, ਜ਼, ਝ/ ਵਰਗੀਆਂ ਕਈ ਧੁਨੀਆਂ ਨਹੀਂ ਹਨ, ਇਸ ਲਈ ਗੁਰਮੁਖੀ-ਲਿਪੀ ਵਿਚ ਇਸ ਕਿਸਮ ਦਾ ਕੋਈ ਅੱਖਰ ਮੌਜੂਦ ਨਹੀਂ ਹੈ, ਪਰ ਜੇ ਕਿਤੇ ਜ਼ਰੂਰਤ ਪੈ ਜਾਵੇ ਤਦ ਦੋ ਅੱਖਰਾਂ ਦੀ ਸਹਾਇਤਾ ਨਾਲ ਕੰਮ ਸਾਰ ਲਿਆ ਜਾ ਸਕਦਾ ਹੈ, ਜਾਂ ਫੇਰ ਇਸ ਕਿਸਮ ਦੇ ਸ਼ਬਦਾਂ ਨੂੰ ਪੰਜਾਬੀ-ਨੁਮਾ ਬਣਾ ਕੇ ਗੁਰਮੁਖੀ ਅੱਖਰਾਂ ਵਿਚ ਲਿਖ ਲਿਆ ਜਾਂਦਾ ਹੈ।

5. ਪੰਜਾਬੀ ਭਾਸ਼ਾ ਨੂੰ ਕਿਸੇ ਸਮੇਂ ਰੋਮਨ-ਲਿਪੀ ਵਿਚ ਲਿਖਣ ਦੀ ਤਜਬੀਜ਼ ਦਿੱਤੀ ਗਈ ਸੀ। ਅਸੀਂ ਬਹੁਤੀ ਬਾਰ ਅੱਜ ਵੀ ਆਪਣੇ ਪੰਜਾਬੀ-ਭਾਸ਼ਾ ਵਾਲੇ ਮੋਬਾਇਲ ਸੰਦੇਸ਼ ਭੇਜਣ ਲਈ ਰੋਮਨ-ਲਿਪੀ ਦੀ ਵਰਤੋਂ ਕਰਦੇ ਹਾਂ।ਰੋਮਨ-ਲਿਪੀ ਨਾਲ ਤੁਲਨਾ ਕਰੀਏ ਤਾਂ ਪਤਾ ਚਲਦਾ ਹੈ ਕਿ ਰੋਮਨ-ਲਿਪੀ ਵਿਚ ਪੰਜ ਸਵਰ ਹਨ ਤੇ ਬਾਕੀ ਇੱਕੀ ਚਿੰਨ੍ਹ ਵਿਅੰਜਨ ਹਨ। ਮਤਲਬ ਪੰਜਾਬੀ ਦੀਆਂ ਪੈਂਤੀ ਧੁਨੀਆਂ ਦੇ ਟਾਕਰੇ ਵਿਚ ਰੋਮਨ-ਲਿਪੀ ਵਿਚ ਕੁੱਲ ਛੱਬੀ ਧੁਨੀਆਂ ਹਨ। ਸੋ ਇਸ ਵਿਚ ਬਹੁਤੇ ਲਿਪੀ ਚਿੰਨ੍ਹ ਐਸੇ ਹਨ ਜਿਨ੍ਹਾਂ ਤੋਂ ਕਈ ਕਈ ਧੁਨੀਆਂ ਦਾ ਗਿਆਨ ਹੁੰਦਾ ਹੈ। ਉਦਾਹਰਨ ਲਈ ਦੇਖੋ 'C' ਤੋਂ 'ਸ' 'ਕ' ਧੁਨੀਆ ਦਾ ਬੋਧ ਹੁੰਦਾ ਹੈ ਜਿਵੇਂ Princes ਵਿਚ 'C' 'ਸ' ਧੁਨੀ ਦੀ ਪ੍ਰਤੀਕ ਹੈ ਅਤੇ 'Cut' ਕੈਟ ਵਿਚ 'C' 'ਕ' ਧੁਨੀ ਨੂੰ ਪ੍ਰਗਟਾਉਂਦੀ ਹੈ। ਇਸ ਤਰ੍ਹਾਂ ਹੀ ਜਦੋਂ 'C', 'H' ਨਾਲ ਮਿਲਦੀ ਹੈ ਤਾਂ ਇਹ 'ਚ' ਧੁਨੀ ਦੀ ਆਵਾਜ਼ ਦਾ ਬੋਧ ਕਰਾਉਂਦੀ ਹੈ, 'D' ਧੁਨੀ ਚਿੰਨ੍ਹ ਤੋਂ 'ਡ' ਤੇ 'ਦ' ਤੋਂ 'ਜ' ਧੁਨੀਆਂ ਦਾ ਗਿਆਨ ਹੁੰਦਾ ਹੈ, (G) ਧੁਨੀ ਚਿੰਨ੍ਹ ਤੋਂ 'ਗ' ਤੇ 'ਜ' ਦਾ ਬੋਧ ਹੁੰਦਾ ਹੈ (ਜਿਵੇਂ Gat, Page)। ਇਸ ਤਰ੍ਹਾਂ ਹੀ 'S' 'T' 'U' 'O' ਨਾਲ ਵੀ ਹੁੰਦਾ ਹੈ। ਗੁਰਮੁਖੀ-ਲਿਪੀ ਵਿਚ ਇਸ ਕਿਸਮ ਦਾ ਕੋਈ ਦੋਸ਼ ਨਹੀਂ ਹੈ ਤੇ ਨਾ ਹੀ ਇਹੋ ਜਿਹੀ ਕੋਈ ਘਾਟ ਹੈ।

6. ਪਾਕਿਸਤਾਨ ਵਿਚ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਸਭ ਤੋਂ ਜ਼ਿਆਦਾ ਗਿਣਤੀ ਹੈ। ਪਰ ਉੱਥੇ ਪੰਜਾਬੀ ਨੂੰ ਲਿਖਣ ਲਈ ਉਰਦੂ-ਲਿਪੀ/ਸ਼ਾਹਮੁਖੀ-ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਪੰਜਾਬੀ ਉਚਾਰਨ ਵੇਲੇ ਉਰਦੂ-ਲਿਪੀ/ਸ਼ਾਹਮੁਖੀ-ਲਿਪੀ ਵਿਚ ਵੀ ਕਈ ਕਮੀਆਂ ਨਜ਼ਰ ਆ ਜਾਂਦੀਆਂ ਹਨ, ਜਿਵੇਂ ਪੰਜਾਬੀ ਵਿਚ ਇਕ ਸ਼ਬਦ ਹੈ 'ਉਧੋਂ' ਤੇ ਇਹ ਸਦਾ 'ਉਧੋਂ' ਹੀ ਪੜ੍ਹਿਆ ਜਾਵੇਗਾ, ਪਰ ਉਰਦੂ/ਸ਼ਾਹਮੁਖੀ ਅੱਖਰਾਂ ਵਿਚ ਜਦ 'ਉਧੋ' ਲਿਖਿਆ ਜਾਵੇਗਾ ਤਾਂ ਉਹ ਬਹੁਰੂਪੀ ਬਣ ਜਾਂਦਾ ਹੈ। ਇਸ ਸ਼ਬਦ ਨੂੰ -ਓਧਵ, ਔਧਵ, ਊਧਵ, ਉਧੂ, ਔਧੂ, ਓਧ ਤੇ ਐਧੋ-ਪੜ੍ਹਿਆ ਜਾ ਸਕਦਾ ਹੈ, ਪਰ ਨਿਸ਼ਚੇ ਨਾਲ 'ਉਧੋਂ' ਨਹੀਂ ਉਚਾਰਿਆ ਜਾ ਸਕਦਾ ਹੈ। ਇਸ ਘਾਟ ਨੂੰ ਪੰਜਾਬੀ-ਭਾਸ਼ਾ ਲਈ ਗੁਰਮੁਖੀ-ਲਿਪੀ ਹੀ ਪੂਰੀ ਕਰਦੀ ਹੈ। ਇਸ ਦੇ ਨਾਲ ਹੀ ਉਰਦੂ-ਲਿਪੀ ਵਿਚ ਇਕ ਨੁਕਤੇ ਦੀ ਗ਼ਲਤੀ ਨਾਲ ਕਈ ਮੁਸ਼ਕਲਾਂ ਪੈਦਾ ਹੋ ਜਾਂਦੀਆਂ ਹਨ ਅਤੇ ਥੋੜ੍ਹੀ ਜਿਹੀ ਅਸਾਵਧਾਨੀ ਹੋਵੇ ਤਦ 'ਖ਼ੁਦਾ' ਤੋਂ 'ਜੁਦਾ' ਵੀ ਪੜ੍ਹਿਆ ਜਾ ਸਕਦਾ। ਗੁਰਮੁਖੀ-ਲਿਪੀ ਵਧੇਰੇ ਸਪੱਸ਼ਟ ਹੋਣ ਕਰਕੇ ਇਸ ਤਰ੍ਹਾਂ ਦੀਆਂ ਗ਼ਲਤੀਆਂ ਤੋਂ ਮੁਕਤ ਹੈ ਅਤੇ ਇਸ ਦਾ ਗਿਆਨ ਹਾਸਲ ਕਰਨਾ ਅਸਾਨ ਹੈ।

7. ਕਈ ਬਾਰ ਪੰਜਾਬੀ ਨੂੰ ਦੇਵਨਾਗਰੀ ਲਿਪੀ ਵਿਚ ਲਿਖਣ ਦੀ ਗੱਲ ਕੀਤੀ ਜਾਂਦੀ ਹੈ, ਪਰ ਇਹ ਗੱਲ ਪੂਰੀ ਤਰ੍ਹਾਂ ਰਾਜਨੀਤੀ ਤੋਂ ਪ੍ਰੇਰਿਤ ਹੈ। ਭਾਵੇਂ ਕਿ ਦੇਵਨਾਗਰੀ ਲਿਪੀ ਵਿਚ ਅਨਿਸ਼ਚਿਤਤਾ ਜਾਂ ਅਵਿਗਿਆਨਿਕ, ਰੋਮਨ ਲਿਪੀ ਤੋਂ ਉਰਦੂ ਲਿਪੀ ਅਤੇ ਹੋਰ ਲਿਪੀਆਂ ਨਾਲੋਂ ਬਹੁਤ ਹੀ ਘੱਟ ਨਜ਼ਰ ਆਉਂਦੀ ਹੈ। ਪਰ ਦੇਵਨਾਗਰੀ ਵਿਚ 52 ਧੁਨੀਆਂ ਹਨ, ਜੋ ਪੰਜਾਬੀ ਦੀਆਂ 35 ਧੁਨੀਆਂ ਨਾਲੋਂ ਜ਼ਿਆਦਾ ਹਨ ਤੇ ਦੇਵਨਾਗਰੀ ਦੀਆਂ 17 ਧੁਨੀਆਂ ਦੀ

ਪੰਜਾਬੀ ਨੂੰ ਜ਼ਰੂਰਤ ਨਹੀਂ ਹੈ। ਜਦੋਂ ਕਿ ਪੰਜਾਬੀ ਦੀਆਂ /ੲ, ਘ, ੜ/ ਧੁਨੀਆਂ ਦੇਵਨਾਗਰੀ ਪ੍ਰਗਟ ਨਹੀਂ ਕਰ ਸਕਦੀ। ਇਸ ਪੰਜਾਬੀ ਦੀਆਂ ਖ਼ਾਸ ਧੁਨੀਆਂ ਹਨ, ਜਿਨ੍ਹਾਂ ਨੂੰ ਗੁਰਮੁਖੀ ਹੀ ਦਰਸਾ ਸਕਦੀ ਹੈ। ਦੇਵਨਾਗਰੀ ਵਿਚ ਹਰੇਕ ਸ਼ਬਦ ਸ਼ੁੱਧ ਰੂਪ ਨਾਲ ਲਿਖਿਆ ਹੀ ਨਹੀਂ ਜਾ ਸਕਦਾ ਹੈ, ਅਸੀਂ ਦੋ ਅੱਖਰ 'ਖ਼'- ਖ- ਤੇ ਅੱਧਾ 'ਰ' –ਰ- ਨੂੰ ਦੇਖ ਸਕਦੇ ਹਾਂ, ਜਿਨ੍ਹਾਂ ਵਿਚ ਗੜਬੜ ਪੈਣ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਅਤੇ 'ਖ਼' ਨੂੰ 'ਰਵ' 'ਰਕ' ਪੜ੍ਹਿਆ ਜਾ ਸਕਦਾ ਹੈ। ਗੁਰਮੁਖੀ ਲਿਪੀ ਇਸ ਦੋਸ਼ ਤੋਂ ਰਹਿਤ ਹੈ, ਉਸ ਦਾ ਕੋਈ ਵਰਨ ਵੀ ਐਸਾ ਨਹੀਂ ਹੈ ਜਿਸ ਵਿਚ ਕਿਸੇ ਪ੍ਰਕਾਰ ਦੀ ਗ਼ਲਤੀ ਲਗ ਸਕੇ। ਦੇਵਨਾਗਰੀ ਦਾ ਦੋਹਰੇਪਨ ਨੂੰ ਅਧਕ ਨਾਲ ਪੂਰਾ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਕ ਲਿਪੀ ਦਾ ਉੱਤਮ ਹੋਣਾ ਨਿਸ਼ਚੇ ਹੀ ਉਸ ਦੀ ਉਪਯੋਗਤਾ, ਸਰਲਤਾ, ਸਾਦਗੀ ਤੇ ਸੁੰਦਰਤਾ ਉੱਪਰ ਆਧਾਰਤ ਹੁੰਦਾ ਹੈ। ਗੁਰਮੁਖੀ-ਲਿਪੀ ਦੀ ਇਹ ਸਭ ਤੋਂ ਵੱਡੀ ਵਿਸ਼ੇਸ਼ਤਾ ਹੀ ਇਹ ਹੈ ਕਿ ਪੰਜਾਬੀ ਬੋਲੀ ਨੂੰ ਸਹੀ ਅਰਥਾਂ ਵਿਚ ਵਿਅਕਤ ਕਰਨ ਲਈ ਪੂਰੀ ਤਰ੍ਹਾਂ ਉਪਯੁਕਤ ਲਿਪੀ ਹੈ। ਪੰਜਾਛਬੀ-ਭਾਸ਼ਾ ਦੂਜੀਆਂ ਲਿਪੀ ਵਿਚ ਲਿਖੀ ਜਾ ਸਕਦੀ ਹੈ। ਪਰ ਦੂਜੀਆਂ ਲਿਪੀਆਂ ਵਿਚ ਲਿਖਣ ਕਾਰਨ ਇਸ ਵਿਚੋਂ ਪੰਜਾਬੀਅਤ ਦਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ, ਇਸ ਦਾ ਮੁੱਖ-ਮੁਹਾਂਦਰਾ ਤਬਦੀਲ ਹੋ ਜਾਂਦਾ ਹੈ। ਗੁਰਮੁਖੀ ਅੱਖਰਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਪੰਜਾਬੀ ਬੋਲੀ ਨੂੰ ਵਿਗੜਨ ਨਹੀਂ ਦਿੰਦੇ ਅਤੇ ਪੰਜਾਬੀ ਬੋਲੀ ਦੀ ਸ਼ਕਲ, ਸੂਰਤ ਤੇ ਉਚਾਰਨ ਠੀਕ ਠੀਕ ਬਣਿਆ ਰਹਿੰਦਾ ਹੈ ।

ਅਭਿਆਸ ਲਈ ਪ੍ਰਸ਼ਨ:

- ਗੁਰਮੁਖੀ ਲਿਪੀ ਦੇ ਜਨਮ ਤੇ ਵਿਕਾਸ ਬਾਰੇ ਵਿਭਿੰਨ ਸਿਧਾਂਤਾਂ ਬਾਰੇ ਤੁਸੀਂ ਕੀ ਜਾਣਦੇ ਹੋ।
- ਗੁਰਮੁਖੀ ਲਿਪੀ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਹੋਏ, ਇਸ ਦੀਆਂ ਵਿਸ਼ੇਸ਼ਤਾਵਾਂ ਦੱਸੋ।
- ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਲਈ ਕਿਸ ਤਰ੍ਹਾਂ ਅਨੁਕੂਲ ਲਿਪੀ ਹੈ?
- ਲਿਪੀ ਕੀ ਹੁੰਦੀ ਹੈ? ਗੁਰਮੁਖੀ ਲਿਪੀ ਦਾ ਆਰੰਭ ਕਿਸ ਤਰ੍ਹਾਂ ਹੋਇਆ?
- ਪੰਜਾਬੀ ਭਾਸ਼ਾ ਨੂੰ ਲਿਖਤ ਬੱਧ ਕਰਨ ਲਈ ਕਿਹੜੀ ਲਿਪੀ ਸਭ ਤੋਂ ਉੱਤਮ ਹੈ?
- ਗੁਰਮੁਖੀ ਲਿਪੀ ਦਾ ਹੋਰਨਾਂ ਲਿਪੀਆਂ ਨਾਲ ਕੀ ਸੰਬੰਧ ਹੈ?

ਅਧਿਐਨ ਲਈ ਹੋਰ ਪੁਸਤਕਾਂ :

ਕਾਲਾ ਸਿੰਘ ਬੇਦੀ, ਲਿਪੀ ਦਾ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਜੀ.ਬੀ. ਸਿੰਘ, ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ।

ਤਰਲੋਚਨ ਸਿੰਘ ਬੇਦੀ, ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999

ਪ੍ਰੀਤਮ ਸਿੰਘ, ਗੁਰਮੁਖੀ ਲਿਪੀ, ਖੋਜ ਪੱਤ੍ਰਿਕਾ, ਅੰਕ 36, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992

ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ

1.0 ਮਨੋਰਥ
1.1 ਭੂਮਿਕਾ
1.2 ਭਾਸ਼ਾ ਦੀ ਪਰਿਭਾਸ਼ਾ
1.3 ਭਾਸ਼ਾ ਦੀਆਂ ਵਿਸ਼ੇਸ਼ਤਾਵਾਂ
1.1.1 ਦੁਪੱਖਤਾ
1.1.2 ਸਿਰਜਣਾਤਮਕਤਾ
1.1.3 ਆਪਹੁਦਰਾਪਣ
1.1.4 ਅੰਤਰ-ਵਟਾਂਦਰਾ
1.1.5 ਵਿਸਥਾਪਨ
1.1.6 ਵਿਸ਼ੇਸ਼ੱਗਤਾ
1.1.7 ਸਭਿਆਚਾਰਕ ਸੰਚਾਰਨ

1.4 ਪੰਜਾਬੀ ਭਾਸ਼ਾ
1.4.1ਨਿਕਾਸ
1.4.2ਵਿਕਾਸ

1.5 ਪੰਜਾਬੀ ਦੀਆਂ ਉਪਭਾਸ਼ਾਵਾਂ
1.5.1 ਮਾਝੀ
1.5.2 ਮਲਵਈ
1.5.3 ਦੁਆਬੀ
1.5.4 ਪੁਆਧੀ

1.6 ਗੁਰਮੁਖੀ ਲਿਪੀ ਦਾ ਨਿਕਾਸ ਤੇ ਵਿਕਾਸ
1.6.1 ਨਿਕਾਸ ਤੇ ਵਿਕਾਸ

1.0 ਮਨਰੋਥ

ਭਾਸ਼ਾ ਸਾਡੀ ਆਤਮਾ ਦਾ ਚਿੱਤਰ ਹੈ।ਸਾਡੇ ਸਾਹਾਂ ਦੀ ਰਵਾਨਗੀ ਵਿਚ ਸਮਾਈ ਹੁੰਦੀ ਹੈ, ਭਾਸ਼ਾ ਇਹ ਸਾਡੇ ਸੰਚਾਰ ਦਾ ਵੀ ਮਾਧਿਅਮ ਹੈ।ਸਾਡੀ ਜ਼ਿੰਦਗੀ ਦਾ ਕੋਈ ਵੀ ਕਾਰ ਵਿਹਾਰ ਭਾਸ਼ਾ ਬਿਨਾਂ ਸਿਰੇ ਨਹੀਂ ਚੜ੍ਹ ਸਕਦਾ।ਸੋ ਇਸ ਪਾਠ ਦਾ ਮਨੋਰਥ ਵੀ ਵਿਦਿਆਰਥੀਆਂ ਨੂੰ ਭਾਸ਼ਾ ਅਤੇ ਪੰਜਾਬੀ ਭਾਸ਼ਾ ਦੇ ਗਿਆਨ ਨਾਲ ਜੋੜਨਾ ਹੈ ਤਾਂ ਜੋ ਉਹ ਭਾਸ਼ਾ ਦੇ ਨੇਮ ਪ੍ਰਬੰਧ ਨੂੰ ਸਮਝ ਸਕਣ।

1.1 ਭੂਮਿਕਾ

ਜਿਸ ਸਾਧਨ (ਭਾਸ਼ਾ) ਦਾ ਪ੍ਰਯੋਗ ਅਸੀਂ ਰੋਜ਼ਾਨਾਂ ਜੀਵਨ ਵਿਚ ਬਿਨਾਂ ਨਾਗਾ ਕਰ ਰਹੇ ਹਾਂ ਉਸ ਨੂੰ ਪਰਿਭਾਸ਼ਤ ਕਿਵੇਂ ਕੀਤਾ ਜਾ ਸਕਦਾ ਹੈ? ਤੇ ਉਸ ਦੀਆਂ ਵਿਸ਼ੇਸ਼ਤਾਵਾਂ ਕਿਵੇਂ ਉਜਾਗਰ ਕੀਤੀਆਂ ਜਾ ਸਕਦੀਆਂ ਹਨ?ਇਸ ਪੱਖ ਨੂੰ ਸਭ ਤੋਂ ਪਹਿਲਾਂ ਸਪਸ਼ਟ ਕੀਤਾ ਗਿਆ ਹੈ।ਇਸ ਤੋਂ ਬਾਅਦ ਪੰਜਾਬੀ ਭਾਸ਼ਾ ਦੇ ਜਨਮ ਤੇ ਵਿਕਾਸ ਦੇ ਪੜਾਅ ਨੂੰ ਪੇਸ਼ ਕੀਤਾ ਗਿਆ ਹੈ ਨਾਲ ਹੀ ਪੰਜਾਬੀ ਦੀਆਂ ਉਪਭਾਸ਼ਾਵਾਂ ਨੂੰ ਵਿਚਾਰਿਆ ਗਿਆ ਹੈ।ਵਿਦਿਆਰਥੀਆਂ ਦੀ ਸੌਖ ਲਈ ਹਰੇਕ ਭਾਗ ਵਿਚ ਅਭਿਆਸੀ ਪ੍ਰਸ਼ਨ ਵੀ ਦਿੱਤੇ ਗਏ ਹਨ ਤੇ ਨਾਲ ਹੀ ਸਹਾਇਕ ਪੁਸਤਕ ਸੂਚੀ ਵੀ ਪੇਸ਼ ਕੀਤੀ ਗਈ ਹੈ।

1.2 ਭਾਸ਼ਾ ਦੀ ਪਰਿਭਾਸ਼ਾ

ਜੇ ਅਸੀਂ ਸੁਭਾਵਿਕ ਹੀ ਕਿਸੇ ਤੋਂ ਪੁੱਛੀਏ ਕਿ ਭਾਸ਼ਾ ਕੀ ਹੈ? ਉੱਤਰ ਇਹੀ ਹੋਵੇਗਾ ਕਿ ਭਾਸ਼ਾ ਉਹ ਹੈ, ਜਿਸ ਨੂੰ ਉਹ ਆਪਣੇ ਪਰਿਵਾਰ ਜਾਂ ਹੋਰ ਸਾਕ-ਸੰਬੰਧੀਆਂ, ਦੋਸਤਾਂ ਮਿੱਤਰਾਂ ਨਾਲ ਗੱਲਬਾਤ ਕਰਨ ਵੇਲੇ ਵਰਤਦਾ ਹੈ।ਪਰ ਅਕਾਦਮਿਕ

ਪੱਧਰ ਉੱਤੇ ਸਿਰਫ਼ ਏਨਾ ਕਹਿਣ ਨਾਲ ਹੀ ਨਹੀਂ ਸਰਦਾ।ਭਾਸ਼ਾ ਚਿੰਤਕ ਤਾਂ ਕਿਸੇ ਨਾ ਕਿਸੇ ਤਰਕ ਦੇ ਆਧਾਰ ਉੱਤੇ ਹੀ ਭਾਸ਼ਾ ਬਾਰੇ ਕੁੱਝ ਕਹਿਣਗੇ। ਹਰੇਕ ਭਾਸ਼ਾ ਮਾਹਿਰ ਭਾਸ਼ਾ ਦੇ ਕਿਸੇ ਇਕ ਗੁਣ-ਲੱਛਣ ਨੂੰ ਪ੍ਰਮੁੱਖਤਾ ਦੇ ਕੇ ਹੀ ਭਾਸ਼ਾ ਬਾਰੇ ਕੋਈ ਪਰਿਭਾਸ਼ਕ ਟਿੱਪਣੀ ਦੇਣ ਦੀ ਕੋਸ਼ਿਸ਼ ਕਰਦਾ ਹੈ।ਕਿਸੇ ਵੀ ਵਿਸ਼ੇ ਬਾਰੇ ਪਰਿਭਾਸ਼ਕ ਅਨੇਕਤਾ ਦਾ ਇਹੋ ਰਾਜ਼ ਹੁੰਦਾ ਹੈ।ਨਾਲੇ ਭਾਸ਼ਾ ਦਾ ਸੁਭਾਅ ਏਨਾ ਬਹੁਪਰਤੀ ਹੈ।ਇਸ ਨੂੰ ਕਿਸੇ ਇਕ ਪਰਿਭਾਸ਼ਾ ਵਿਚ ਸਮੇਟਣਾ ਔਖਾ ਕੰਮ ਹੈ।ਵਿਭਿੰਨ ਵਿਕਾਸ ਪੜਾਵਾਂ ਉੱਤੇ ਭਾਸ਼ਾ ਦਾ ਅਧਿਐਨ ਕਈ ਦ੍ਰਿਸ਼ਟੀਆਂ ਤੋਂ ਹੁੰਦਾ ਆਇਆ ਹੈ।ਜਿਵੇਂ ਨਿਰੁਕਤੀ ਦੇ ਪੱਖ ਤੋਂ 'ਜੀਭ ਰਾਹੀਂ ਉਤਪੰਨ ਬੋਲਾਂ ਦਾ ਸਮੂਹ ਭਾਸ਼ਾ ਹੈ'।ਵਿਆਕਰਨ ਦੇ ਪੱਖ ਭਾਸ਼ਾ ਵਿਆਕਰਨਕ ਰੂਪਾਂ,ਧਾਤੂਆਂ ਅਤੇ ਪਿਛੇਤਰਾਂ ਦੀ ਲੜੀ ਹੈ। ਮਨੋਵਿਗਿਆਨ ਦੀ ਦ੍ਰਿਸ਼ਟੀ ਤੋਂ 'ਭਾਸ਼ਾ ਮਾਨਸਿਕ ਭਾਵਾਂ ਦੀ ਪੁਸ਼ਾਕ ਹੋਵੇਗੀ।' ਸਮਾਜ ਵਿਗਿਆਨੀ ਦੀ ਨਜ਼ਰ ਵਿਚ 'ਭਾਸ਼ਾ ਸਮਾਜ ਦੀਆਂ ਮਨੋਵ੍ਰਿਤੀਆਂ ਅਤੇ ਸਮਾਜਿਕ ਵਿਕਾਸ ਦੀ ਮੂੰਹ ਬੋਲਦੀ ਤਸਵੀਰ ਹੈ।' ਸਾਰ ਰੂਪ ਵਿਚ ਭਾਸ਼ਾ ਸਵੈ-ਇੱਛਾ ਨਾਲ ਪੈਦਾ ਕੀਤੇ ਚਿੰਨ੍ਹਾਂ ਰਾਹੀਂ ਵਿਚਾਰਾਂ,ਭਾਵਾਂ ਅਤੇ ਇੱਛਾਵਾਂ ਦੇ ਸੰਚਾਰ ਦਾ ਸ਼ੁੱਧ ਮਾਨਵੀ ਅਤੇ ਗੈਰ-ਜਮਾਂਦਰੂ ਢੰਗ ਹੈ ਤੇ ਹੋਰ ਵੀ ਸਰਲ ਸ਼ਬਦਾਂ ਵਿਚ ਭਾਸ਼ਾ ਸੰਚਾਰ ਦਾ ਮਾਧਿਅਮ ਹੈ।

ਭਾਸ਼ਾ ਦੀ ਪਰਿਭਾਸ਼ਾ ਬਾਰੇ ਚਰਚਾ ਕਰਨ ਤੋਂ ਬਾਅਦ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਉਜਾਗਰ ਕਰਨਾ ਬੜਾ ਸੌਖਾ ਕਾਰਜ ਹੈ। ਭਾਸ਼ਾ ਇਕ ਸੰਚਾਰ ਪ੍ਰਬੰਧ ਹੈ।ਇਸ ਦੀਆਂ ਵਿਸ਼ੇਸ਼ਤਾਵਾਂ ਉਹੀ ਹੋਣਗੀਆਂ ਜਿਹੜੀਆਂ ਇਸ ਨੂੰ ਹੋਰ ਸੰਚਾਰ-ਪ੍ਰਣਾਲੀਆਂ ਤੋਂ ਵੱਖਰਾ ਕਰਕੇ,ਵੱਖਰੀ ਪਛਾਣ ਪ੍ਰਦਾਨ ਕਰਦੀਆਂ ਹਨ।ਇਸ ਪੱਖੋਂ ਭਾਸ਼ਾ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਬਣਦੀਆਂ ਹਨ:-

1.3 ਭਾਸ਼ਾ ਦੀਆਂ ਵਿਸ਼ੇਸ਼ਤਾਵਾਂ

ਦੁਪੱਖਤਾ:ਮਨੁੱਖ ਜੋ ਕੁਝ ਬੋਲਦਾ ਹੈ ਉਸਦੇ ਅਰਥਾਤ ਭਾਸ਼ਾ ਦੇ ਦੋ ਪੱਖ ਹੁੰਦੇ ਹਨ, ਉਸਦੀਆਂ ਧੁਨੀਆਂ ਜਾਂ ਧੁਨੀ-ਤੱਤ ਅਤੇ ਵਿਅਕਰਣਿਕ ਰੂਪ ਅਰਥਾਤ ਰੂਪ-ਤੱਤ, ਰੂਪ-ਤੱਤ ਦਾ ਪ੍ਰਬੰਧ ਧੁਨੀ-ਤੱਤ ਉਤੇ ਨਿਰਭਰ ਹੁੰਦਾ ਹੈ। ਇਸ ਲਈ ਇਨ੍ਹਾਂ ਦੋਨਾਂ ਪੱਖਾਂ ਤੋਂ ਬਿਨ੍ਹਾਂ ਭਾਸ਼ਾ ਨਹੀਂ ਚੱਲ ਸਕਦੀ। ਮਨੁੱਖੀ ਭਾਸ਼ਾ ਨੂੰ ਛੱਡ ਕੇ ਹੋਰ ਕਿਸੇ ਵੀ ਪ੍ਰਣਾਲੀ ਵਿਚ ਇਹ ਦੋ ਪੱਖ ਨਹੀਂ ਹਨ।

ਘੜਨ-ਯੋਗਤਾ:ਕਿਸੇ ਭਾਸ਼ਾ ਨੂੰ ਬੋਲਣ ਵਾਲਾ ਕਦੇ ਕਦੇ ਅਜੇਹੇ ਲਫ਼ਜ਼ ਬੋਲੇਗਾ ਜਿਹੜੇ ਨ ਉਸਨੇ ਕਦੇ ਕਹੇ ਹੋਏ ਹੁੰਦੇ ਹਨ ਅਤੇ ਨ ਹੀ ਸੁਣੇ ਹੋਏ ਹੁੰਦੇ ਹਨ ਪਰ ਉਨ੍ਹਾਂ ਨੂੰ ਸ੍ਰੋਤੇ ਸਮਝ ਵੀ ਜਾਂਦੇ ਹਨ। ਆਮ ਤੌਰ ਤੇ ਅਜੇਹੇ ਲਫ਼ਜ਼ ਜਾਂ ਮੁਹਾਵਰੇ ਕਿਸੇ ਸਦ੍ਰਿਸ਼ਤਾ ਦੇ ਕਾਰਣ ਉਤਪੰਨ ਹੁੰਦੇ ਹਨ। ''ਉਹ ਝੂਠ ਮਾਰਦਾ ਹੈ'' ਇਹ ਠੀਕ ਹੈ ਪਰ ਇਸ ਦੀ ਸਦ੍ਰਿਸ਼ਤਾ ਦੇ ਕਾਰਣ ''ਉਹ ਸੱਚ ਮਾਰਦਾ ਹੈ'' ਇਹ ਮੁਹਾਵਰਾ ਪ੍ਰਵਾਨ ਨਹੀਂ, ਪਰ ਬੱਚੇ ਬੋਲ ਦਿੰਦੇ ਹਨ। ਕਈ ਵਾਰ ਅਜੇਹੇ ਲਫ਼ਜ਼ ਚਲ ਪੈਂਦੇ ਹਨ। ਇਹ ਭਾਸ਼ਾ ਦੀ ਉਤਪਾਦਕਤਾ ਹੈ।

ਆਪ-ਮੁਹਾਰਾਪਣ:ਅਮੂਮਨ ਲਫ਼ਜ਼ਾਂ ਅਤੇ ਉਨ੍ਹਾਂ ਦੇ ਅਰਥਾਂ ਦੇ ਦਰਮਿਆਨ ਐਸੀ ਕੋਈ ਸਾਂਝ ਨਹੀਂ ਹੁੰਦੀ ਜਿਹੜੀ ਵਸਤੂ ਦੀ ਸ਼ਕਲ-ਸੂਰਤ ਨੂੰ ਹੂਬਹੂ ਪ੍ਰਗਟਾ ਸਕੇ। 'ਮੇਜ਼' ਇਕ ਸ਼ਬਦ ਹੈ ਪਰ ਇਕ ਵਸਤੂ ਹੈ। ਮੇਜ਼ ਲਫ਼ਜ਼ ਦਾ ਆਕਾਰ ਮੇਜ਼ ਵਰਗਾ ਨਹੀਂ। ਇਹ ਤਾਂ ਇਕ ਚਿੰਨ੍ਹ ਰੂਪ ਹੈ ਜਿਹੜਾ ਮਨਮਰਜ਼ੀ ਨਾਲ ਘੜਿਆ ਗਿਆ ਹੈ। ਭਾਸ਼ਾ ਵਿਚ ਮਨਮਰਜ਼ੀ ਨਾਲ ਸ਼ਬਦਾਂ ਦੀ ਘਾੜਤ ਕਰਨਾ ਹੀ ਭਾਸ਼ਾ ਦੀ ਆਪ ਮੁਹਾਰਾਪਣ ਹੈ।

ਅੰਤਰ-ਵਟਾਂਦਰਾ:ਭਾਸ਼ਾ ਦੀ ਪ੍ਰਣਾਲੀ ਵਿਚ ਬੋਲਣ ਵਾਲਾ ਸੁਣਨ ਦੀ ਯੋਗਤਾ ਵੀ ਰੱਖਦਾ ਹੈ। ਜਿਹੜਾ ਵਕਤਾ ਹੈ ਉਹ ਸ੍ਰੋਤਾ ਵੀ ਹੈ ਅਤੇ ਇਸ ਦੇ ਉਲਟ ਵੀ। ਇਹ ਯੋਗਤਾ ਭਾਸ਼ਾ ਤੋਂ ਛੁਟ ਹੋਰ ਕਿਸੇ ਪ੍ਰਣਾਲੀ ਵਿਚ ਨਹੀਂ।

ਵਿਸ਼ੇਸ਼ੀਕਰਣ:ਮਨੁੱਖੀ ਭਾਸ਼ਾ ਨੂੰ ਛੱਡ ਕੇ ਹੋਰ ਕਿਸੇ ਭਾਸ਼ਾ-ਪਸ਼ੂ-ਭਾਸ਼ਾ, ਸੰਕੇਤ-ਭਾਸ਼ਾ -ਵਿਚ ਵਿਸ਼ੇਸ਼ੀਕਰਣ ਨਹੀਂ ਹੈ। ਮਨੁੱਖੀ ਵਾਕ-ਯੰਤਰ ਦੀ ਹਰ ਚੇਸ਼ਟਾ ਦੂਜੇ ਪਾਸੇ ਕੋਈ ਨ ਕੋਈ ਕ੍ਰਿਆ ਪੈਦਾ ਕਰਦੀ ਹੈ, ਉਸ ਕ੍ਰਿਆ ਦਾ ਕੋਈ ਅਰਥ ਹੁੰਦਾ ਹੈ। ਇਹ ਗੱਲ ਪਸ਼ੂ-ਭਾਸ਼ਾ ਵਿਚ ਵੀ ਉਪਲਬਧ ਹੈ। ਉਥੇ ਅੰਗਾਂ ਦੀ ਹਰਕਤ ਦੇ ਅਰਥ ਨਿਸ਼ਚਿਤ ਹੁੰਦੇ ਹਨ ਪਰੰਤੂ ਮਨੁੱਖੀ ਭਾਸ਼ਾ ਵਿਚ ਕਿਸੇ ਵਾਕ-ਯੰਤਰ ਦੀ ਹਰਕਤ ਨਵੇਂ ਨਵੇਂ ਸੰਕੇਤ ਦੇਣ ਦੇ ਸਮਰਥ ਹੈ। ਇਹ ਪਸ਼ੂ-ਭਾਸ਼ਾ ਵਿਚ ਸੰਭਵ ਨਹੀਂ। ਭਾਸ਼ਾ ਦਾ ਇਹੋ ਵਿਸ਼ੇਸ਼ੀਕਰਣ ਹੈ।

ਵਿਸਥਾਪਨ (ਨਿਥਾਂਵਾਂਪਣ) ਕਿਸੇ ਭਾਸ਼ਾ ਦੇ ਸੰਚਾਰ ਵੇਲੇ (ਟੈਲੀਫੋਨ ਰਾਹੀਂ ਸੁਨੇਹੇ ਭੇਜਣ ਵੇਲੇ) ਉਸ ਭਾਸ਼ਾ ਦੇ ਮੂਲ ਗੁਣ ਸੁਰੱਖਿਅਤ ਰਹਿੰਦੇ ਹਨ ਭਾਵੇਂ ਉਹ ਭਾਸ਼ਾ ਸਮੇਂ ਤੇ ਸਥਾਨ ਤੋਂ ਦੂਰ ਹੋ ਜਾਂਦੀ ਹੈ।

ਸਾਂਸਕ੍ਰਿਤਿਕ ਪ੍ਰਸਾਰ: ਭਾਸ਼ਾ ਦੀ ਸਿਖਲਾਈ ਨਕਲ ਨਾਲ ਹੁੰਦੀ ਹੈ। ਆਪਣੇ ਆਲੇ-ਦੁਆਲੇ ਦੇ ਵਰਤਾਰੇ ਨਾਲ, ਅਤੇ ਕੁਝ

ਵੱਡੇ ਵਡੇਰਿਆਂ ਤੋਂ ਸਿਖਾਉਣ ਨਾਲ ਭਾਸ਼ਾ ਸਿੱਖੀ ਜਾਂਦੀ ਹੈ ਜਾਂ ਗ੍ਰਹਿਣ ਕੀਤੀ ਜਾਂਦੀ ਹੈ। ਇਹ ਆਲੇ ਦੁਆਲੇ ਦਾ ਸਿੱਖਿਆ-ਪ੍ਰਭਾਵ ਹੀ ਭਾਸ਼ਾ ਦੀ ਪ੍ਰਸਾਰੀ ਸਿਫਤ ਹੈ ਜਿਹੜੀ ਪੁਸ਼ਤ-ਦਰ-ਪੁਸ਼ਤ ਪ੍ਰਚਲਿਤ ਰਹਿੰਦੀ ਹੈ। ਇਉਂ ਭਾਸ਼ਾ ਦੀ ਸਿਖਲਾਈ ਜਨਮ ਦੀ ਰੀਤ ਨਾਲ ਨਹੀਂ ਸਗੋਂ ਆਪਣੀ ਸੰਸਕ੍ਰਿਤੀ ਦੀ ਰੀਤ ਨਾਲ ਹੁੰਦੀ ਹੈ। ।

1.4 ਪੰਜਾਬੀ ਭਾਸ਼ਾ:ਨਿਕਾਸ ਤੇ ਵਿਕਾਸ

1.4.1 ਨਿਕਾਸ

ਸੰਸਾਰ ਵਿੱਚ ਬਹੁਤ ਭਾਰੀ ਗਿਣਤੀ ਵਿੱਚ ਵੱਖ-ਵੱਖ ਭਾਸ਼ਾਵਾਂ ਦੇ ਲੋਕ ਰਹਿੰਦੇ ਹਨ ਅਤੇ ਉਨ੍ਹਾਂ ਸਾਰਿਆਂ ਦੀ ਭਾਸ਼ਾ ਵੱਖਰੀ ਵੱਖਰੀ ਹੈਂਕੁਝ ਭਾਸ਼ਾਵਾਂ ਨੂੰ ਸਰਕਾਰੀ ਮਾਨਤਾ ਪ੍ਰਾਪਤ ਹੈ ਅਤੇ ਕਈ ਸਥਾਨਕ ਲੋਕ ਕਬੀਲਿਆਂ ਵੱਲੋਂ ਆਪਣੀਆਂ ਆਪਣੀਆਂ ਉਪ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਪ੍ਰਯੋਗ ਉਹ ਆਪਸੀ ਨਿੱਜੀ ਮੇਲ-ਜੋਲ ਵੇਲੇ ਕਰਦੇ ਹਨ ਪਰ ਉਹ ਸਥਾਈ ਅਤੇ ਦੇਸ਼ ਦੀਆਂ ਮੁੱਖ ਭਾਸ਼ਾਵਾਂ ਤੇ ਆਪਣੀਆਂ ਰਾਜ ਭਾਸ਼ਾਵਾਂ ਤੋਂ ਵੀ ਭਲੀਭਾਂਤ ਜਾਣੂੰ ਹੁੰਦੇ ਹਨ ਜਿਸ ਨਾਲ ਉਨ੍ਹਾਂ ਦਾ ਬਾਹਰੀ ਸੰਸਾਰ ਨਾਲ ਤਾਲਮੇਲ ਬਣਿਆ ਰਹਿੰਦਾ ਹੈ।ਅੰਤਰਰਾਸ਼ਟਰੀ ਭਾਸ਼ਾ ਅੰਗਰੇਜ਼ੀ ਦਾ ਬਹੁਤ ਪ੍ਰਚਾਰ ਤੇ ਪ੍ਰਸਾਰ ਹੈ।ਇੰਗਲਿਸ਼ ਭਾਸ਼ਾ ਤੋਂ ਜਾਣੂੰ ਵਿਅਕਤੀ ਲਗਭਗ ਸੰਸਾਰ ਦੇ ਸਾਰੇ ਦੇਸ਼ਾਂ ਵਿਚ ਰਹਿ ਰਹੇ ਲੋਕਾਂ ਨਾਲ ਅਤੇ ਸਰਕਾਰੀ ਕੰਮਾਂ ਵਾਸਤੇ ਚੰਗੀ ਤਰ੍ਹਾਂ ਮੇਲਜੋਲ ਬਣਾਈ ਰੱਖ ਸਕਦਾ ਹੈ।

ਸਾਰੀ ਭਾਸ਼ਾਵਾਂ ਨਾਲ ਸੰਬੰਧਤ ਭਾਸ਼ਾ ਵਿਗਿਆਨੀ ਅਰਥਾਤ ਭਾਸ਼ਾ ਸ਼ਾਸਤਰੀ ਆਪਣੀਆਂ-ਆਪਣੀਆਂ ਭਾਸ਼ਾਵਾਂ ਦੇ ਵਿਕਾਸ ਵਿੱਚ ਜੁਟੇ ਹੋਏ ਹਨ ਤੇ ਉਨ੍ਹਾਂ ਨੇ ਆਪਣੀ ਸੰਬੰਧਤ ਭਾਸ਼ਾਵਾਂ ਦੀ ਉਨਤੀ ਲਈ ਕਈ ਹੋਰ ਨਵੀਆਂ ਖੋਜਾਂ ਵੀ ਕੀਤੀਆਂ ਹਨ। ਕਈ ਪ੍ਰਚਲਿਤ ਮਿਲਦੇ-ਜੁਲਦੇ ਸ਼ਬਦਾਂ ਨੂੰ ਅਪਨਾਉਣ ਹਿੱਤ ਬਹੁਤ ਮਿਹਨਤ ਤੇ ਖੋਜ ਕਰ ਰਹੇ ਹਨ। ਉਹ ਸਭ ਭਾਸ਼ਾ ਉਦਮੀ ਆਪਣੀ-ਆਪਣੀ ਭਾਸ਼ਾ ਦੇ ਖਜਾਨੇ ਵਿੱਚ ਲਗਾਤਾਰ ਵਾਧਾ ਕਰ ਰਹੇ ਹਨ। ਪੰਜਾਬੀ ਬੋਲਣ ਵਾਲੇ ਲੋਕ ਹੁਣ ਤਕਰੀਬਨ ਸਾਰੇ ਮੁਲਕਾਂ ਵਿੱਚ ਵਸਦੇ ਹਨ ਅਤੇ ਉਹ ਸਾਰੇ ਆਪਣੀ ਪਿਆਰੀ ਤੇ ਮਿੱਠੀ ਭਾਸ਼ਾ ਪੰਜਾਬੀ ਨਾਲ ਆਪਣਾ ਤੇ ਆਪਣੇ ਪਰਿਵਾਰ ਦਾ ਸਦੀਵੀ ਸਬੰਧ ਬਨਾਈ ਰੱਖਣ ਲਈ ਪ੍ਰਯਤਨਸ਼ੀਲ ਹਨ। ਅਸੀਂ ਇਸ ਲੇਖ ਰਾਹੀਂ ਕੇਵਲ ਪੰਜਾਬੀ ਭਾਸ਼ਾ ਦੀ ਉਨਤੀ ਲਈ ਕੀਤੇ ਜਾ ਰਹੇ ਉਪਰਾਲਿਆਂ ਸੰਬੰਧੀ ਹੀ ਵਿਚਾਰ ਕਰਾਂਗੇ।

ਪੰਜਾਬੀ ਭਾਸ਼ਾ ਨਾਲ ਸੰਬੰਧਤ ਬੋਲੀ ਜਾਂਦੀਆਂ ਬੋਲੀਆਂ ਸਿੰਧ ਨਦੀ ਤੋਂ ਅੰਬਾਲੇ ਦੇ ਇਲਾਕੇ ਵਿਚਕਾਰ ਹੀ ਮਿਲਦੀਆਂ ਹਨ ।ਜਿਨ੍ਹਾਂ ਨੂੰ ਪੰਜਾਬੀ ਭਾਸ਼ਾ ਆਖਿਆ ਜਾਂਦਾ ਹੈ ਪੰਜਾਬੀ ਦੇ ਨਾਮ ਤੋਂ ਹੀ ਸਾਫ ਜਾਹਿਰ ਹੁੰਦਾ ਹੈ ਕਿ ਇਹ ਮੁੱਖ ਤੌਰ ਤੇ ਪੰਜਾਬ ਦੀ ਭਾਸ਼ਾ ਹੈ। ਇਹ ਪਾਕਿਸਤਾਨ ਤੇ ਇਧਰਲੇ ਪੰਜਾਬ ਵਿੱਚ ਬੋਲੀ ਜਾਂਦੀ ਮੁੱਖ ਭਾਸ਼ਾ ਹੈ। ਸਿੰਧ ਦੇ ਕੰਢੇ ਲਹਿੰਦੀ ਬੋਲੀ ਵਰਤੀ ਜਾਂਦੀ ਹੈ। ਲਹਿੰਦੀ ਦਾ ਸੰਬੰਧ ਜਿਤਨਾ ਸਿੰਧੀ ਨਾਲ ਹੈ ਓਨਾ ਹੀ ਪੰਜਾਬੀ ਨਾਲ ਸੰਬੰਧ ਢੁੱਕਦਾ ਹੈ।ਉਤਰ ਪੂਰਬ ਵੱਲ ਪਹਾੜੀ ਰਿਆਸਤਾਂ ਸ਼ਿਮਲਾ ਕੁੱਲੂ ਆਦਿ ਇਲਾਕਿਆਂ ਵਿੱਚ ਪਹਾੜੀ ਬੋਲੀ ਜਾਂਦੀ ਹੈ ਤੇ ਹਰਿਆਣਾਂ ਸੂਬੇ ਵਿੱਚ ਹਰਿਆਣਵੀ ਭਾਸ਼ਾ ਜੋ ਹਿੰਦੀ ਨਾਲ ਸੰਬੰਧਤ ਹੈ ਬੋਲੀ ਜਾਂਦੀ ਹੈ। ਪਰੰਤੂ ਕਰਨਾਲ ਹਿਸਾਰ ਗੁੜਗਾਵਾਂ ਫਰੀਦਾਬਾਦ ਆਦਿ ਜਿਲ੍ਹਿਆਂ ਵਿੱਚ ਪੰਜਾਬੀ ਵਸੋਂ ਵੀ ਬਹੁਤ ਹੈ ਜਿਸ ਕਰਕੇ ਇਨ੍ਹਾਂ ਜਿਲ੍ਹਿਆਂ ਵਿੱਚ ਵੀ ਪੰਜਾਬੀ ਬੋਲਣ ਦੇ ਨਾਲ-ਨਾਲ ਆਮ ਸਮਝੀ ਜਾਣ ਵਾਲੀ ਭਾਸ਼ਾ ਬੋਲੀ ਜਾਂਦੀ ਹੈ। ਦਿੱਲੀ ਵਿੱਚ ਲੱਖਾਂ ਦੀ ਤਦਾਦ ਵਿੱਚ ਪੰਜਾਬੀ ਵਸੋਂ ਹੋਣ ਕਰਕੇ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ।

ਪੰਜਾਬੀ ਦੇ ਰੂਪਾਂ ਵਿੱਚ ਮੁੱਖ ਤਾਂ ਸਾਧਾਰਣ ਅਤੇ ਆਮ ਬੋਲੀ ਜਾਣ ਵਾਲੀ ਪੰਜਾਬੀ ਹੈ ਜਿਸ ਦੀ ਵਰਤੋਂ ਹੀ ਪੰਜਾਬੀ ਸਾਹਿਤ ਵਿੱਚ ਹੁੰਦੀ ਹੈ? ਡੋਗਰੀ ਭਾਸ਼ਾ ਵੀ ਪੰਜਾਬੀ ਭਾਸ਼ਾ ਦੇ ਨਾਲ ਨੇੜੇ ਦਾ ਸੰਬੰਧ ਰੱਖਦੀ ਹੈ। ਮਾਝੀ ਪੰਜਾਬੀ ਭਾਸ਼ਾ ਆਮ ਤੌਰ ਤੇ ਠੇਠ ਪੰਜਾਬੀ ਭਾਸ਼ਾ ਜਾਣੀ ਜਾਂਦੀ ਹੈ। ਲਹਿੰਦੀ ਭਾਸ਼ਾ ਦਾ ਬਹੁਤ ਜਿਆਦਾ ਪੰਜਾਬੀ ਭਾਸ਼ਾ ਨਾਲ ਮੇਲ ਹੈ। ਹਿੰਦੀ ਦੇ ਕਈ ਸਾਂਝੇ ਸ਼ਬਦ ਵਾਕ ਪੰਜਾਬੀਆਂ ਵੱਲੋਂ ਸਮਝੇ ਅਤੇ ਵਰਤੇ ਜਰੂਰ ਜਾਂਦੇ ਹਨ ਪਰੰਤੂ ਹਿੰਦੀ ਭਾਸ਼ਾ ਦੀ ਪੰਜਾਬੀ ਭਾਸ਼ਾ ਨਾਲ ਨੇੜਤਾ ਬੋਲਣ ਲਿਖਣ ਵਿੱਚ ਨਹੀਂ ਭਾਸਦੀ।

ਭਾਰਤੀ ਭਾਸ਼ਾਵਾਂ ਵਿੱਚ ਇਕ ਰੂਪਤਾ ਦਿਖਾਈ ਕਈ ਥਾਈਂ ਦਿੰਦੀ ਹੈ ਜਿਸਦੇ ਪੁਰਾਤਨ ਇਤਿਹਾਸ ਤੇ ਪੰਛੀ ਝਾਤ ਮਾਰਨ ਤੇ ਕੁਝ ਸੋਝੀ ਮਿਲੇਗੀ? ਸਮਾਜ ਦੀ ਵੰਡ ਵੇਦਾਂ ਤੇ ਪੁਰਾਣਾਂ ਦੇ ਅਧਿਐਨ ਤੋਂ ਜਾਣਕਾਰੀ ਹਾਸਿਲ ਹੁੰਦੀ ਹੈ ਬਾਕੀ ਰਾਜਸੀ ਤਬਦੀਲੀ ਦਾ ਭਾਸ਼ਾਵਾਂ ਤੇ ਬਹੁਤ ਭਾਰੀ ਅਸਰ ਪੈਂਦਾ ਹੈ। ਪੰਜਾਬ ਤੋਂ ਬੰਗਾਲ ਤੱਕ ਮੌਰੀਆ ਰਾਜ ਸਥਾਪਿਤ ਰਿਹਾ ਫੇਰ ਸਕਾਂ ਦੇ ਰਾਜਪੂਤਾਨੇ ਅਤੇ ਹਿੰਦੂਸਤਾਨ ਉਪਰ ਅਧਿਕਾਰ ਸਥਾਪਿਤ ਹੋ ਗਿਆ? ਕਨਿਸ਼ਕ ਦੇ ਸਰਕਾਰੀ ਸਿੱਕੇ ਬਨਾਰਸ ਤੋਂ ਗਾਜੀਪੁਰ ਤੀਕ ਮਿਲਦੇ ਹਨ। ਚੌਥੀ ਸਦੀ ਵਿੱਚ ਗੁਪਤਿਆਂ ਦਾ ਰਾਜ ਨਰਬਦਾ ਨਦੀ ਤੱਕ ਫੈਲਿਆਂ ਹੋਇਆ ਸੀ ਜਿਸ ਦੀ ਰਾਜਧਾਨੀ ਪਾਟਲੀਪੁਤਰ ਅਰਥਾਤ ਪਟਨਾ ਸੀ ਅਤੇ ਸਮੁੰਦਰ ਗੁਪਤ ਸਮੇਂ ਇਹ ਰਾਜ ਸਾਰੇ ਹਿੰਦੋਸਤਾਨ ਉਪਰ ਹੋ ਗਿਆ।

ਇਸ ਤੋਂ ਤਿੰਨ ਸਦੀਆਂ ਉਪਰੰਤ ਕਨੌਜ ਦੇ ਰਾਜਾ ਹਰਸ਼ ਦਾ ਫਿਰ ਇਸ ਇਲਾਕੇ ਤੇ ਰਾਜ ਕਬਜਾ ਹੋ ਗਿਆ ਸੀ। ਇਸ ਤੋਂ

ਉਪਰੰਤ ਮੁਸਲਿਮ ਹਕੂਮਤ ਦਾ ਬੋਲਬਾਲਾ ਵਧਿਆ ਅਤੇ ਮੁਗਲ ਸਮਰਾਟਾਂ ਨੇ ਹੌਲੀ ਹੌਲੀ ਸਾਰੇ ਹਿੰਦੁਸਤਾਨ ਦਾ ਰਾਜ ਸੰਭਾਲ ਲਿਆ। ਇਸ ਦੇ ਸਿੱਟੇ ਵਜੋਂ ਭਾਰਤ ਦੇਸ਼ ਵਿੱਚ ਉਰਦੂ, ਅਰਬੀ ਫਾਰਸੀ ਭਾਸ਼ਾ ਦਾ ਪ੍ਰਯੋਗ ਵੱਧ ਗਿਆ।ਉਪਰੋਕਤ ਰਾਜਸੀ ਹਕੂਮਤਾਂ ਬਦਲਣ ਨਾਲ ਭਿੰਨ-ਭਿੰਨ ਭਾਸ਼ਾਵਾਂ ਦੇ ਸ਼ਬਦ ਭੰਡਾਰਾਂ ਦਾ ਆਪਸੀ ਮੇਲ-ਜੋਲ ਵੱਧ ਗਿਆ ਅਰਥਾਤ ਰਲੇਵਾਂ ਵੱਧ ਗਿਆ। ਸੰਸਕ੍ਰਿਤ ਭਾਸ਼ਾ ਦਾ ਪ੍ਰਭਾਵ ਜਿਆਦਾਤਰ ਦੇਸ਼ ਦੀਆਂ ਬਾਕੀ ਭਾਸ਼ਾਵਾਂ ਤੇ ਪੈਂਦਾ ਰਿਹਾ? ਇਨ੍ਹਾਂ ਉਪਰੋਕਤ ਕਾਰਣਾ ਤੋਂ ਇਲਾਵਾ ਬੋਧ ਧਰਮ ਤੋਂ ਪਿਛੋਂ ਬ੍ਰਾਹਮਣੀ ਧਰਮ ਵਿੱਚ ਵਾਧਾ ਹੋਣ ਕਾਰਣ ਸੰਸਕ੍ਰਿਤ ਦਾ ਜਿਆਦਾ ਮਾਣ ਵੱਧ ਗਿਆ। ਵੱਖ-ਵੱਖ ਇਲਾਕਿਆਂ ਤੋਂ ਰਾਸਧਾਰੀਆਂ ਯਾਤਰੀਆਂ, ਵਿਉਪਾਰੀਆਂ, ਸੈਨਿਕਾਂ, ਸੰਤਾਂ, ਸਾਧੂਆਂ ਦੇ ਸਾਰੇ ਮੁਲਕ ਵਿੱਚ ਭਰਮਣ ਵੱਧਣ ਨਾਲ ਮੱਧ ਯੁੱਗ ਵਿੱਚ ਕਈ ਭਾਸ਼ਾਵਾਂ ਦੇ ਮੇਲ ਨਾਲ ਸਾਂਝੀ ਖਿਚੜੀ ਤਰ੍ਹਾਂ ਦੀ ਇਕ ਲੋਕ ਭਾਸ਼ਾ ਪ੍ਰਗਟ ਹੋਈ। ਲਹਿੰਦੀ ਅਤੇ ਪੰਜਾਬੀ ਭਾਸ਼ਾ ਦਾ ਮੇਲ ਨੇੜਲਾ ਜਿਆਦਾ ਲਗਦਾ ਹੈ।ਪੰਜਾਬੀ ਤੇ ਲਹਿੰਦੀ ਬੋਲੀ ਦੇ ਨਾਂਵ ਰੂਪ ਜਿਆਦਾ ਮਿਲਦੇ-ਜੁਲਦੇ ਹਨ ਅਤੇ ਪੁਰਖਵਾਚਕ ਪੜਨਾਵਾਂ ਦਾ ਮੇਲ ਵੀ ਵਧੇਰੇ ਨੇੜਤਾ ਭਰਿਆ ਹੈ। ਵਿਸ਼ੇਸ਼ਣ ਮੇਲ ਵੀ ਹਿੰਦੀ ਨਾਲੋਂ ਜਿਆਦਾ ਮਿਲਦਾ ਹੈ।ਕ੍ਰਿਆ ਦੇ ਰੂਪ ਪੰਜਾਬੀ ਤੇ ਲਹਿਦੀ ਬੋਲੀ ਦੇ ਵਧੇਰੇ ਨੇੜੇ ਹਨ।

1.4.2 ਵਿਕਾਸ

ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਨਿਕਾਸ ਨੂੰ ਸਮਝਣ ਲਈ ਸਾਨੂੰ ਪਹਿਲਾਂ ਪੰਜਾਬ ਦੇ ਭੂਗੋਲ ਅਤੇ ਇਤਿਹਾਸ ਦੀ ਸਮਝ ਹੋਣੀ ਜ਼ਰੂਰੀ ਹੈ। ਪੰਜਾਬ ਦਾ ਪੁਰਾਣਾ ਨਾਮ ਸਪਤਸਿੰਧੂ ਹੁੰਦਾ ਸੀ ਕਿਉਂਕਿ ਉਸ ਸਮੇਂ ਇਸ ਖੇਤਰ ਵਿੱਚ ਸੱਤ ਦਰਿਆ ਵਗਦੇ ਸਨ। ਇਹ ਖੇਤਰ ਦਿੱਲੀ ਦੀ ਸਰਹੱਦ ਤੋਂ ਸ਼ੁਰੂ ਹੋ ਕੇ ਪਿਸ਼ਾਵਰ ਦੀ ਸਰਹੱਦ ਨਾਲ ਜਾ ਜੁੜਦਾ ਸੀ। ਇਨ੍ਹਾਂ ਦਰਿਆਵਾਂ ਵਿੱਚ ਦਰਿਆ-ਏ-ਸਿੰਧ, ਚਨਾਬ, ਬਿਆਸ, ਰਾਵੀ, ਸਤਲੁਜ, ਜਿਹਲਮ ਅਤੇ ਸਰਸਵਤੀ ਸ਼ਾਮਿਲ ਸਨ। ਦਰਿਆ-ਏ-ਸਿੰਧ ਕਾਬੁਲ ਨਾਲ ਜੁੜ ਗਿਆ ਅਤੇ ਦਰਿਆ ਸਰਸਵਤੀ ਹੌਲੀ ਹੌਲੀ ਅਲੋਪ ਹੋ ਗਿਆ। ਇਸ ਤਰ੍ਹਾਂ ਇਸ ਖਿੱਤੇ ਵਿੱਚ ਪੰਜ ਦਰਿਆ ਹੀ ਵਹਿਣ ਲੱਗ ਪਏ। ਇਨ੍ਹਾਂ ਪੰਜ ਦਰਿਆਵਾਂ ਕਾਰਨ ਇਸ ਨੂੰ ਸੰਸਕ੍ਰਿਤ ਭਾਸ਼ਾ ਵਿੱਚ ਪੰਜ-ਨਦ ਕਹਿਣ ਲੱਗ ਪਏ ਕਿਉਂਕਿ ਸੰਸਕ੍ਰਿਤ ਭਾਸ਼ਾ ਵਿੱਚ ਪਾਣੀ ਦੇ ਵੱਡੇ ਵਹਿਣ ਨੂੰ ਨਦ ਕਿਹਾ ਜਾਂਦਾ ਹੈ। ਜਦੋਂ ਮੁਸਲਮਾਨਾਂ ਦਾ ਇਸ ਖਿੱਤੇ ਉੱਪਰ ਕਬਜ਼ਾ ਹੋ ਗਿਆ ਤਾਂ ਫ਼ਾਰਸੀ ਭਾਸ਼ਾ ਵਿੱਚ ਪਾਣੀ ਨੂੰ ਆਬ ਕਹਿਣ ਕਾਰਨ ਇਹ ਪੰਜ-ਆਬ ਦੇ ਨਾਂਅ ਨਾਲ ਜਾਣਿਆ ਜਾਣ ਲੱਗਿਆ। ਹੌਲੀ ਹੌਲੀ ਇਹ ਪੰਜ-ਆਬ ਸ਼ਬਦ ਸੰਯੁਕਤ ਹੁੰਦਾ ਗਿਆ ਤੇ ਅੱਜ ਦਾ ਸ਼ਬਦ ਪੰਜਾਬ ਬਣ ਗਿਆ।

ਇਸ ਭੂਗੋਲਿਕ ਖੇਤਰ ਵਿੱਚ ਲੋਕ ਸਦੀਆਂ ਤੋਂ ਵਸਦੇ ਆ ਰਹੇ ਹਨ। ਇਸ ਲਈ ਉਹ ਜ਼ਰੂਰ ਕੋਈ ਨਾ ਕੋਈ ਭਾਸ਼ਾ ਬੋਲਦੇ ਹੋਣਗੇ ਅਤੇ ਉਸ ਨੂੰ ਲਿਪੀਬੱਧ ਵੀ ਕਰਦੇ ਹੋਣਗੇ। ਜੇਕਰ ਇਤਿਹਾਸ ਦੇ ਪੰਨੇ ਫਰੋਲੀਏ ਤਾਂ ਇੱਥੋਂ ਦੇ ਲੋਕ ਟੱਕ ਜਾਂ ਟਾਕਰੀ ਭਾਸ਼ਾ ਵਿੱਚ ਲਿਖਦੇ ਸਨ। ਤਕਸ਼ਿਲਾ ਇਨ੍ਹਾਂ ਦੀ ਰਾਜਧਾਨੀ ਸੀ ਜਿਹੜੀ ਸਿੱਖਿਆ ਦਾ ਵੱਡਾ ਕੇਂਦਰ ਸੀ। ਸੰਸਕ੍ਰਿਤ ਭਾਸ਼ਾ ਦਾ ਵੀ ਇਸ ਖਿੱਤੇ ਵਿੱਚ ਬੋਲਬਾਲਾ ਰਿਹਾ ਹੈ। ਅਮੀਰ ਖੁਸਰੋ ਪੰਜਾਬ ਦੇ ਲੋਕਾਂ ਦੀ ਭਾਸ਼ਾ ਨੂੰ ਲਾਹੌਰੀ ਭਾਸ਼ਾ ਆਖਦਾ ਸੀ। ਬਾਲ ਗੰਗਾਧਰ ਤਿਲਕ ਪੰਜਾਬ ਦੇ ਲੋਕਾਂ ਦੀ ਭਾਸ਼ਾ ਨੂੰ ਗੁਰਮੁਖੀ ਕਹਿੰਦਾ ਸੀ। ਕਈ ਸਾਰੇ ਅੰਗਰੇਜ਼ ਵਿਦਵਾਨ ਵੀ ਗੁਰਮੁਖੀ ਸ਼ਬਦ ਦਾ ਪ੍ਰਯੋਗ ਕਰਦੇ ਸਨ ਪਰ ਸਭ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਦੀ ਭਾਸ਼ਾ ਨੂੰ ਪੰਜਾਬੀ ਕਹਿ ਕੇ ਹਾਫ਼ਿਜ਼ ਬਰਖ਼ੁਰਦਾਰ ਨੇ ਆਪਣੀ ਰਚਨਾ ਵਿੱਚ ਲਿਖਿਆ। ਉਹ ਲਿਖਦਾ ਹੈ:

ਹਜ਼ਰਤ ਮੋਮਨ ਦਾ ਫ਼ਰਮਾਇਆ

ਇਸ ਵਿੱਚ ਇਹ ਮਸਾਈਲ

ਤੁਰੰਤ ਪੰਜਾਬੀ ਆਖ ਸੁਣਾਈ

ਜੇ ਕੋ ਹੋਵੇ ਮਾਇਲ।

ਪੰਜਾਬੀ ਭਾਸ਼ਾ ਦੀ ਉਤਪਤੀ ਦੇ ਸਿਧਾਂਤਾਂ ਨੂੰ ਦੇਖੀਏ ਤਾਂ ਇਸ ਦੀ ਉਤਪਤੀ ਦੋ ਆਭਰੰਸ਼ ਅਤੇ ਲੋਕ ਬੋਲੀਆਂ ਦੇ ਮਿਲਾਪ ਨਾਲ ਹੋਈ ਹੈ। ਵੈਦਿਕ ਕਾਲ ਸਮੇਂ ਸੰਸਕ੍ਰਿਤ ਦਾ ਬੋਲਬਾਲਾ ਹੋ ਗਿਆ ਤਾਂ ਉਹ ਪੰਡਤਾਊ ਭਾਸ਼ਾ ਬਣ ਗਈ। ਮਗਰੋਂ ਇਸ ਦੀ ਵਿਆਕਰਣ ਬਣ ਜਾਣ 'ਤੇ ਇਹ ਆਮ ਲੋਕਾਂ ਦੀ ਭਾਸ਼ਾ ਨਾ ਰਹੀ, ਪਰ ਆਮ ਲੋਕਾਂ ਦੀਆਂ ਭਾਸ਼ਾਵਾਂ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ। ਇਨ੍ਹਾਂ ਭਾਸ਼ਾਵਾਂ ਨੂੰ ਆਭਰੰਸ਼ ਭਾਸ਼ਾਵਾਂ ਦਾ ਨਾਂ ਦਿੱਤਾ ਗਿਆ ਸੀ। ਸੰਸਕ੍ਰਿਤ ਦੇ ਵਿਦਵਾਨ ਪੰਡਤ ਇਨ੍ਹਾਂ ਭਾਸ਼ਾਵਾਂ ਨੂੰ ਗਵਾਰੂ ਭਾਸ਼ਾ ਕਹਿੰਦੇ ਸਨ। ਸੰਸਕ੍ਰਿਤ ਨੂੰ ਪਹਿਲੀ ਵੰਗਾਰ ਲੋਕ-ਬੋਲੀ ਪਾਲੀ ਨੇ ਪਾਈ ਸੀ। ਮਹਾਤਮਾ ਬੁੱਧ ਨੇ ਆਪਣਾ ਉਪਦੇਸ਼ ਲੋਕਾਂ ਨੂੰ ਪਾਲੀ ਭਾਸ਼ਾ ਵਿੱਚ ਦਿੱਤਾ ਸੀ। ਇਸ ਤਰ੍ਹਾਂ ਭਾਰਤ ਦੇ ਉੱਤਰੀ ਖੇਤਰ ਵਿਚ ਵੀ ਵੱਖ-ਵੱਖ ਲੋਕ ਬੋਲੀਆਂ ਦੀ ਉਤਪਤੀ ਹੋਈ। ਪੰਜਾਬ ਦੇ ਇੱਕ ਹਿੱਸੇ ਵਿੱਚ ਪੈਸ਼ਾਚੀ ਅਤੇ ਦੂਸਰੇ ਹਿੱਸੇ ਵਿੱਚ ਸ਼ੋਰਸ਼ੈਨੀ ਭਾਸ਼ਾ

ਦਾ ਜ਼ੋਰ ਸੀ। ਇਨ੍ਹਾਂ ਦੋਹਾਂ ਭਾਸ਼ਾਵਾਂ ਦੇ ਮੇਲ ਅਤੇ ਇੱਥੇ ਦੀਆਂ ਲੋਕ ਭਾਸ਼ਾਵਾਂ ਟੰਕ ਜਾਂ ਟਾਂਕਰੀ ਅਤੇ ਕੇਕਈ ਨਾਲ ਮਿਲ ਕੇ ਇੱਕ ਨਵੀਂ ਭਾਸ਼ਾ ਦੀ ਬੁਨਿਆਦ ਰੱਖੀ ਜਿਸ ਨੂੰ ਅਸੀਂ ਅੱਜਕੱਲ੍ਹ ਪੰਜਾਬੀ ਆਖਦੇ ਹਾਂ।

ਜਦੋਂ ਪੰਜਾਬੀ ਦੀ ਉਤਪਤੀ ਇਨ੍ਹਾਂ ਕੇਕਈ ਅਤੇ ਟੰਕ ਜਾਂ ਟਾਂਕਰੀ ਭਾਸ਼ਾ ਦੇ ਮਿਲਾਪ ਤੋਂ ਹੋਈ ਤਾਂ ਇਸ ਲਈ ਕਿਸੇ ਲਿਪੀ ਦੀ ਵੀ ਜ਼ਰੂਰਤ ਸੀ। ਬਿਨਾਂ ਲਿੱਪੀ ਤੋਂ ਭਾਸ਼ਾ ਲੰਬੇ ਸਮੇਂ ਤੱਕ ਆਪਣੇ ਆਪ ਨੂੰ ਜਿਉਂਦਾ ਨਹੀਂ ਰੱਖ ਸਕਦੀ। ਪੰਜਾਬੀ ਭਾਸ਼ਾ ਦੀ ਲਿੱਪੀ ਵੀ ਕਾਫ਼ੀ ਪੁਰਾਤਨ ਹੈ। ਇਸ ਦੇ ਚਾਰ ਅੱਖਰ ਤਾਂ ਬ੍ਰਹਮੀ ਭਾਸ਼ਾ ਦੀ ਲਿਪੀ ਵਿੱਚ ਮਿਲਦੇ ਹਨ। ਪੰਜਾਬੀ ਦੀਆਂ ਪੁਰਾਤਨ ਲਿਪੀਆਂ ਸ਼ਾਰਦਾ ਅਤੇ ਟਾਂਕਰੀ ਨਾਲ ਵੀ ਇਸ ਦੇ ਗੂੜ੍ਹੇ ਸਬੰਧ ਹਨ। ਸ਼ਾਰਦਾ ਲਿਪੀ ਨਾਲ ਇਸ ਦੇ ਸੱਤ ਅੱਖਰ ਬਿਲਕੁਲ ਸਾਂਝੇ ਹਨ ਅਤੇ 12 ਅੱਖਰ ਮਿਲਦੇ ਜੁਲਦੇ ਹਨ। ਟਾਂਕਰੀ ਲਿਪੀ ਨਾਲ ਇਸ ਦੇ 15 ਅੱਖਰ ਜਿਵੇਂ ੳ, ਹ, ਖ, ਗ, ਘ, ਟ, ਠ, ਡ, ਤ, ਥ, ਪ, ਫ, ਭ, ਰ, ਵ ਮਿਲਦੇ ਹਨ। ਪੰਜ ਅੱਖਰ ਚ, ਢ, ਦ, ਧ, ਲ ਕਾਫ਼ੀ ਮਿਲਦੇ ਜੁਲਦੇ ਹਨ ਅਤੇ ਕ, ਮ, ਯ ਥੋੜ੍ਹਾ-ਥੋੜ੍ਹਾ ਮੇਲ ਖਾਂਦੇ ਹਨ। ਅੱਠ ਅੱਖਰ ਜੋ ਟਾਂਕਰੀ ਨਾਲ ਨਹੀਂ ਮਿਲਦੇ ਉਹ ਸ਼ਾਰਦਾ ਅਤੇ ਲੰਡੇ ਲਿੱਪੀ ਨਾਲ ਮਿਲਦੇ ਹਨ, ਪਰ ਇਸ ਦੀ ਜ਼ਿਆਦਾ ਨੇੜਤਾ ਟਾਂਕਰੀ ਭਾਸ਼ਾ ਨਾਲ ਹੈ ਜੋ ਇਨ੍ਹਾਂ ਨੂੰ ਮਾਂ-ਧੀ ਦੇ ਰਿਸ਼ਤੇ ਵਿੱਚ ਬੰਨ੍ਹਦੀ ਹੈ।

ਪੰਜਾਬੀ ਭਾਸ਼ਾ ਵਿੱਚ ਸਾਹਿਤ ਲਿਖਣ ਦੀ ਸ਼ੁਰੂਆਤ ਕਦੋਂ ਹੋਈ, ਇਸ ਸਬੰਧੀ ਵਿਦਵਾਨ ਸਹਿਮਤ ਨਹੀਂ ਹਨ ਅਤੇ ਨਾ ਹੀ ਕੋਈ ਸਪਸ਼ਟ ਪ੍ਰਮਾਣ ਮਿਲਦੇ ਹਨ। ਇਹ ਅੰਦਾਜ਼ੇ ਨਾਲ ਹੀ ਕਿਹਾ ਜਾਂਦਾ ਹੈ ਕਿ ਪੰਜਾਬੀ ਭਾਸ਼ਾ ਵਿੱਚ ਸਭ ਤੋ ਪਹਿਲਾਂ ਨਾਥ ਜੋਗੀਆਂ ਨੇ ਆਪਣੇ ਸਾਹਿਤ ਦੀ ਰਚਨਾ ਕੀਤੀ ਸੀ। ਗੋਰਖ ਨਾਥ, ਚਰਪਟ ਨਾਥ ਅਤੇ ਮਛੰਦਰ ਨਾਥ ਦੀ ਕਵਿਤਾ ਵਿੱਚ ਸਪਸ਼ਟ ਪੰਜਾਬੀ ਭਾਸ਼ਾ ਦੇ ਸ਼ਬਦ ਆਉਂਦੇ ਹਨ। ਗੋਰਖਨਾਥ ਲਿਖਦਾ ਹੈ:

ਖਾਇਆ ਵੀ ਮਰਿਆ

ਅਣਖਾਇਆ ਵੀ ਮਰਿਆ

ਗੋਰਖ ਰਾਇਆ ਸੰਜਮੀ ਤਰਿਆ।

ਇਸ ਕਵਿਤਾ ਦੇ ਸ਼ਬਦ ਬਿਲਕੁਲ ਠੇਠ ਪੰਜਾਬੀ ਦੇ ਹੀ ਲੱਗਦੇ ਹਨ। ਇਸ ਸਮੇਂ ਤੱਕ ਪੰਜਾਬੀ ਭਾਸ਼ਾ ਦਾ ਮੂੰਹ-ਮੱਥਾ ਕਾਫ਼ੀ ਹੱਦ ਤੱਕ ਸੁਧਰ ਚੁੱਕਿਆ ਸੀ। ਫਿਰ ਵੀ ਜ਼ਿਆਦਾ ਵਿਦਵਾਨ ਬਾਬਾ ਫ਼ਰੀਦ ਜੀ ਨੂੰ ਹੀ ਪੰਜਾਬੀ ਦਾ ਪਹਿਲਾ ਕਵੀ ਮੰਨਦੇ ਹਨ। ਉਨ੍ਹਾਂ ਦਾ ਸਮਾਂ ਬਾਰ੍ਹਵੀਂ ਸਦੀ ਦਾ ਹੈ। ਉਸ ਸਮੇਂ ਤੱਕ ਪੰਜਾਬੀ ਭਾਸ਼ਾ ਵਿੱਚ ਕਈ ਕਿਸਮ ਦੀਆਂ ਵੰਨਗੀਆਂ ਸਾਹਿਤਕ ਰੂਪ 'ਚ ਆ ਚੁੱਕੀਆਂ ਸਨ। ਇਨ੍ਹਾਂ ਵਿੱਚ ਮੁਹਾਵਰੇ, ਅਖਾਣ, ਵਾਰਾਂ, ਬੁਝਾਰਤਾਂ ਅਤੇ ਲੋਕ ਗੀਤ ਆਦਿ ਸ਼ਾਮਿਲ ਸਨ। ਇਸ ਲੜੀ ਵਿੱਚ ਸੰਤਾਂ ਅਤੇ ਮਹਾਂਪੁਰਸ਼ਾਂ ਨੇ ਵੀ ਪੰਜਾਬੀ ਭਾਸ਼ਾ ਵਿੱਚ ਸਾਹਿਤ ਰਚ ਕੇ ਪੰਜਾਬੀ ਭਾਸ਼ਾ ਦਾ ਦਾਇਰਾ ਮੋਕਲਾ ਕੀਤਾ। ਪੰਜਾਬੀ ਭਾਸ਼ਾ ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦੀ ਰਚਨਾ ਕਰਕੇ ਪੰਜਾਬੀ ਲੋਕ ਭਾਸ਼ਾ ਵਿੱਚ ਸਾਹਿਤ ਰਚਣ ਲਈ ਪੂਰੀ ਤਰ੍ਹਾਂ ਇੱਕ ਨਵੀਂ ਪਿਰਤ ਪਾ ਦਿੱਤੀ ਜਿਸ ਨੂੰ ਸਿੱਖ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰ ਕੇ ਪੰਜਾਬੀ ਭਾਸ਼ਾ ਨੂੰ ਅਤਿ ਉੱਤਮ ਸਥਿਤੀ ਉਪਰ ਪਹੁੰਚਾ ਦਿੱਤਾ ਜਿਸ ਸਦਕਾ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਪੱਕਾ ਰਸਤਾ ਬਣ ਗਿਆ ਕਿ ਉਹ ਹੁਣ ਆਪਣੀਆਂ ਲਿਖਤਾਂ ਨੂੰ ਲੋਕ-ਬੋਲੀ ਅਤੇ ਲੋਕ ਭਾਸ਼ਾ ਪੰਜਾਬੀ ਵਿੱਚ ਲਿਖ ਕੇ ਆਪਣੇ ਆਪ ਨੂੰ ਸਨਮਾਨਿਤ ਮਹਿਸੂਸ ਕਰ ਸਕਦੇ ਹਨ। ਅਗਲੀ ਪੀੜ੍ਹੀ ਵਿੱਚ ਸੂਫ਼ੀ ਕਵੀਆਂ ਨੇ ਪੰਜਾਬੀ ਭਾਸ਼ਾ ਵਿੱਚ ਮਹੱਤਵਪੂਰਨ ਸਾਹਿਤ ਰਚਿਆ। ਬੇਸ਼ੱਕ, ਇਸ ਸਾਹਿਤ ਵਿੱਚ ਫ਼ਾਰਸੀ ਭਾਸ਼ਾ ਦੇ ਸ਼ਬਦਾਂ ਦੀ ਮਿਲਾਵਟ ਸੀ, ਪਰ ਇਹ ਪੰਜਾਬੀ ਭਾਸ਼ਾ ਦੇ ਵਿਕਾਸ ਦਾ ਵਧੀਆ ਸਾਧਨ ਬਣ ਗਿਆ ਕਿਉਂਕਿ ਹਜ਼ਾਰਾਂ ਦੀ ਗਿਣਤੀ ਵਿੱਚ ਨਵੇਂ ਸ਼ਬਦ ਫ਼ਾਰਸੀ ਭਾਸ਼ਾ ਤੋਂ ਸਦਾ ਲਈ ਪੰਜਾਬੀ ਭਾਸ਼ਾ ਵਿੱਚ ਸਮਾ ਗਏ ਅਤੇ ਇਹ ਸਦਾ ਲਈ ਪੰਜਾਬੀਆਂ ਦੀ ਜ਼ੁਬਾਨ ਅਤੇ ਬੋਲਚਾਲ ਦਾ ਹਿੱਸਾ ਬਣ ਗਏ। ਇਹ ਸਿਲਸਿਲਾ ਲਗਾਤਾਰ ਚਲਦਾ ਆ ਰਿਹਾ ਹੈ। ਅੰਗਰੇਜ਼ਾਂ ਦੇ ਸਮੇਂ ਤੱਕ ਪੰਜਾਬੀ ਭਾਸ਼ਾ ਦਾ ਹਾਜ਼ਮਾ ਕਾਫ਼ੀ ਮਜ਼ਬੂਤ ਹੋ ਚੁੱਕਿਆ ਸੀ ਅਤੇ ਇਸ ਨੇ ਅੰਗਰੇਜ਼ੀ ਭਾਸ਼ਾ ਦੇ ਕਈ ਸ਼ਬਦਾਂ ਨੂੰ ਅਪਣਾ ਲਿਆ ਸੀ। ਇਸ ਗੱਲ ਦਾ ਨਮੂਨਾ ਸ਼ਾਹ ਮੁਹੰਮਦ ਦੇ ਜੰਗਨਾਮੇ ਵਿੱਚ ਦੇਖਿਆ ਜਾ ਸਕਦਾ ਹੈ।

ਇਸ ਦੇ ਨਾਲ ਹੀ ਆਧੁਨਿਕ ਪੰਜਾਬੀ ਭਾਸ਼ਾ ਦਾ ਸਮਾਂ ਸ਼ੁਰੂ ਹੁੰਦਾ ਹੈ ਜਿਸ ਦਾ ਸਿਰਮੌਰ ਭਾਈ ਵੀਰ ਸਿੰਘ ਬਣਦਾ ਹੈ। ਇਸ ਸਮੇਂ ਤੱਕ ਪੰਜਾਬੀ ਭਾਸ਼ਾ ਵਿੱਚ ਨਾਵਲ ਅਤੇ ਨਾਟਕ ਲਿਖਣ ਦੀ ਸ਼ੁਰੂਆਤ ਹੋ ਚੁੱਕੀ ਸੀ। ਬਹੁਤ ਸਾਰੇ ਪੰਜਾਬੀ ਲੇਖਕਾਂ ਦੀ ਨਵੀਂ ਪੌਦ ਪੰਜਾਬੀ ਦੇ ਵਿਹੜੇ ਵਿੱਚ ਉੱਗ ਖਲੋਤੀ ਸੀ। ਇਨ੍ਹਾਂ ਲੇਖਕਾਂ ਨੇ ਪੰਜਾਬੀ ਭਾਸ਼ਾ ਵਿੱਚ ਹਰ ਵੰਨਗੀ ਦਾ ਸਾਹਿਤ ਰਚਿਆ। ਇਨ੍ਹਾਂ ਲੇਖਕਾਂ ਨੇ ਆਪਣੀਆਂ ਲਿਖਤਾਂ ਰਾਹੀਂ ਪੰਜਾਬੀ ਭਾਸ਼ਾ ਨੂੰ ਅਮੀਰ ਬਣਾਇਆ ਤੇ ਪੰਜਾਬੀਆਂ ਨੂੰ ਆਪਣੀ ਮਾਤ ਭਾਸ਼ਾ ਉੱਪਰ ਮਾਣ ਕਰਨ ਲਈ ਪ੍ਰੇਰਿਤ ਕੀਤਾ।

ਅੰਗਰੇਜ਼ਾਂ ਦੇ ਭਾਰਤ ਤੋਂ ਜਾਣ ਨਾਲ ਹੀ ਪੰਜਾਬ ਅਤੇ ਪੰਜਾਬੀਆਂ ਦੀ ਮਾਤ-ਬੋਲੀ ਪੰਜਾਬੀ ਨਾਲ ਰਾਜਨੀਤਿਕ ਸਾਜ਼ਿਸ਼ਾਂ ਦਾ ਦੌਰ ਸ਼ੁਰੂ ਹੋ ਗਿਆ ਸੀ। ਪੰਜਾਬ ਦੇ ਦੋ ਹਿੱਸੇ ਕਰਦਿਆਂ ਸੂਬੇ ਦਾ ਵੱਡਾ ਹਿੱਸਾ ਕੱਟ ਕੇ ਵੱਖਰੇ ਮੁਲਕ ਪਾਕਿਸਤਾਨ ਦਾ ਹਿੱਸਾ ਬਣਾ ਦਿੱਤਾ ਗਿਆ ਸੀ। ਬਾਕੀ ਬਚੇ ਪੰਜਾਬ ਨੂੰ ਫੇਰ 1966 ਵਿੱਚ ਛਾਂਗ ਦਿੱਤਾ ਗਿਆ। ਚੰਡੀਗੜ੍ਹ, ਹਰਿਆਣਾ ਅਤੇ ਹਿਮਾਚਲ ਰਾਹੀਂ ਪੰਜਾਬੀ ਬੋਲਦੇ, ਪੜ੍ਹਦੇ ਅਤੇ ਲਿਖਦੇ ਲੋਕਾਂ ਦੀਆਂ ਵੰਡੀਆਂ ਪਾ ਦਿੱਤੀਆਂ ਗਈਆਂ ਸਨ। ਰਾਜਨੀਤਿਕ ਚਲਾਕੀਆਂ ਪੰਜਾਬੀ ਭਾਸ਼ਾ ਨੂੰ ਤੋੜਨ ਮਰੋੜਨ ਲਈ ਇੱਥੇ ਹੀ ਖ਼ਤਮ ਨਾ ਹੋਈਆਂ ਸਗੋਂ ਪੰਜਾਬੀਆਂ ਨੂੰ ਆਪਣੀ ਭਾਸ਼ਾ ਨੂੰ ਸੂਬੇ ਦੀ ਰਾਣੀ ਭਾਸ਼ਾ ਬਣਾਉਣ ਲਈ ਕਈ ਸੰਘਰਸ਼ ਕਰਨੇ ਪਏ। ਇਸ ਲਈ ਕਈ ਮੋਰਚੇ ਪੰਜਾਬੀਆਂ ਨੇ ਲਗਾਏ ਅਤੇ ਬਹੁਤ ਸਾਰੀਆਂ ਕੁਰਬਾਨੀਆਂ ਦਿੱਤੀਆਂ। ਆਖ਼ਰ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕਰ ਦਿੱਤਾ ਗਿਆ। ਇਸ ਤਰ੍ਹਾਂ ਪੰਜਾਬੀ ਭਾਸ਼ਾ ਨੂੰ ਪੰਜਾਬ ਸੂਬੇ ਦੀ ਰਾਣੀ ਭਾਸ਼ਾ ਬਣਨ ਦਾ ਮੌਕਾ ਮਿਲਿਆ ਅਤੇ ਇਸ ਦਾ ਸਿਹਰਾ ਤਤਕਾਲੀ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਦੇ ਸਿਰ ਬੱਝਦਾ ਹੈ ਜਿਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਰਾਜ ਦੀ ਦਫ਼ਤਰੀ ਭਾਸ਼ਾ ਵਜੋਂ ਲਾਗੂ ਕਰ ਦਿੱਤਾ ਸੀ। ਇਸ ਦੇ ਵਿਕਾਸ ਲਈ ਪਟਿਆਲੇ ਵਿਖੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ।

ਅੱਜ ਅਸੀਂ ਵਿਸ਼ਵੀਕਰਨ ਦੇ ਯੁੱਗ ਵਿੱਚ ਰਹਿ ਰਹੇ ਹਾਂ। ਸਮੁੱਚਾ ਸੰਸਾਰ ਹੀ ਇੱਕ ਆਲਮੀ ਪਿੰਡ ਦੇ ਰੂਪ ਵਿੱਚ ਵਟ ਗਿਆ ਹੈ। ਸੰਚਾਰ ਦੇ ਸਾਧਨਾਂ ਨੇ ਇਸ ਨੂੰ ਬੜਾ ਸੌਖਾ ਕਰ ਦਿੱਤਾ ਹੈ। ਅੱਜਕੱਲ੍ਹ ਕੰਪਿਊਟਰ ਰਾਹੀਂ ਵੀ ਪੰਜਾਬੀ ਭਾਸ਼ਾ ਨੂੰ ਆਰਾਮ ਨਾਲ ਟਾਈਪ ਕੀਤਾ ਜਾ ਸਕਦਾ ਹੈ। ਇਸ ਲਈ ਕਈ ਫੌਂਟ ਇੰਟਰਨੈੱਟ ਉੱਪਰ ਉਪਲਬਧ ਹਨ। ਇਸ ਤੋਂ ਵੀ ਅਗਾਂਹ ਹੁਣ ਸਿਰਫ਼ ਬੋਲ ਕੇ ਵੀ ਕੰਪਿਊਟਰ ਜਾਂ ਮੋਬਾਈਲ ਫੋਨ ਉਪਰ ਪੰਜਾਬੀ ਭਾਸ਼ਾ ਵਿੱਚ ਪ੍ਰਿੰਟ ਕੀਤਾ ਜਾ ਸਕਦਾ ਹੈ। ਇਸ ਦਾ ਦੋਸ਼ ਇਹ ਹੈ ਕਿ ਇਸ ਨਾਲ ਲਿਖਨ ਕਲਾ ਪ੍ਰਭਾਵਿਤ ਹੋਵੇਗੀ। ਜੇਕਰ ਵਿਦਿਆਰਥੀਆਂ ਨੂੰ ਇਸ ਦੀ ਆਦਤ ਪੈ ਗਈ ਤਾਂ ਸਹਿਜੇ-ਸਹਿਜੇ ਲਿਖਣ ਕਲਾ ਅਲੋਪ ਹੋ ਸਕਦੀ ਹੈ। ਅਸਲ ਵਿੱਚ ਇਹ ਦੋ-ਧਾਰੀ ਤਲਵਾਰ ਵਾਂਗ ਹੀ ਹੈ। ਪੰਜਾਬ ਵਿੱਚੋਂ ਵੱਡੀ ਗਿਣਤੀ ਵਿੱਚ ਲੋਕ ਪਰਵਾਸ ਕਰ ਕੇ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਗਏ ਹਨ। ਉੱਥੋਂ ਦੀ ਭਾਸ਼ਾ ਦਾ ਵੀ ਪੰਜਾਬੀ ਭਾਸ਼ਾ ਉਪਰ ਅਸਰ ਹੋ ਰਿਹਾ ਹੈ। ਉੱਥੇ ਹੀ ਪੈਦਾ ਹੋਈਆਂ ਪੰਜਾਬੀਆਂ ਦੀਆਂ ਨਵੀਆਂ ਪੀੜ੍ਹੀਆਂ ਉੱਪਰ ਉਨ੍ਹਾਂ ਦੇਸ਼ਾਂ ਦੀਆਂ ਭਾਸ਼ਾਵਾਂ ਦਾ ਕਾਫ਼ੀ ਅਸਰ ਹੈ। ਉਹ ਉਸ ਦੇਸ਼ ਦੀ ਭਾਸ਼ਾ ਅਤੇ ਪੰਜਾਬੀ ਬਾਰੇ ਜਾਣਕਾਰੀ ਰੱਖਦੇ ਹਨ ਜਿਸ ਕਾਰਨ ਉਨ੍ਹਾਂ ਦੀ ਭਾਸ਼ਾ ਵਿੱਚ ਕਈ ਨਵੇਂ ਸ਼ਬਦ ਪੰਜਾਬੀ ਦਾ ਹਿੱਸਾ ਬਣ ਗਏ ਹਨ ਅਤੇ ਅੱਗੇ ਬਣ ਰਹੇ ਹਨ।

ਦੁੱਖ ਦੀ ਗੱਲ ਇਹ ਵੀ ਹੈ ਕਿ ਨਵੀਂ ਪੀੜ੍ਹੀ ਦੇ ਕੁਝ ਬੱਚੇ ਪੰਜਾਬੀ ਭਾਸ਼ਾ ਤੋਂ ਦੂਰ ਹੋ ਗਏ ਹਨ। ਇਸ ਤੋਂ ਬਚਣ ਲਈ ਹੁਣ ਕਈ ਦੇਸ਼ਾਂ ਜਿਵੇਂ ਕੈਨੇਡਾ, ਇੰਗਲੈਂਡ ਅਤੇ ਇਟਲੀ ਨੇ ਆਪਣੇ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਪੜ੍ਹਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਕੁਦਰਤ ਦਾ ਇਹ ਨਿਯਮ ਹੈ ਕਿ ਖਾਲੀ ਹੋਈ ਥਾਂ ਨੂੰ ਭਰਨ ਲਈ ਵੀ ਕੋਈ ਆ ਜਾਂਦਾ ਹੈ। ਇਸ ਤਰ੍ਹਾਂ ਪੰਜਾਬ ਵਿੱਚ ਵੀ ਰੁਜ਼ਗਾਰ ਲਈ ਭਾਰਤ ਦੇ ਕਈ ਸੂਬਿਆਂ ਤੋਂ ਪਰਵਾਸੀ ਮਜ਼ਦੂਰ ਵੀ ਆ ਰਹੇ ਹਨ। ਕਈ ਤਾਂ ਇੱਥੇ ਪੱਕੇ ਹੀ ਵੱਸ ਗਏ ਹਨ। ਉਨ੍ਹਾਂ ਦੀ ਨਵੀਂ ਪੀੜ੍ਹੀ ਪੰਜਾਬ ਵਿੱਚ ਪੈਦਾ ਹੋਈ ਹੈ। ਉਹ ਇੱਥੋਂ ਦੇ ਪੰਜਾਬੀ ਸਕੂਲਾਂ, ਕਾਲਜਾਂ ਵਿੱਚ ਹੀ ਪੜ੍ਹਦੇ ਹਨ। ਬੇਸ਼ੱਕ, ਉਹ ਪੰਜਾਬੀ ਭਾਸ਼ਾ ਪੜ੍ਹਦੇ ਲਿਖਦੇ ਹਨ, ਪਰ ਉਨ੍ਹਾਂ ਦੀ ਘਰੇਲੂ ਗੱਲਬਾਤ ਉਨ੍ਹਾਂ ਦੀ ਆਪਣੀ ਭਾਸ਼ਾ ਵਿੱਚ ਹੁੰਦੀ ਹੈ। ਇਸ ਕਾਰਨ ਉਨ੍ਹਾਂ ਦੀ ਭਾਸ਼ਾ ਦੇ ਕਈ ਸ਼ਬਦ ਗੱਲਬਾਤ ਰਾਹੀਂ ਪੰਜਾਬੀ ਭਾਸ਼ਾ ਦਾ ਹਿੱਸਾ ਬਣ ਰਹੇ ਹਨ। ਇਸ ਨਾਲ ਵੀ ਪੰਜਾਬੀ ਭਾਸ਼ਾ ਦਾ ਵਿਕਾਸ ਹੋ ਰਿਹਾ ਹੈ ਅਤੇ ਨਵੇਂ ਸ਼ਬਦ ਪੰਜਾਬੀ ਵਿੱਚ ਸ਼ਾਮਿਲ ਹੋ ਰਹੇ ਹਨ।

ਪੰਜਾਬੀ ਭਾਸ਼ਾ ਦੇ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਇਹ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਮਿਆਰੀ ਅਧਿਆਪਕਾਂ, ਪ੍ਰੋਫ਼ੈਸਰ ਅਤੇ ਵਿਦਵਾਨਾਂ ਵੱਲੋਂ ਬੱਚਿਆਂ ਨੂੰ ਸਿਖਾਈ ਅਤੇ ਪੜ੍ਹਾਈ ਜਾਵੇ। ਇਸ ਸਬੰਧੀ ਵੱਖ-ਵੱਖ ਸਮੇਂ ਬਣੀਆਂ ਸੂਬਾਈ ਸਰਕਾਰਾਂ ਨੇ ਕੋਈ ਖ਼ਾਸ ਉੱਦਮ ਨਹੀਂ ਕੀਤਾ। ਹੁਣ ਵੀ ਕਈ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਵੱਡੀ ਕਮੀ ਹੈ। ਜੇਕਰ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ ਤਾਂ ਫਿਰ ਵਿਦਿਆਰਥੀ ਚੰਗੀ ਮਿਆਰੀ ਪੰਜਾਬੀ ਭਾਸ਼ਾ ਕਿਵੇਂ ਸਿੱਖ ਸਕਦੇ ਹਨ? ਕਈ ਸਕੂਲਾਂ ਵਿੱਚ ਹੋਰ ਵਿਸ਼ਿਆਂ ਦੇ ਅਧਿਆਪਕ ਹੀ ਮਾਤ-ਭਾਸ਼ਾ ਪੰਜਾਬੀ ਪੜ੍ਹਾ ਰਹੇ ਹਨ ਜਿਸ ਦਾ ਉਨ੍ਹਾਂ ਨੂੰ ਕੋਈ ਤਜ਼ਰਬਾ ਨਹੀਂ ਹੈ। ਇਸ ਕਾਰਨ ਵਿਦਿਆਰਥੀ ਪੰਜਾਬੀ ਭਾਸ਼ਾ ਨੂੰ ਠੀਕ ਤਰ੍ਹਾਂ ਸਿੱਖਣ ਤੋਂ ਅਸਮਰੱਥ ਹਨ। ਇਸੇ ਤਰ੍ਹਾਂ ਪਿਛਲੇ ਵੀਹ ਸਾਲਾਂ ਤੋਂ ਸਰਕਾਰਾਂ ਵੱਲੋਂ ਕਾਲਜ ਪ੍ਰੋਫ਼ੈਸਰਾਂ ਦੀਆਂ ਆਸਾਮੀਆਂ ਨਾ ਭਰ ਕੇ ਅਤੇ ਮਿਆਰੀ ਸਿੱਖਿਆ ਦਾ ਪ੍ਰਬੰਧ ਨਾ ਕਰ ਕੇ ਪੰਜਾਬ ਦੇ ਨੌਜਵਾਨਾਂ ਦੇ ਮਾਨਸਿਕ ਵਿਕਾਸ ਦਾ ਰਾਹ ਰੋਕਿਆ ਗਿਆ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ ਵਿੱਚ ਇੱਕ ਵੱਡੀ ਸੰਸਥਾ ਹੈ ਜੋ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪਸਾਰ ਅਤੇ ਸਿੱਖਿਆ ਵਿੱਚ ਅਹਿਮ ਯੋਗਦਾਨ ਪਾ ਸਕਦੀ ਹੈ। ਇਸ ਵੱਲ ਗ਼ੌਰ ਕਰਨੀ ਬਣਦੀ ਹੈ।

ਹਾਲਾਤ ਤਾਂ ਅਜਿਹੇ ਹਨ ਕਿ ਟੈਲੀਵਿਜ਼ਨ ਉੱਪਰ ਪੰਜਾਬੀ ਖ਼ਬਰਾਂ ਪੜ੍ਹਨ ਵਾਲੇ ਐਂਕਰ ਪੰਜਾਬੀ ਬੋਲਦੇ ਬੋਲਦੇ ਹਿੰਦੀ ਦੇ ਸ਼ਬਦਾਂ ਦੀ ਵਰਤੋਂ ਕਰਨ ਲੱਗ ਪੈਂਦੇ ਹਨ। ਇਸੇ ਤਰ੍ਹਾਂ ਚੈਨਲਾਂ 'ਤੇ ਚੱਲਦੀ ਪੰਜਾਬੀ ਖ਼ਬਰਾਂ ਦੀ ਪੱਟੀ ਵਿੱਚ ਵੀ ਸ਼ਬਦ-ਜੋੜ ਦੀਆਂ ਗ਼ਲਤੀਆਂ ਆਮ ਦੇਖੀਆਂ ਜਾਂਦੀਆਂ ਹਨ। ਇਹ ਗ਼ਲਤ ਸ਼ਬਦਜੋੜ ਸਾਡੇ ਪੰਜਾਬੀ ਭਾਸ਼ਾ ਦੇ ਗਿਆਨ ਵੱਲ ਇਸ਼ਾਰਾ ਕਰਦੇ ਹਨ। ਪੰਜਾਬੀ ਭਾਸ਼ਾ ਨੂੰ ਬਚਾਉਣ ਦੇ ਨਾਂ 'ਤੇ ਰਾਜਨੀਤੀ ਕੀਤੀ ਜਾਂਦੀ ਹੈ। ਅੱਜਕੱਲ੍ਹ ਕੁਝ ਅਸਮਾਜਿਕ ਵਿਅਕਤੀ

ਵੀ ਪੰਜਾਬੀ ਭਾਸ਼ਾ ਦੇ ਅਲੰਬਰਦਾਰ ਬਣੇ ਹੋਏ ਹਨ। ਉਹ ਤਰਕ ਨਾਲ ਆਪਣੀ ਗੱਲ ਸਰਕਾਰ ਅਤੇ ਲੋਕਾਂ ਕੋਲ ਪਹੁੰਚਾਉਣ ਦੀ ਥਾਂ ਦੂਜੀਆਂ ਭਾਸ਼ਾਵਾਂ ਵਿੱਚ ਲਿਖੇ ਬੋਰਡਾਂ ਉੱਪਰ ਕਾਲਾ ਰੰਗ ਮਲ਼ ਕੇ ਸਮਾਜ ਵਿੱਚ ਅਰਾਜਕਤਾ ਫੈਲਾਉਂਦੇ ਹਨ। ਕਈ ਪੰਜਾਬੀ ਗਾਇਕ ਵੀ ਅਸ਼ਲੀਲ ਅਤੇ ਦੂਹਰੇ ਅਰਥਾਂ ਵਾਲੇ ਸ਼ਬਦ ਵਰਤ ਕੇ ਇਹ ਕਹਿੰਦੇ ਸੁਣੇ ਗਏ ਹਨ ਕਿ ਉਹ ਮਾਂ ਬੋਲੀ ਪੰਜਾਬੀ ਦੀ ਸੇਵਾ ਕਰ ਰਹੇ ਹਨ। ਬਹੁਤ ਘੱਟ ਗੀਤਾਂ ਵਿੱਚ ਚੰਗੇ ਅਤੇ ਸੱਭਿਅਕ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੁੰਦਾ ਹੈ। ਪੰਜਾਬ ਸਰਕਾਰ ਵੱਲੋਂ ਦਫ਼ਤਰੀ ਕੰਮਕਾਰ ਅਤੇ ਪੱਤਰ ਵਿਹਾਰ ਪੰਜਾਬੀ ਭਾਸ਼ਾ ਵਿੱਚ ਕਰਨਾ ਲਾਜ਼ਮੀ ਬਣਾਇਆ ਗਿਆ ਹੈ। ਹੁਣ ਸਰਕਾਰ ਨੇ ਸਾਰੇ ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ ਅਤੇ ਦੁਕਾਨਦਾਰਾਂ ਨੂੰ ਆਪਣੇ ਬੋਰਡ ਪੰਜਾਬੀ ਭਾਸ਼ਾ ਵਿੱਚ ਲਿਖਣਾ ਜ਼ਰੂਰੀ ਕਰ ਦਿੱਤਾ ਹੈ। ਜੇਕਰ ਕੋਈ ਦੂਸਰੀ ਭਾਸ਼ਾ ਲਿਖਣੀ ਜ਼ਰੂਰੀ ਹੋਵੇ ਤਾਂ ਵੀ ਪੰਜਾਬੀ ਭਾਸ਼ਾ ਨੂੰ ਪਹਿਲ ਦੇ ਆਧਾਰ ‘ਤੇ ਲਿਖਣਾ ਲਾਜ਼ਮੀ ਕੀਤਾ ਹੈ।

1.5 ਪੰਜਾਬੀ ਦੀਆਂ ਉਪਭਾਸ਼ਾਵਾਂ

ਉਪਭਾਸ਼ਾ ਜਾਂ ਉਪਭਾਖਾ ਕਿਸੇ ਵਡੇਰੀ ਤੇ ਪ੍ਰਚੱਲਿਤ ਭਾਸ਼ਾ ਦੇ ਇਕ ਸੀਮਿਤ ਹਿੱਸੇ ਵਿਚ ਬੋਲੇ ਜਾਣ ਵਾਲੇ ਇਲਾਕਾਈ ਰੂਪ ਨੂੰ ਕਹਿੰਦੇ ਹਨ। ਉਪਭਾਸ਼ਾ ਵਿਚ ਇਕ ਵਡੇਰੀ ਭਾਸ਼ਾ ਵਾਲੇ ਸਾਰੇ ਗੁਣ ਮੌਜੂਦ ਹੁੰਦੇ ਹਨ ਤੇ ਉਹ ਸਮਾਂ ਪਾ ਕੇ ਅਤੇ ਹਾਲਾਤ ਦੇ ਅਨੁਕੂਲ ਹੋਣ ਨਾਲ ਉਪਭਾਸ਼ਾ ਦੀ ਥਾਂ ਖੁਦ ਭਾਸ਼ਾ ਦਾ ਰੂਪ ਧਾਰ ਸਕਦੀ ਹੈ।

ਇਹ ਗੱਲ ਮੰਨੀ ਗਈ ਹੈ ਕਿ ਨਾ ਤਾਂ ਸਾਰੇ ਮਨੁੱਖਾਂ, ਕਬੀਲਿਆਂ, ਸਮਾਜਕ ਗੁੱਟਾਂ ਦਾ ਉਚਾਰਣ ਢੰਗ ਤੇ ਸ਼ਬਦਾਵਲੀ ਇਕੋ ਹੈ ਤੇ ਨਾ ਹੀ ਵੱਖ ਵੱਖ ਭੂਗੋਲਿਕ ਸਥਿਤੀਆਂ ਅੰਦਰ ਪੈਦਾ ਹੋਈਆਂ ਉਚਾਰਣ ਵਿਸ਼ੇਸ਼ਤਾਵਾਂ ਇਕੋ ਜਿਹੀਆਂ ਹਨ। ਇਸੇ ਲਈ ਕਹਿੰਦੇ ਹਨ ਕਿ ਹਰ ਬਾਰ੍ਹਾਂ ਕੋਹਾਂ ਤੇ ਬੋਲੀ ਬਦਲ ਜਾਂਦੀ ਹੈ। ਇਸ ਤਰ੍ਹਾਂ ਇਹ ਸਮਾਜਕ ਤੇ ਇਲਾਕਾਈ ਭੇਦ ਉਪਭਾਸ਼ਾ ਨੂੰ ਜਨਮ ਦਿੰਦੇ ਹਨ।

ਇੱਥੇ ਇਕ ਹੋਰ ਗੱਲ ਵੀ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਬਾਰ੍ਹਾਂ ਕੋਹਾਂ ਵਿਚ ਬੋਲੀ ਇਕ-ਦਮ ਨਹੀਂ ਬਦਲ ਜਾਂਦੀ, ਕੇਵਲ ਉਚਾਰਣ ਢੰਗ ਤੇ ਸ਼ਬਦਾਵਲੀ ਵਿਚ ਥੋੜ੍ਹਾ ਜਿਹਾ ਫ਼ਰਕ ਪੈ ਜਾਂਦਾ ਹੈ। ਦਰਿਆ ਦੇ ਇਕ ਕੰਢੇ ਤੇ ਵਸਣ ਵਾਲਿਆਂ ਦੀ ਬੋਲੀ ਦੂਜੇ ਕੰਢੇ ਤੇ ਵਸਣ ਵਾਲਿਆਂ ਨਾਲੋਂ ਕੁਝ ਵੱਖ ਹੋਵੇਗੀ। ਇਹ ਵੱਖਰੇਵਾਂ ਪ੍ਰਾਚੀਨ ਕਾਲ ਵਿਚ ਹੋਰ ਵੀ ਜ਼ਿਆਦਾ ਹੋ ਜਾਂਦਾ ਸੀ ਜਦ ਦਰਿਆ ਵਿਚ ਹੜ੍ਹ ਆ ਜਾਣ ਦੇ ਕਾਰਣ ਦੋਹਾਂ ਕੰਢਿਆਂ ਤੇ ਵਸਣ ਵਾਲਿਆਂ ਦਾ ਮੇਲ ਜੋਲ ਮਹੀਨਿਆਂ ਬੱਧੀ ਬੰਦ ਹੋ ਜਾਂਦਾ ਸੀ।

ਅੱਜ ਲੋਕਾਂ ਦੇ ਮੇਲ ਜੋਲ ਵੱਧ ਜਾਣ ਨਾਲ ਬੋਲੀਆਂ ਦੇ ਇਲਾਕਾਈ ਰੂਪਾਂ ਵਿਚ ਵਖਰੇਵੇਂ ਭਾਵੇਂ ਘਟ ਰਹੇ ਹਨ, ਫਿਰ ਵੀ ਇਕ-ਦਮ ਮਿਟ ਨਹੀਂ ਗਏ। ਜਿਵੇਂ ਭੋਜਪੁਰੀ, ਬੁੰਧੇਲਖੰਡੀ, ਅਵਧੀ, ਰਾਜਸਥਾਨੀ, ਖੜੀ ਬੋਲੀ, ਹਰਿਆਣਵੀ ਆਦਿ ਹਿੰਦੀ ਦੀਆਂ ਉਪਭਾਸ਼ਾਵਾਂ ਹਨ, ਠੀਕ ਇਸੇ ਤਰ੍ਹਾਂ ਪੰਜਾਬੀ ਦੀਆਂ ਵੀ ਉਪਭਾਸ਼ਾਵਾਂ ਹਨ ਅਤੇ ਉਹ ਹਿੰਦੁਸਤਾਨੀ ਤੇ ਪਾਕਿਸਤਾਨੀ ਪੰਜਾਬ ਵਿਚ ਫੈਲੀਆਂ ਹੋਈਆਂ ਹਨ। ਸੰਖਿਪਤ ਵੇਰਵਾ ਇਸ ਪ੍ਰਕਾਰ ਹੈ:

ਮਾਝੀ ਅਥਵਾ ਕੇਂਦਰੀ : ਇਹ ਸਾਂਝੇ ਪੰਜਾਬ ਦੇ ਐਨ ਕੇਂਦਰੀ ਇਲਾਕੇ ਵਿਚ ਬੋਲੀ ਜਾਂਦੀ ਹੈ ਤੇ ਇਸੇ ਲਈ ਇਸ ਨੂੰ ਪੰਜਾਬ ਦੀ ਟਕਸਾਲੀ ਭਾਸ਼ਾ ਦੇ ਤੌਰ ਤੇ ਪ੍ਰਵਾਨ ਕੀਤਾ ਗਿਆ ਹੈ। ਗੁਜਰਾਂਵਾਲਾ, ਲਾਹੌਰ, ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਪੂਰੇ ਜਿਲ੍ਹੇ ਅਤੇ ਸ਼ੇਖ਼ੂਪੁਰਾ ਤੇ ਸਿਆਲਕੋਟ ਅਥਵਾ ਗੁਜਰਾਤ ਦੇ ਕੁਝ ਇਲਾਕੇ ਇਸ ਦੇ ਘੇਰੇ ਵਿਚ ਆਉਂਦੇ ਹਨ। ਇਸ ਦਾ ਠੇਠ ਮੁਹਾਵਰਾ ਅੰਮ੍ਰਿਤਸਰ ਦੇ ਆਲੇ ਦੁਆਲੇ ਦਾ ਹੈ। ਮਾਝੀ ਨੂੰ ਜੇ ਲਹਿੰਦੀ ਦਾ ਸੋਧਿਆ ਰੂਪ ਕਿਹਾ ਜਾਏ ਤਾਂ ਅਯੋਗ ਨਹੀਂ ਹੋਵੇਗਾ ਜਿਵੇਂ ਪਿਉ, ਘਿਉ, ਪੁਤ੍ਰ, ਭਾਉ ਆਦਿ ਕਈ ਸ਼ਬਦ ਇਕੋ ਤਰ੍ਹਾਂ ਵਰਤੇ ਜਾਂਦੇ ਹਨ। ਹਾਂ ਕ੍ਰਿਆ ਰੂਪ ਵਿਚ ਚੋਖੀ ਤਬਦੀਲੀ ਆਈ ਹੈ ਜਿਵੇਂ ‘ਮਰੇਂਦਾ’ ਦੀ ਥਾਂ ‘ਮਾਰਦਾ’ ਅਤੇ ‘ਜਾਸਾਂ’ ਦੀ ਥਾਂ ‘ਜਾਵਾਂਗਾ’, ‘ਆਵਾਂਗਾ’ ਵਰਤਦੇ ਹਨ। ਅੱਜਕਲ੍ਹ ਪੰਜਾਬੀ ਦੀਆਂ ਲਗਭਗ ਸਭ ਪੁਸਤਕਾਂ ਵਿਚ ਇਹੀ ਉਪਭਾਸ਼ਾ ਵਰਤੀ ਜਾਂਦੀ ਹੈ। ਫਿਰ ਦੀ ‘ਆਰਾਮ’ ਨੂੰ ‘ਰਮਨ’, ‘ਪੰਚ’ ਨੂੰ ‘ਪੈਂਚ’,‘ਸਿੰਘ’ ਨੂੰ ‘ਸਿੰਹਾਂ’ ਆਦਿ ਇਸ ਦੇ ਖ਼ਾਸ ਇਲਾਕਾਈ ਭੇਦ ਹਨ। ਮੁਲਤਾਨੀ ਤੋਂ ਬਾਅਦ ਇਸ ਨੂੰ ਪੰਜਾਬ ਦੀ ਸਭ ਤੋਂ ਪੁਰਾਤਨ ਉਪਭਾਸ਼ਾ ਮੰਨਿਆ ਜਾਂਦਾ ਹੈ। ਪੁਰਾਤਨ ਪੁਸਤਕਾਂ ਵਿਚ ਇਸ ਦਾ ਨਾਂ ਲਾਹੌਰੀ ਵੀ ਦਿੱਤਾ ਹੈ।

ਦੁਆਬੀ : ਕੇਂਦਰੀ ਪੰਜਾਬ ਦੇ ਪੂਰਬ ਵੱਲ ਦੁਆਬਾ ਹੈ। ਦੁਆਬੇ ਦੇ ਅਰਥ ਹਨ ‘ਦੋ ਪਾਣੀ’ ਅਤੇ ‘ਦੁਆਬਾ’ ਦਾ ਅਰਥ ਹੈ ਦੋ ਦਰਿਆਵਾਂ ਦੇ ਵਿਚਕਾਰ ਦਾ ਇਲਾਕਾ। ਉਂਜ ਤਾਂ ਪੰਜਾਬ ਵਿਚ ਪੰਜ ਦੁਆਬੇ ਹਨ ਪਰ ਸਤਲੁਜ ਤੇ ਬਿਆਸ ਦੇ ਵਿਚਕਾਰ ਦਾ ਇਲਾਕਾ ਖ਼ਾਸ ‘ਦੁਆਬੇ’ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦੀ ਬੋਲੀ ਨੂੰ ਦੁਆਬੀ ਕਹਿੰਦੇ ਹਨ। ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਦੇ ਜ਼ਿਲ੍ਹੇ ਇਸ ਵਿਚ ਆਉਂਦੇ ਹਨ। ਦੁਆਬਾ ਨਿਵਾਸੀ ਉਂਜ ਤਾਂ ਕੇਂਦਰੀ ਬੋਲੀ ਹੀ ਬੋਲਦੇ ਹਨ ਪਰ ‘ਵ’ ਦੀ ਥਾਂ ‘ਬ’, ‘ਸ਼’ ਦੀ ਥਾਂ ‘ਛ’ ਜਾਂ ‘ਬ’ ਦੀ ਥਾਂ ‘ਵ’ ਵਰਤ ਕੇ ਇਹ ਬੋਲੀ ਦਾ ਰੰਗ ਰੂਪ ਬਦਲ ਦਿੰਦੇ ਹਨ ਜਿਵੇਂ

'ਵਾਹਿਗੁਰੂ' ਨੂੰ 'ਬਾਹਗੁਰੂ', 'ਬੰਡ' ਤੇ 'ਵਟ' ਨੂੰ 'ਬਟ' ਬੋਲਣਗੇ। ਇਸੇ ਤਰ੍ਹਾਂ 'ਬਰਮਾ' ਨੂੰ 'ਵਰਮਾ' ਅਤੇ 'ਬੜੀ ਖੁਸ਼ੀ' ਅਤੇ 'ਬ੍ਰਿਸ਼ਭਾਨ' ਨੂੰ 'ਬ੍ਰਿਛਭਾਨ' ਬਣਾ ਦੇਣਗੇ। ਕੇਂਦਰੀ ਤੇ ਦੁਆਬੀ ਉਪਭਾਸ਼ਾਵਾਂ ਹੁਣ ਤੇਜ਼ੀ ਨਾਲ ਇਕ-ਮਿਕ ਹੋ ਰਹੀਆਂ ਹਨ।

ਮਲਵਈ : ਦੁਆਬੀ ਨਾਲ ਮਿਲਦੀ ਜੁਲਦੀ ਇਹ ਉਪਭਾਸ਼ਾ ਸਤਲੁਜ ਪਾਰ ਦੀ ਬੋਲੀ ਹੈ। ਫ਼ੀਰੋਜ਼ਪੁਰਾ, ਫਰੀਦਕੋਟ, ਲੁਧਿਆਣਾ, ਪਟਿਆਲਾ, ਬਠਿੰਡਾ ਦੇ ਪੂਰੇ ਜ਼ਿਲ੍ਹੇ ਅਤੇ ਸੰਗਰੂਰ ਦਾ ਚੋਖਾ ਇਲਾਕਾ ਇਸ ਵਿਚ ਸ਼ਾਮਲ ਹੈ। 'ਵ' ਤੇ 'ਬ' ਦੀ ਵਰਤੋਂ ਇੱਥੇ ਵੀ ਵਰਤੋਂ ਇੱਥੇ ਵੀ ਦੁਆਬੇ ਜਿਹੀ ਹੈ। ਕੁਝ ਹੋਰ ਵੱਖਰੇਵੇਂ ਇਸ ਤਰ੍ਹਾਂ ਹਨ। 'ਤੁਹਾਨੂੰ' ਦੀ ਥਾਂ 'ਥੁਆਨੂੰ', 'ਤੁਹਾਡੀ' ਦੀ ਥਾਂ 'ਥੋਡੀ' ਬੋਲਦੇ ਹਨ। ਇਸ ਤਰ੍ਹਾਂ ਜਿੱਥੇ 'ਂ' ਜਾਂ 'ਈਂ' ਦੀ ਆਵਾਜ਼ ਹੋਵੇ ਉੱਥੇ 'ਮ' ਬੋਲਦੇ ਹਨ ਜਿਵੇਂ 'ਲਿਆਵਾਂ' ਨੂੰ 'ਲਿਆਮਾ' ਜਾਂ 'ਤੀਵੀਂ' ਨੂੰ 'ਤੀਮੀ' ਤੇ ਭਾਈ ਨੂੰ ਬਾਈ। ਇਸੇ ਤਰ੍ਹਾਂ 'ਕਿਵੇ ਕਰੀਏ' ਨੂੰ 'ਕਿਕਰ ਕਰਾਂ' ਬੋਲਣਗੇ। ਬਠਿੰਡੇ ਦੇ ਇਰਦ ਗਿਰਦ ਦੀ ਬੋਲੀ ਨੂੰ 'ਭਟਿਆਣੀ' ਵੀ ਕਹਿੰਦੇ ਹਨ।

ਡੋਗਰੀ : ਡੂਗਰ ਦਾ ਅਰਥ ਹੈ 'ਪਹਾੜ'। ਇਹ ਬੋਲੀ ਪੰਜਾਬ ਦੇ ਨਾਲ ਦੇ ਪਹਾੜੀ ਇਲਾਕਿਆਂ ਵਿਚ ਵਰਤੀ ਜਾਂਦੀ ਹੈ। ਕੁਲੂ, ਕਾਂਗੜਾ, ਸ਼ਿਮਲਾ, ਜੰਮੂ ਤੇ ਸਿਆਲਕੋਟ ਦੇ ਪਹਾੜੀ ਇਲਾਕੇ ਇਸ ਦੇ ਘੇਰੇ ਵਿਚ ਆਉਂਦੇ ਹਨ। ਇਹ ਪੋਠੋਹਾਰੀ ਨਾਲ ਮੇਲ ਖਾਂਦੀ ਹੈ। 'ਮਿਘੀ','ਤੁਘੀ' ਇੱਥੇ ਵੀ ਵਰਤਦੇ ਹਨ। ਕ੍ਰਿਆ ਵਿਚ 'ਦੇ' ਦੀ ਵਰਤੋਂ ਵਾਧੂ ਕਰਦੇ ਹਨ ਜਿਵੇਂ 'ਗਏ ਨੇ' ਨੂੰ 'ਗਏ ਦੇ ਨੇ'। 'ਸੀ' ਜਾਂ 'ਸਾ' ਦੀ ਥਾਂ 'ਥ' ਵਰਤਦੇ ਹਨ ਜਿਵੇਂ 'ਕਹਿ ਛਡਿਆ ਸੀ' ਨੂੰ 'ਗਲਾਈ ਛੋੜਿਆ ਥਾ' ਬੋਲਣਗੇ। 'ਏ' ਦੀ ਵਰਤੋਂ ਆਮ ਕਰਦੇ ਹਨ ਜਿਵੇਂ 'ਸੋਹੀਏ ਬਾਪੂਏ ਦੀ'।

ਜਾਂਗਲੀ ਜਾਂ ਬਾਰੇ ਦੀ ਬੋਲੀ : ਕੇਂਦਰੀ ਇਲਾਕੇ ਨਾਲ ਪੱਛਮ ਵਲ ਲਗਦਾ ਇਲਾਕਾ ਬਾਰ ਦਾ ਹੈ। ਇਹ ਬਾਰ ਸ਼ੇਖੂਪਰੇ ਤੋਂ ਲੈ ਕੇ ਖ਼ਾਨੇਵਾਲ ਤੱਕ ਅਤੇ ਰਾਵੀ ਤੋਂ ਲੈ ਕੇ ਜਿਹਲਮ ਤਕ ਪਸਰੀ ਹੋਈ ਹੈ। ਇਸ ਸਾਰੇ ਇਲਾਕੇ ਦੀ ਝਾਂਗੀ ਕਹਿੰਦੇ ਹਨ। ਸ਼ੇਖੂਪੁਰੇ ਦਾ ਅੱਧਾ ਜ਼ਿਲ੍ਹਾਂ, ਮਿੰਟਗੁਮਰੀ, ਲਾਇਲਪੁਰ ਤੇ ਝੰਗ ਦੇ ਸਾਰੇ ਜ਼ਿਲ੍ਹੇ, ਮੁਲਤਾਨ ਦੀਆਂ ਤਿੰਨ ਤਹਿਸੀਲਾਂ, ਖ਼ਾਨੇਵਾਲ, ਕਬੀਰਵਾਲਾ ਤੇ ਮੈਲਸੀ ਵਿਹਾੜੀ ਅਤੇ ਜ਼ਿਲ੍ਹਾਂ ਸ਼ਾਹਪੁਰ (ਹੁਣ ਸਰਗੋਧਾ) ਦਾ ਬਹੁਤ ਸਾਰਾ ਇਲਾਕਾ ਇਸ ਵਿਚ ਸ਼ਾਮਲ ਹਨ। 'ਹਿੱਕ', 'ਵੰਞਣਾ' ਤੇ 'ਮਰੇਸ' ਆਦਿ ਬੋਲ ਇਸ ਦੇ ਪੋਠੋਹਾਰੀ ਨਾਲ ਮਿਲਦੇ ਹਨ ਅਤੇ 'ਧਾਵਣਾ', 'ਧਾਤਾ', 'ਭਾਹ', ਤੇ 'ਚੌਡਸ' ਆਦਿ ਮੁਲਤਾਨੀ ਨਾਲ। ਪਰ ਇਸ ਵਿਚ 'ਮੈਂਡਾ' 'ਤੈਂਡਾ' ਦੀ ਥਾਂ 'ਮੇਰਾ' 'ਤੇਰਾ' ਹੀ ਵਰਤਦੇ ਹਨ। ਝੰਗ ਦੇ ਸ਼ਹਿਰੀ ਲੋਕ, 'ਮੈਰਾ' 'ਤੈਰਾ' ਬੋਲਦੇ ਹਨ ਤੇ ਇਹੀ ਉਨ੍ਹਾਂ ਦੀ ਪਛਾਣ ਹੈ। ਇਹ ਉਪਬੋਲੀ ਕੇਂਦਰੀ ਨਾਲ ਚੋਖਾ ਮੇਲ ਖਾਂਦੀ ਹੈ। ਇਸ ਦੀ ਖ਼ਾਸ ਨਿਸ਼ਾਨੀ ਇਹ ਹੈ ਕਿ ਇਸ ਵਿਚ ਟਿਪੀ (ੰ) ਦੀ ਥਾਂ ਅਧਕ (ੱ) ਦੀ ਵਰਤੋਂ ਜ਼ਿਆਦਾ ਕੀਤੀ ਜਾਂਦੀ ਹੈ ਜਿਵੇਂ 'ਕੰਧ' ਨੂੰ, 'ਕੱਧ' 'ਕੰਘੀ' ਨੂੰ 'ਕੱਘੀ', 'ਸੱਘ' ਨੂੰ 'ਸੰਘ' ਤੇ 'ਚੁੰਘਣਾ' ਨੂੰ 'ਚੁੱਘਣਾ' ਕਹਿਣਗੇ। ਬਹੁਤ ਸਾਰੀਆਂ ਥਾਂਵਾਂ ਤੇ ਜਾਂ ਤੇ (ਿ) ਉਡਾ ਹੀ ਦਿੱਤੀ ਜਾਂਦੀ ਹੈ, ਨਹੀਂ ਤੇ ਇਸ ਦੀ ਥਾਂ (ਾ) ਵਰਤਿਆ ਜਾਂਦਾ ਹੈ ਜਿਵੇਂ ਸ਼ਹਿਰ ਨੂੰ 'ਸ਼ਾਹਰ' ਤੇ 'ਗਹਿਣਾ' ਨੂੰ 'ਗਾਹਣਾ', 'ਰਹਿੰਦੇ' ਨੂੰ 'ਰਾਹੰਦੇ' ਤੇ 'ਲਾਹਿੰਦਾ' ਨੂੰ 'ਲਾਹੰਦਾ' ਬੋਲਿਆ ਜਾਂਦਾ ਹੈ। 'ਸੀ' ਦੀ ਥਾਂ 'ਆਹਾ', 'ਆਹੀ' ਜਾਂ 'ਹਾਈ' ਵਰਤਦੇ ਹਨ, ਜਿਵੇਂ 'ਇਕ ਦਿਲ ਆਹਾ ਸੋ ਰਾਂਝਣ ਲੀਤਾ ਖੇੜਿਆਂ ਨੂੰ ਕੇ ਦੇਸੀ' (ਹੀਰ ਦਮੋਦਰ)। ਇਸ ਦੇ ਲੋਕ ਗੀਤਾਂ ਵਿਚ ਉਤਮ ਸਾਹਿੱਤ ਲੁਕਿਆ ਪਿਆ ਹੈ। ਦਮੋਦਰ ਨੇ ਆਪਣੇ ਕਿੱਸਾ 'ਹੀਰ' ਵਿਚ ਪ੍ਰਮੁੱਖ ਰੂਪ ਵਿਚ ਇਹੀ ਬੋਲੀ ਵਰਤੀ ਹੈ। ਜਿਹਲਮ ਦੇ ਪਾਰਲੇ ਇਲਾਕੇ ਤੇ ਖੁਸ਼ਾਬ ਦੀ ਬੋਲੀ ਨੂੰ ਬਲੋਚੀ ਕਹਿੰਦੇ ਹਨ,ਇਹ ਜਾਂਗਲੀ ਉਪਭਾਖਾ ਦਾ ਛੋਟਾ ਰੂਪ ਹੈ। ਇਸ ਤਰ੍ਹਾਂ ਜ਼ਿਲ੍ਹਾ ਮੀਆਂਵਾਲੀ ਦੀ ਬੋਲੀ ਨੂੰ ਆਵਾਣਕਾਰੀ ਕਹਿੰਦੇ ਹਨ। ਇਹ ਪੋਠੋਹਾਰੀ ਤੇ ਜਾਂਗਲੀ ਬੋਲੀ ਦੀ ਮਿਸ਼ਰਿਤ ਹੈ। ਹੀਰ ਦਮੋਦਰ ਜਾਂਗਲੀ ਭਾਖਾ ਦਾ ਸਫਲ ਨਮੂਨਾ ਹੈ।

ਮੁਲਤਾਨੀ : ਪੁਰਾਤਨ ਪੰਜਾਬ ਦਾ ਬਹੁਤ ਸਾਹਿੱਤ ਮੁਲਤਾਨੀ ਵਿਚ ਪ੍ਰਾਪਤ ਹੈ। ਮੁਲਤਾਨੀ ਜ਼ਿਲ੍ਹਾ ਮੁਲਤਾਨ ਦੀਆਂ ਤਹਿਸੀਲਾਂ ਮੁਲਤਾਨ, ਸੁਜਾਬਾਦ ਤੇ ਲੋਧਰਾਂ ਅਤੇ ਮੁਜ਼ੱਫਰਗੜ੍ਹ ਦੇ ਜ਼ਿਲ੍ਹੇ ਵਿਚ ਬੋਲੀ ਜਾਂਦੀ ਹੈ। ਬਹਾਵਲਪੁਰ ਦੀ ਬੋਲੀ ਬਹੁਤੀ ਮੁਲਤਾਨੀ ਹੈ ਭਾਵੇਂ ਉਸ ਪੁਰ ਪੇਤਲਾ ਜਿਹਾ ਸਿੰਧੀ ਦਾ ਅਸਰ ਵੀ ਹੈ। ਕਈ ਇਸ ਨੂੰ 'ਸਰਾਇਕੀ' ਵੀ ਕਹਿੰਦੇ ਹਨ। ਇਸੇ ਤਰ੍ਹਾਂ ਡੇਰਾ ਗਾਜ਼ੀਖਾਨ ਦੀ ਬੋਲੀ ਵੀ ਮੁਲਤਾਨੀ ਹੀ ਕਹੀ ਜਾ ਸਕਦੀ ਹੈ ਭਾਵੇਂ ਇਸ ਨੂੰ ਡੇਰਾ ਜਾਤੀ ਕਹਿਕੇ ਵੱਖ ਕਰਨ ਦਾ ਯਤਨ ਕੀਤਾ ਗਿਆ ਹੈ। ਕ੍ਰਿਆ ਦਾ ਭਵਿੱਖ ਰੂਪ ਬਾਰ ਦੀ ਬੋਲੀ ਵਾਲਾ ਹੀ ਹੈ, ਭਾਵ 'ਜਾਸੀ' 'ਖਾਸੀ' 'ਰਹਿਸੀ' ਆਦਿ, ਪਰ ਭੂਤ ਵਿਚ 'ਆਹਾ' ਦੀ ਥਾਂ 'ਹਾਈ' ਸੁਣਿਆ ਜਾਏਗਾ। ਇਸੇ ਤਰ੍ਹਾਂ 'ਚਲਣਾ' ਨੂੰ 'ਜੁਲਣਾ', ਅਤੇ 'ਮੈਂਡਾ' 'ਤੈਂਡਾ', 'ਘਿੰਨ''ਵੰਞ' ਆਦਿ ਇਸ ਦੀ ਪਛਾਣ ਦੇ ਪ੍ਰਸਿੱਧ ਬੋਲ ਹਨ।

ਪੋਠੋਹਾਰੀ : ਇਹ ਬੋਲੀ ਰਾਵਲਪਿੰਡੀ, ਕੈਂਬਲਪੁਰ (ਅਟਕ), ਜਿਹਲਮ ਦੀ ਸੁਹਾਂ ਨਦੀ ਦੇ ਆਰ ਪਾਰ ਦੇ ਜੰਮੂ ਕਸ਼ਮੀਰ ਦੇ ਨਾਲ ਲਗਦੇ ਇਲਾਕੇ ਮੀਰਪੁਰ ਵਿਚ ਬੋਲੀ ਜਾਂਦੀ ਹੈ। ਪੁਰਾਣੇ ਸਮਿਆਂ ਵਿਚ ਇਹ ਇਲਾਕਾ ਵਿੱਦਿਆ ਦਾ ਕੇਂਦਰ ਰਿਹਾ ਹੈ। ਟੈਕਸਲਾ ਇੱਥੇ ਹੀ ਸਥਾਪਿਤ ਸੀ। ਵਿਚੋਂ ਕੁਝ ਸਮਾਂ ਪਛੜਿਆ ਰਹਿ ਕੇ ਨਵੀਨ ਯੁੱਗ ਵਿਚ ਇਸ ਇਲਾਕੇ ਨੇ ਚੋਖੇ ਸਾਹਿੱਤਕਾਰਾਂ ਨੂੰ ਜਨਮ ਦਿੱਤਾ ਹੈ। 'ਮੈਂਡਾ', 'ਤੈਂਡਾ' ਤੇ 'ਘਿਨ', 'ਵੰਞ' ਦੇ ਬੋਲ ਇਸ ਦੇ ਮੁਲਤਾਨੀ ਉਪਭਾਖਾ ਨਾਲ ਮਿਲਦੇ ਜੁਲਦੇ ਹਨ। ਇਸ ਉਪਬੋਲੀ ਵਿਚ 'ਮਿਘੀ', 'ਤੁਘੀ' ਦੇ ਨਾਲ (ੇ) ਦੀ ਥਾਂ (ੈ) ਦੀ ਵਧੇਰੇ ਵਰਤੋਂ ਹੁੰਦੀ ਹੈ ਜਿਵੇਂ

'ਕਿਸਕੈ', 'ਕੈ ਪਿਆ ਕਰੇਨੈ' ਆਦਿ। ਇਸ ਤਰ੍ਹਾਂ 'ਕਿਥੇ' ਨੂੰ 'ਕੁਥੇ' ਅਤੇ 'ਸਾਡੇ' ਦੀ ਥਾਂ 'ਅਸਾਂ ਨੇ' ਬੋਲਦੇ ਹਨ। 'ਏ' ਦੀ ਥਾਂ 'ਹ' ਅੱਖਰ ਦੀ ਵਰਤੋਂ ਵੀ ਆਮ ਕੀਤੀ ਜਾਦੀ ਹੈ, ਜਿਵੇਂ 'ਇਸ' ਦੀ ਥਾਂ 'ਹਿਸ' ਤੇ 'ਇਹ' ਦੀ ਥਾਂ 'ਹਿਹ'। ਮੋਹਨ ਸਿੰਘ ਦਾ ਗੀਤ 'ਹਿਕ ਢੋਕ ਸਾੜ੍ਹੀ ਦਰ ਅੱਛ ਢੋਲਾ' ਇਸ ਉਪਭਾਖਾ ਦਾ ਚੰਗਾ ਨਮੂਨਾ ਹੈ।

ਪੁਆਧੀ : ਦਰਿਆ ਘੱਗਰ ਦੇ ਇਰਦ ਗਿਰਦ ਅੰਬਾਲਾ, ਪਟਿਆਲਾ ਤੇ ਸਰਸਾ-ਫ਼ਤਹਆਬਾਦ ਦੇ ਕੁਝ ਇਲਾਕੇ ਦੀ ਬੋਲੀ ਨੂੰ ਪੁਆਧੀ ਕਹਿੰਦੇ ਹਨ। ਇਹ ਮਲਵਈ ਨਾਲ ਚੋਖੀ ਮਿਲਦੀ ਹੈ। ਇਥੇ 'ਸਾਨੂੰ' ਦੀ ਥਾਂ 'ਹਮਾਨੂੰ','ਵਿਚ' ਦੀ ਥਾਂ 'ਬਿਚ ਮਾ' ਤੇ 'ਹੁਣ' ਨੂੰ 'ਇਬ' ਬੋਲਦੇ ਹਨ। 'ਆਇਆ ਸੀ' ਦੀ ਥਾਂ 'ਆਇਆ ਤੀ' ਅਤੇ 'ਗਿਆ ਸੀ' ਦੀ ਥਾਂ 'ਗਿਆ ਤੀ' ਬੋਲਦੇ ਹਨ।

ਪੁਆਧੀ ਤੋਂ ਅੱਗੇ ਬਾਂਗਰੂ ਬੋਲੀ ਆ ਜਾਂਦੀ ਹੈ। ਇਸ ਲਈ ਬਾਂਗਰੂ ਦਾ ਅਸਰ ਵੀ ਥੋੜ੍ਹਾ ਬਹੁਤ ਪੁਆਧੀ ਪੁਰ ਪੈਂਦਾ ਹੈ। ਕਰਨਾਲ ਤੇ ਰੋਹਤਕ ਦੀ ਬੋਲੀ ਬਾਂਗਰੂ ਹੈ ਜਦ ਕਿ ਸਰਸਾ, ਹਿਸਾਰ, ਹਨੂਮਾਨਗੜ੍ਹ (ਬੀਕਾਨੇਰ) ਦੀ ਭਟਿਆਣੀ। ਇਨ੍ਹਾਂ ਦੋਹਾਂ ਬੋਲੀਆਂ ਪੁਰ ਹਿੰਦੀ ਦਾ ਅਸਰ ਜ਼ਰੂਰ ਹੈ ਪਰ ਇਨ੍ਹਾਂ ਦੀ ਰੂਹ ਪੰਜਾਬੀ ਹੀ ਹੈ। ਇੱਥੇ 'ਅਸੀ ਇਹ ਨਹੀਂ ਹੋਣ ਦਿਆਂਗੇ' ਨੂੰ 'ਹਮ ਯਹ ਨਹੀਂ ਹੋਣ ਦੇਂ' ਬੋਲਣਗੇ। 'ਕਿਥੇ ਜਾਂਦੇ ਹੋ' ਨੂੰ 'ਕੱਠੇ ਜਾਉ ਸੋ' ਬੋਲਣਗੇ।

ਪੋਠੋਹਾਰੀ, ਮੁਲਤਾਨੀ ਤੇ ਝਾਂਗੀ , ਤਿੰਨਾਂ ਉਪਬੋਲੀਆਂ ਨੂੰ ਮਿਲਾ ਕੇ ਲਹਿੰਦੀ ਜਾਂ ਲਹਿੰਦਾ ਦਾ ਨਾਂ ਵੀ ਦਿੱਤਾ ਜਾਂਦਾ ਹੈ। ਇਨ੍ਹਾਂ ਤਿੰਨਾਂ ਦੀ ਸ਼ਬਦਾਵਾਲੀ ਕਾਫ਼ੀ ਸਾਂਝੀ ਹੈ ਅਤੇ ਕ੍ਰਿਆ ਰੂਪ ਜਿਵੇਂ 'ਜਾਸੀ','ਖਾਸੀ' 'ਵੰਞਣਾ', ਆਦਿ ਅਤੇ ਲਾਂ (ੇ) ਦੀ ਵਾਧੂ ਵਰਤੋਂ ਜਿਵੇਂ 'ਕਰੇਂਦਾ', ਮਰੇਂਦਾ', ਆਦਿ ਇਕੋ ਜਿਹੇ ਵਰਤੇ ਜਾਂਦੇ ਹਨ। ਇਹ ਤਿੰਨੇ ਉਪਬੋਲੀਆਂ ਗੁਟ ਹਨ ਅਤੇ ਸੰਸਕ੍ਰਿਤ ਦੇ ਸਭ ਤੋਂ ਵੱਧ ਨੇੜੇ। 'ਇਕ ਦੀ ਥਾਂ' 'ਹਿਕ' ਵੀ ਇਸ ਸਾਰੇ ਇਲਾਕੇ ਵਿਚ ਇਕੋ ਜਿਹਾ ਵਰਤਿਆ ਜਾਂਦਾ ਹੈ।

ਉਨ੍ਹੀਵੀਂ ਸਦੀ ਈ. ਦੇ ਅੰਤ ਤਕ ਇਨ੍ਹਾਂ ਇਲਾਕਿਆਂ ਦੇ ਸਾਹਿੱਤਕਾਰ ਆਪਣੀਆਂ ਰਚਨਾਵਾਂ ਵਿਚ ਆਪਣੀ ਆਪਣੀ ਉਪਭਾਖਾ ਦੀ ਚੋਖੀ ਵਰਤੋਂ ਕਰਦੇ ਰਹੇ ਹਨ। ਪਰ ਵੀਹਵੀਂ ਸਦੀ ਈ. ਦੇ ਆਰੰਭ ਵਿਚ ਪੰਜਾਬੀ ਸਾਹਿੱਤ ਵਿਚ ਨਵੇਂ ਮੋੜ ਆਉਣ ਨਾਲ ਲਗਭਗ ਸਾਰੇ ਸਾਹਿੱਤਕਾਰ ਕੇਂਦਰੀ ਬੋਲੀ ਦੀ ਵਰਤੋਂ ਹੀ ਕਰਨ ਲਗ ਪਏ। ਉਨ੍ਹਾਂ ਦੀਆਂ ਰਚਨਾਵਾਂ ਵਿਚ ਸਥਾਨਕ ਭਾਖਾ ਦਾ ਪ੍ਰਭਾਵ ਨਾ ਮਾਤਰ ਹੀ ਰਹਿ ਗਿਆ ਹੈ।(ਲੇਖਕ : ਪ੍ਰਿੰ. ਗੁਰਦਿਤ ਸਿੰਘ ਪ੍ਰੇਮੀ)

1.6 ਗੁਰਮੁਖੀ ਲਿਪੀ ਦਾ ਨਿਕਾਸ ਤੇ ਵਿਕਾਸ

1.6.1 ਨਿਕਾਸ ਤੇ ਵਿਕਾਸ

ਲਿਪੀ ਮਾਨਵੀ ਸਭਿਆਚਾਰ ਦੇ ਬਾਕੀ ਪੱਖਾਂ ਵਾਂਗ ਮਨੁੱਖ ਸਿਰਜਿਤ ਵਰਤਾਰਾ ਹੈ। ਹਰੇਕ ਲਿਪੀ ਕਿਸੇ ਭਾਸ਼ਾ ਵਿਸ਼ੇਸ਼ ਦੀਆਂ ਲੋੜਾਂ ਅਨੁਸਾਰ ਹੀ ਆਪਣੀ ਹੋਂਦ ਬਣਾਉਂਦੀ ਹੈ ਪਰ ਇਹ ਬਹੁਤ ਹੀ ਸਹਿਜ ਵਰਤਾਰਾ ਹੈ।ਕਿਸੇ ਵੀ ਲਿਪੀ ਦੇ ਆਰੰਭ ਦਾ ਕੇਵਲ ਇਕ ਸ੍ਰੋਤ ਬਿੰਦੂ ਨਿਸ਼ਚਿਤ ਕਰਨਾ ਉਨਾਂ ਹੀ ਕਠਿਨ ਹੈ, ਜਿੰਨਾਂ ਇਹ ਕਹਿਣਾ ਕਿ ਕਿਸੇ ਸਭਿਅਤਾ ਦਾ ਮੂਲ ਸ੍ਰੋਤ ਇਕ ਹੀ ਵਿਅਕਤੀ ਹੈ।ਲਿਪੀ ਬਾਰੇ ਨਿਸ਼ਚਿਤ ਰੂਪ ਵਿਚ ਕੁੱਝ ਨਹੀਂ ਕਿਹਾ ਜਾ ਸਕਦਾ ਕਿ ਇਹ ਕਿਸੇ ਵਿਸ਼ੇਸ਼ ਸਮੇਂ ਜਾਂ ਸਥਾਨ 'ਤੇ ਬਣੀ ਹੈ। ਪਰ ਲਿਪੀ ਭਾਸ਼ਾ ਵਿਸ਼ੇਸ਼ ਦੀ ਪੁਸ਼ਾਕ ਹੁੰਦੀ ਹੈ। ਹਰੇਕ ਲਿਪੀ ਕਿਸੇ ਭਾਸ਼ਾ ਵਿਸ਼ੇਸ਼ ਨੂੰ ਧਿਆਨ ਵਿਚ ਰੱਖ ਕੇ ਹੀ ਵਿਕਸਿਤ ਹੁੰਦੀ ਹੈ। ਲੰਮੇ ਸਮੇਂ ਦੀ ਸਾਂਝ ਪਿੱਛੋਂ ਭਾਸ਼ਾ ਤੇ ਲਿਪੀ ਇਕਸਾਰ ਹੋ ਜਾਂਦੀਆਂ ਹਨ।ਫਿਰ ਦੋਹਾਂ ਦਾ ਨਾਤਾ ਅਟੁੱਟ ਹੋ ਜਾਂਦਾ ਹੈ।

ਪੰਜਾਬ ਦੀ ਬੋਲੀ ਦਾ ਨਾਂ 'ਪੰਜਾਬੀ' ਹੈ ਅਤੇ ਇਸ ਬੋਲੀ ਦੀ ਲਿਪੀ ਦਾ ਨਾਂ 'ਗੁਰਮੁਖੀ'। ਸ਼ਬਦ 'ਗੁਰਮੁਖੀ' ਦੇ ਅਰਥ 'ਗੁਰੂ ਦੇ ਮੁਖੋਂ ਨਿਕਲੀ ਜਾਂ ਗੁਰਮੁਖ ਦੀ ਰਚੀ ਹੋਈ ਲਿਪੀ' ਨੇ ਪੰਜਾਬੀ ਦੁਨੀਆ ਵਿੱਚ ਗ਼ਲਤ-ਫ਼ਹਿਮੀ ਪੈਦਾ ਕਰ ਦਿੱਤੀ ਕਿ ਇਹ ਇੱਕ ਸਿੱਖ ਲਿਪੀ ਹੈ ਤੇ ਇਸ ਨੂੰ ਗੁਰੂ ਅੰਗਦ ਦੇਵ ਜੀ ਨੇ ਬਣਾਇਆ ਹੈ। ਵਾਸਤਵ ਵਿੱਚ ਨਾ ਹੀ ਇਹ ਇੱਕ ਸਿੱਖ ਲਿਪੀ ਹੈ ਅਤੇ ਨਾ ਹੀ ਇਸ ਨੂੰ ਗੁਰੂ ਅੰਗਦ ਦੇਵ ਜੀ ਨੇ ਬਣਾਇਆ ਹੈ। ਗੁਰੂ ਸਾਹਿਬਾਂ ਨੇ ਮੁਸਲਮਾਨੀ ਰਾਜ ਸਮੇਂ, ਜਦੋਂ ਕਿ ਫ਼ਾਰਸੀ ਲਿਪੀ ਦਾ ਬੋਲ-ਬਾਲਾ ਸੀ, ਆਪਣੇ ਪਰਚਾਰ ਲਈ ਇਸ ਨੂੰ ਵਰਤ ਕੇ ਇਸ ਵਿੱਚ ਨਵੇਂ ਸਿਰਿਓਂ ਜਾਨ ਜ਼ਰੂਰ ਪਾਈ। ਇਸ ਕਰਕੇ, ਇਸ ਦਾ ਨਾਂ 'ਗੁਰਮੁਖੀ' ਪੈ ਗਿਆ ਅਤੇ ਇਸ ਦੇ ਅੱਖਰਾਂ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਆਈ—ਹਿੰਦੂ-ਸਿੱਖ-ਪਵਿੱਤਰ ਸਮਝਣ ਲੱਗ ਪਏ। ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਵਿੱਚ ਬੱਚਿਆਂ ਨੂੰ ਪੈਂਤੀ ਪੜ੍ਹਾਇਆ ਕਰਦੇ ਸਨ। ਉਨ੍ਹਾਂ ਨੇ ਤਾਂ ਇਸ ਲਿਪੀ ਨੂੰ ਅਸਾਨੀ ਨਾਲ ਸਿੱਖਣ ਲਈ ਬਾਲਬੋਧ ਬਣਾਇਆ ਨਾ ਕਿ ਇਹ ਲਿਪੀ।

ਪ੍ਰਾਚੀਨਤਾ : ਸਵਰਗਵਾਸੀ ਸ: ਜੀ. ਬੀ. ਸਿੰਘ ਆਪਣੀ ਪੁਸਤਕ 'ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ' ਵਿੱਚ ਦੂਜੇ-ਤੀਜੇ ਪੰਨੇ ਵਿੱਚ ਲਿਖਦੇ ਹਨ—"ਇਹ ਅੱਖਰ, ਜਿਨ੍ਹਾਂ ਨੂੰ ਅੱਜ ਕੱਲ੍ਹ 'ਗੁਰਮੁਖੀ' ਦਾ ਨਾਂ ਦਿੱਤਾ ਜਾਂਦਾ ਹੈ, ਅਸਲ ਵਿੱਚ ਬਹੁਤ ਪੁਰਾਣੇ ਹਨ। ਬਾਹਰਵੀਂ-ਤੇਹਰਵੀਂ ਸਦੀ ਤੋਂ ਇਹ ਮਾਲਵੇ, ਮਾਝੇ ਤੇ ਸਾਂਦਲ ਬਾਰ ਅਤੇ ਦੁਆਬਾ ਤੇ ਮੇਨ ਦੁਆਬ ਦੇ ਉੱਤਰੀ ਭਾਗ ਵਿੱਚ ਵਰਤੀਂਦੇ ਚਲੇ ਆਏ ਹਨ।ਅੱਖਰਾਂ ਦੇ ਬਣਾਉਣ ਵਾਲੇ ਪੰਜਾਬ ਦੇ ਹਿੰਦੂ ਵਪਾਰੀ ਅਤੇ ਉਨ੍ਹਾਂ ਦਾ ਪੜ੍ਹਿਆ ਲਿਖਿਆ ਤਬਕਾ ਸੀ। ਇਸ ਦੇ ਨਾਂ 'ਗੁਰਮੁਖੀਂ ਤੋਂ ਛੁੱਟ ਸਿੱਖਾਂ ਨੂੰ ਇਨ੍ਹਾਂ ਅੱਖਰਾਂ ਦੇ ਜਨਮ ਨਾਲ ਕੋਈ ਵਾਸਤਾ ਨਹੀਂ। ਜਿਵੇਂ ਪੰਜਾਬੀ ਬੋਲੀ ਕੋਈ ਸਿੱਖਾਂ ਦੀ ਹੀ ਮਲਕੀਅਤ ਨਹੀਂ ਤਿਵੇਂ 'ਗੁਰਮੁਖੀ' ਅੱਖਰ ਵੀ ਹਿੰਦੂਆਂ ਤੇ ਸਿੱਖਾਂ ਦਾ ਸਾਂਝਾ ਵਿਰਸਾ ਹਨ ਅਤੇ ਦੋਹਾਂ ਨੂੰ ਇਨ੍ਹਾਂ ਉੱਤੇ ਇੱਕੋ ਜਿਹਾ ਮਾਣ ਹੋਣਾ ਚਾਹੀਦਾ ਹੈ। 'ਗੁਰਮੁਖੀ' ਦਾ ਇੱਕ ਅੱਖਰ ਵੀ—ਇੱਕ ਲਗ ਮਾਤਰ ਤਕ ਵੀ—ਸ੍ਰੀ ਗੁਰੂ ਅੰਗਦ ਦੇਵ ਜੀ ਜਾਂ ਹੋਰ ਕਿਸੇ ਇੱਕ ਦਾ ਬਣਾਇਆ ਹੋਇਆ ਨਹੀਂ ਹੈ। ਨਾ ਹੀ ਕਿਸੇ ਨੇ ਉਨ੍ਹਾਂ ਦੀ ਵਰਨਮਾਲਾ ਦੀ ਪੁਰਾਣੀ ਤਰਤੀਬ ਵਿੱਚ ਫ਼ਰਕ ਪਾਇਆ ਹੈ ਅਤੇ ਨਾ ਗਿਣਤੀ ਹੀ ਵੱਧ-ਘੱਟ ਕੀਤੀ ਹੈ।"

ਨਿਕਾਸ ਤੇ ਵਿਕਾਸ : ਪੰਜਾਬ ਦੀ ਸੱਭਿਅਤਾ ਦੇ ਵਿਕਾਸ ਵਿੱਚ ਇੱਕ ਅਜਿਹਾ ਸਮਾਂ ਆਇਆ ਜਦ ਵਧ ਰਹੇ ਗਿਆਨ ਨੂੰ ਸਾਂਭਣ ਤੇ ਦੂਜਿਆਂ ਤਕ ਪੁਚਾਉਣ ਲਈ ਲਿਪੀ ਦੀ ਲੋੜ ਮਹਿਸੂਸ ਹੋਈ। ਹੋਰ ਲਿਪੀਆਂ ਵਾਂਗ 'ਗੁਰਮੁਖੀ' ਵੀ ਗੰਢ-ਲਿਪੀ, ਚਿੱਤਰ-ਲਿਪੀ, ਭਾਵ ਪ੍ਰਕਾਸ਼ਨ-ਲਿਪੀ ਤੇ ਚਿੰਨ੍ਹ-ਲਿਪੀ ਦੀਆਂ ਅਵਸਥਾਵਾਂ ਵਿੱਚੋਂ ਲੰਘ ਕੇ ਸੰਪੂਰਨ ਲਿਪੀ ਦੇ ਰੂਪ ਵਿੱਚ ਪੁੱਜੀ। ਇਸ ਸਬੰਧੀ ਨਵੀਨ ਖੋਜ ਦੱਸਦੀ ਹੈ ਕਿ ਗੁਰਮੁਖੀ ਲਿਪੀ ਵੀ ਹੋਰ ਲਿਪੀਆਂ—ਦੇਵਨਾਗਰੀ, ਬੰਗਾਲੀ, ਮਰਹੱਟੀ ਤੇ ਗੁਜਰਾਤੀ ਆਦਿ-ਵਾਂਗ ਬ੍ਰਹਮੀ ਲਿਪੀ ਤੋਂ ਨਿਕਲੀ ਹੈ। ਇਹ ਬ੍ਰਹਮੀ ਲਿਪੀ ਵਿੱਚੋਂ ਨਿਕਲ ਕੇ ਕਿਵੇਂ ਵਟਦੀ-ਬਦਲਦੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਚਣ ਸਮੇਂ ਅਜੋਕੇ ਪ੍ਰਚੱਲਤ ਰੂਪ ਵਿੱਚ ਪੁੱਜੀ? ਇਸ ਬਾਰੇ ਠੋਸ ਦਲੀਲਾਂ ਖੁਣੋਂ ਇਸ ਦੇ ਵਿਕਾਸ 'ਤੇ ਖੁੱਲ੍ਹ ਕੇ ਚਾਨਣਾ ਨਹੀਂ ਪਾਇਆ ਜਾ ਸਕਦਾ। ਹਾਂ, ਅੰਬਾਲਾ, ਕਾਂਗੜਾ, ਕਸ਼ਮੀਰ ਤੇ ਸ਼ਾਹਬਾਜ਼ ਦੀ ਗੜ੍ਹੀ (ਸਰਹੰਦ) ਤੋਂ ਮਿਲੀਆਂ ਪੁਰਾਣੀਆਂ ਲਿਖਤਾਂ ਕਿਸੇ-ਨ-ਕਿਸੇ ਲਿਪੀ ਦੀ ਹੋਂਦ ਦੀ ਗਵਾਹੀ ਜ਼ਰੂਰ ਦਿੰਦੀਆਂ ਹਨ। ਹੋ ਸਕਦਾ ਹੈ ਕਿ ਪੰਜਾਬ ਦੇ ਸਭ ਤੋਂ ਪੁਰਾਣੇ ਤੇ ਪਹਿਲੇ ਅੱਖਰ ਲੰਡੇ (ਛਾਂਗੇ ਹੋਏ—ਮਾਤਰਾ ਤੋਂ ਰਹਿਤ) ਹੋਣ ਜਿਨ੍ਹਾਂ ਵਿੱਚ ਵਪਾਰੀ ਹੁਣ ਤੀਕ ਆਪਣਾ ਹਿਸਾਬ ਲਿਖਦੇ ਹਨ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀ ਭਾਈ ਗੁਰਦਾਸ ਜੀ ਨੇ ਇਸ ਵਿੱਚ ਕੁਝ ਕੁ ਲੋੜੀਂਦੀਆਂ ਤਬਦੀਲੀਆਂ ਕੀਤੀਆਂ। ਇਸ ਤੋਂ ਪਿੱਛੋਂ, ਜਦੋਂ ਫ਼ਾਰਸੀ ਦੇ ਪ੍ਰਭਾਵ ਨਾਲ ਪੰਜਾਬੀ ਵਿੱਚ ਪੰਜ ਨਵੀਆਂ ਅਵਾਜ਼ਾਂ ਪ੍ਰਚੱਲਤ ਹੋ ਗਈਆਂ ਤਾਂ ਵਿਦਵਾਨਾਂ ਨੇ ਅੰਗਰੇਜ਼ੀ ਰਾਜ ਦੇ ਸਮੇਂ ਪੰਜ ਅੱਖਰਾਂ ਥੱਲੇ ਬਿੰਦੀ ਲਾ ਕੇ-ਸ਼, ਖ਼, ਗ਼, ਜ਼ ਤੇ ਫ਼-ਪੰਜ ਨਵੇਂ ਅੱਖਰ ਬਣਾ ਦਿੱਤੇ। ਇਸ ਤਰ੍ਹਾਂ ਅੱਖਰਾਂ ਦੀ ਗਿਣਤੀ ਪੈਂਤੀ ਤੋਂ ਚਾਲ੍ਹੀ ਹੋ ਗਈ। ਪੰਜਾਬ ਦੀ ਵੰਡ ਤੋਂ ਬਾਅਦ 'ਲ' ਦੀ ਤਾਲਵੀਂ ਅਵਾਜ਼ ਲਈ ਇਸ (ਲ) ਦੇ ਥੱਲੇ ਬਿੰਦੀ (ਲ਼) ਲਿਖਣ ਦਾ ਰਿਵਾਜ ਪਿਆ। ਇਸ ਲਈ ਹੁਣ ਅੱਖਰਾਂ ਦੀ ਕੁੱਲ ਗਿਣਤੀ 41 ਹੋ ਗਈ ਹੈ।

ਭਾਵੇਂ ਪੰਜਾਬੀ ਲਿਖਣ ਲਈ ਮੁਸਲਮਾਨਾਂ ਨੇ ਫ਼ਾਰਸੀ ਲਿਪੀ, ਹਿੰਦੂਆਂ ਨੇ ਦੇਵਨਾਗਰੀ ਲਿਪੀ ਤੇ ਪਾਦਰੀਆਂ ਨੇ ਰੋਮਨ ਲਿਪੀ ਵਰਤੀ ਹੈ ਪਰ ਗੁਰਮੁਖੀ ਲਿਪੀ ਸਾਰੀਆਂ ਲਿਪੀਆਂ ਨਾਲੋਂ ਵਧੇਰੇ ਵਿਗਿਆਨਕ ਤੇ ਗੁਣਦਾਇਕ ਹੈ। ਛੁੱਟ ਇਸ ਦੇ ਹੋਰ ਕੋਈ ਵੀ ਲਿਪੀ ਪੰਜਾਬੀ ਬੋਲੀ ਦੇ ਸ਼ਬਦਾਂ ਤੇ ਉਨ੍ਹਾਂ ਦੇ ਉਚਾਰਨਾਂ ਨੂੰ ਠੀਕ ਤਰ੍ਹਾਂ ਨਹੀਂ ਪ੍ਰਗਟਾ ਸਕਦੀ। ਇਸ ਵਿੱਚ ਇੱਕ ਅਵਾਜ਼ ਲਈ ਇੱਕ ਅੱਖਰ ਹੈ ਅਤੇ ਇੱਕ ਅੱਖਰ ਕੇਵਲ ਇੱਕੋ ਅਵਾਜ਼ ਨੂੰ ਦਰਸਾਉਂਦਾ ਹੈ। ਅੰਗਰੇਜ਼ੀ ਵਾਂਗ ਕਿਧਰੇ ਕੋਈ ਅੱਖਰ ਅਵਾਜ਼- ਰਹਿਤ (ਸ਼ਿਲਣਟ) ਨਹੀਂ ਹੁੰਦਾ। ਇਸ ਤਰ੍ਹਾਂ ਇਸ ਵਿੱਚ ਹੁਣ ਪੰਜਾਬੀ ਦੀਆਂ ਸਾਰੀਆਂ ਅਵਾਜ਼ਾਂ, ਜਿਨ੍ਹਾਂ ਦੀ ਗਿਣਤੀ 41 ਹੈ, ਨੂੰ ਪ੍ਰਗਟਾਉਣ ਲਈ 41 ਅੱਖਰ ਮੌਜੂਦ ਹਨ। ਹਰ ਇੱਕ ਅੱਖਰ ਦੀ ਸ਼ਕਲ ਸਾਦੀ ਤੇ ਨਵੇਕਲੀ ਜਿਹੀ ਹੈ ਅਤੇ ਕਿਸੇ ਹੋਰ ਨਾਲ ਨਹੀਂ ਰਲਦੀ। ਬਹੁਤ ਸਾਰੇ ਅੱਖਰ ਕੱਦ ਵਜੋਂ ਛੁਟੇਰੇ ਤੇ ਬਿਨਾਂ ਕਲਮ ਚੁੱਕੇ ਲਿਖੇ ਜਾ ਸਕਣ ਕਾਰਣ, ਫੁਰਤੀ ਨਾਲ ਲਿਖੇ ਜਾ ਸਕਦੇ ਹਨ। ਇਨ੍ਹਾਂ ਵਿੱਚ ਲਿਖੀ ਲਿਖਤ ਨੂੰ ਪੜ੍ਹਨ ਵਿੱਚ ਕਿਸੇ ਕਿਸਮ ਦੀ ਕੋਈ ਗ਼ਲਤੀ ਨਹੀਂ ਹੋ ਸਕਦੀ। ਗੁਰਮੁਖੀ ਲਿਪੀ ਦੀ ਸਮਰੱਥਾ ਇਸ ਗੱਲੋਂ ਵੀ ਪ੍ਰਗਟ ਹੈ ਕਿ ਅਸੀਂ ਲਗਭਗ ਹਰ ਭਾਸ਼ਾ ਨੂੰ ਇਸ ਲਿਪੀ ਵਿੱਚ ਠੀਕ ਤਰ੍ਹਾਂ ਲਿਖ ਸਕਦੇ ਹਾਂ ਜਦ ਕਿ ਸੰਸਾਰ ਦੀਆਂ ਕਈ ਪ੍ਰਮੁੱਖ ਭਾਸ਼ਾਵਾਂ ਦੀਆਂ ਲਿਪੀਆਂ ਵਿੱਚ ਇਹ ਗੁਣ ਮੌਜੂਦ ਨਹੀਂ। ਮੁਕਦੀ ਗੱਲ ਇਹ ਕਿ ਪੰਜਾਬੀ ਬੋਲੀ ਨੂੰ ਸ਼ੁੱਧ ਲਿਖਣ ਲਈ ਤੇ ਠੀਕ ਪੜ੍ਹਨ ਲਈ ਇਹ ਹੀ ਇੱਕ ਸਹੀ ਤੇ ਢੁੱਕਵੀਂ ਲਿਪੀ ਹੈ। ਇਨ੍ਹਾਂ ਗੁਣਾਂ ਕਰਕੇ ਹੀ ਨਾ ਕੇਵਲ ਗੁਰੂ ਸਾਹਿਬਾਂ ਨੇ ਸਗੋਂ ਪੰਜਾਬ ਦੇ ਬਹੁਤ ਸਾਰੇ ਲਿਖਾਰੀਆਂ ਨੇ ਵੀ ਆਪਣੇ ਵਿਚਾਰਾਂ ਨੂੰ ਇਨ੍ਹਾਂ ਅੱਖਰਾਂ ਦਾ ਪਹਿਰਾਵਾ ਦਿੱਤਾ। ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਗੁਰਮੁਖੀ ਹੀ ਪੰਜਾਬੀ ਵਾਸਤੇ ਅਨੁਕੂਲ ਲਿਪੀ ਹੈ। ਪੰਜਾਬੀ ਭਾਸ਼ਾ ਦੀ ਲਿਖਤ ਲਈ ਕਿਸੇ ਹੋਰ ਲਿਪੀ ਦਾ ਸਹਾਰਾ ਲੈਣਾ ਯੋਗ ਨਹੀਂ। ਦੇਵਨਾਗਰੀ ਜਾਂ ਕੋਈ ਹੋਰ ਲਿਪੀ ਇਸ ਭਾਸ਼ਾ ਨਾਲ ਇਨਸਾਫ਼ ਨਹੀਂ ਕਰ ਸਕਦੀ।